# ਵੀਰ ਸੁਨੇਹੜੇ

(ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪੱਤਰ-ਪ੍ਰਵਚਨ)

**ਭਾਈ ਸਾਹਿਬ ਭਾਈ ਵੀਰ ਸਿੰਘ**

*-ਸੰਪਾਦਕ-*

**ਕਰਨਲ ਜਗਜੀਤ ਸਿੰਘ ਗੁਲੇਰੀਆ**

**ਭਾਈ ਵੀਰ ਸਿੰਘ ਸਾਹਿਤ ਸਦਨ**

ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ, ਨਵੀਂ ਦਿੱਲੀ-110001

 www.sikhbookclub.com

Vir Suneherre

*Bhai Vir Singh*
Edited by Colonel Jagjit Singh Guleria

ISBN # 978-93-80854-00-7

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਨਵੀਂ ਐਡੀਸ਼ਨ, ਜੁਲਾਈ, 2010

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

***Printer:***
Print Media
1331, Chok Sangatrashan,
Paharganj, New Delhi - 110055
(m) 9810765258

ਮੁੱਲ : 90/- ਰੁਪਏ

 www.sikhbookclub.com

## ਤੀਜੀ ਐਡੀਸ਼ਨ
## ਛਪਦੇ ਛਪਦੇ

**ਇਹ** ਹਥਲੀ ਇਸ ਪੁਸਤਕ ਦੀ ਤੀਸਰੀ ਐਡੀਸ਼ਨ ਹੈ। ਇਹ ਕੰਮਪਯੂਟ੍ਰਾਈਜ਼ ਕਰ ਦਿੱਤੀ ਹੈ। ਛਪਾਈ ਵਾਸਤੇ ਭੇਜਣ ਤੋਂ ਪਹਿਲੇ ਸਾਨੂੰ ਭਾਈ ਵੀਰ ਸਿੰਘ ਜੀ ਦੇ ਕੁਝ ਪੱਤਰ ਮੂਲ ਰੂਪ ਵਿਚ ਦਿੱਲੀ ਨਿਵਾਸੀ ਸ. ਗੁਲਸ਼ਨਬੀਰ ਸਿੰਘ ਜੀ ਪਾਸੋਂ ਪ੍ਰਾਪਤ ਹੋਏ ਹਨ ਜੋ ੧੯੩੫ ਈ. ਤੋਂ ਉਹਨਾਂ ਦੇ ਪਿਤਾ ਸੁਰਗਵਾਸੀ ਸ. ਮਧੁਸੂਦਨ ਸਿੰਘ ਜੀ ਦੇ ਪਾਸ ਸਨ। ਪਿੱਛੋਂ ਇਹਨ੍ਹਾਂ ਪੱਤਰਾਂ ਦਾ ਜ਼ਿੰਮਾ ਉਹਨਾਂ ਦੀ ਭੈਣ ਸੁਰਗਵਾਸੀ ਬੀਬੀ ਪ੍ਰਕਾਸ਼ ਕੌਰ ਜੀ ਕੋਲ ਚਲਾ ਗਿਆ ਸੀ। ਕੁਝ ਪੱਤਰ ਸਾਨੂੰ ਭਾਈ ਸਾਹਿਬ ਦੇ ਸ਼ਰਧਾਲੂ ਸ੍ਰੀ ਹਰੀ ਰਾਮ ਕਪੂਰ ਜੀ ਦੀ ਸਪੁੱਤਰੀ ਬੀਬੀ ਤ੍ਰਿਪਤ ਉਬਰਾਏ ਜਿਨ੍ਹਾਂ ਨੇ ਭਾਈ ਸਾਹਿਬ ਦੇ ਇਨ੍ਹਾਂ ਪੱਤਰਾਂ ਨੂੰ ਆਪਣੇ ਕੋਲ ਸੰਭਾਲ ਕੇ ਰੱਖਿਆ ਹੋਇਆ ਸੀ ਅਤੇ ਪਿਛਲੇ ਦਿਨੀਂ ਉਹਨਾਂ ਦੇ ਸਪੁੱਤਰ ਪੂਨਾ ਨਿਵਾਸੀ ਸ੍ਰੀ ਹੇਮੰਤ ਉਬਰਾਏ ਸਾਡੇ ਕੋਲ ਆਪ ਇਹ ਪੱਤਰ ਲੈ ਕੇ ਆਏ ਸਨ। ਸਦਨ ਨੇ ਇਨ੍ਹਾਂ ਪੱਤਰਾਂ ਦੇ ਦਰਸ਼ਨ-ਦੀਦਾਰੇ ਕਰ ਤੱਤਛਿਣ, ਇਨ੍ਹਾਂ ਨੂੰ ਪ੍ਰਕਾਸ਼ਿਤ ਕਰਨ ਦਾ ਨਿਰਣਾ ਲਿਆ। ਸਦਨ, ਦਿੱਲੀ ਨਿਵਾਸੀ ਸ. ਗੁਲਸ਼ਨਬੀਰ ਸਿੰਘ ਜੀ ਅਤੇ ਪੂਨਾ ਨਿਵਾਸੀ ਉਬਰਾਏ ਪਰਿਵਾਰ ਦਾ ਤਹਿਦਿਲੋਂ ਧੰਨਵਾਦੀ ਹੈ ਜਿੰਨ੍ਹਾਂ ਨੇ ਭਾਈ ਸਾਹਿਬ ਦੇ ਪੱਤਰ-ਸਾਹਿਤ ਦੀ ਇੰਨੇ ਲੰਮੇ ਸਮੇਂ ਤੱਕ ਸੰਭਾਲ ਕੀਤੀ ਅਤੇ ਇਨ੍ਹਾਂ ਯਾਦਗਾਰੀ ਪੱਤਰਾਂ ਨੂੰ ਸਾਨੂੰ ਸਮੁਚਿਤ ਸੰਭਾਲ ਕਰਨ ਲਈ ਭੇਟ ਕੀਤਾ ਹੈ। ਅਸੀਂ ਇਹਨਾਂ ਪੱਤਰਾਂ ਨੂੰ ਉਨ੍ਹਾਂ ਦੇ ਮਿਤੀ-ਕ੍ਰਮ ਅਨੁਸਾਰ ਪੁਸਤਕ ਦੇ ਫੁਟਕਲ ਪੱਤਰਾਂ ਤੋਂ ਬਾਅਦ '**ਨੇਹੀ ਤੰਦੜੀਆਂ**' ਦੇ ਸ਼ੀਰਸ਼ਕ ਹੇਠ ਪ੍ਰਕਾਸ਼ਤ ਕਰ ਰਹੇ ਹਾਂ। ਇਨ੍ਹਾਂ ਪੱਤਰਾਂ ਦੀ ਖ਼ਾਸੀਅਤ ਇਹ ਹੈ ਕਿ ਇਸ ਵਿਚ ਭਾਈ ਸਾਹਿਬ ਦੇ ਹਸਤ-ਲਿਖਤ ਪੱਤਰਾਂ ਦੇ ਅਸਲਸਰੂਪ ਦੀਆਂ ਤਸਵੀਰਾਂ ਨਮੂਨੇ ਵਜੋਂ ਸ਼ਾਮਿਲ ਕੀਤੀਆਂ ਗਈਆਂ ਹਨ।

ਭਾਈ ਸਾਹਿਬ ਦੇ ਭਰਾਤਾ ਡਾ. ਬਲਬੀਰ ਸਿੰਘ ਜੀ ਨੇ ੧੩-੬-੧੯੫੭ ਨੂੰ ਇਕ ਪੱਤਰ ਸਤਸੰਗੀਆਂ ਵੱਲ ਸਾਂਝਾ ਲਿਖਿਆ ਸੀ, ਜਿਸ ਵਿਚ ਭਾਈ ਵੀਰ ਸਿੰਘ ਜੀ ਦੇ ਪੰਚ ਭੌਤਕ ਸਰੀਰ ਨੂੰ ਛੱਡ ਕੇ ਗੁਰੂ ਗੋਦੀ

ਵਿਚ ਜਾ ਬਿਰਾਜਨ ਦਾ ਜ਼ਿਕਰ ਹੈ ਅਤੇ ਨਾਲ ਹੀ ਲਗਾਏ ਗਏ ਦੂਜੇ ਪੱਤਰ ਵਿਚ ਸਤਸੰਗੀਆਂ ਵਲੋਂ ਹਮਦਰਦੀ ਭਰੇ ਸੰਦੇਸ਼ ਪਹੁੰਚਣ ਤੇ ਕੀਤੇ ਧੰਨਵਾਦ ਦਾ ਜ਼ਿਕਰ ਹੈ।

ਕੋਸ਼ਿਸ਼ ਕੀਤੀ ਗਈ ਹੈ ਕਿ ਭਾਈ ਸਾਹਿਬ ਜੀ ਦੀ ਸ਼ਬਦਾਵਲੀ ਨੂੰ ਨਾ ਬਦਲਿਆ ਜਾਵੇ ਇਸ ਲਈ ਇਹ ਛਪਾਈ ਦੀ ਤਰੁਟੀ ਨਾ ਸਮਝੀ ਜਾਵੇ। ਆਸ ਹੈ ਕਿ ਇਹ ਪੱਤਰ ਉਹਨਾਂ ਖੋਜੀ ਵਿਦਵਾਨਾਂ ਲਈ ਮਹੱਤਵਪੂਰਨ ਸਾਬਿਤ ਹੋਣਗੇ ਜੋ ਭਾਈ ਸਾਹਿਬ ਦੇ ਪਰਿਵਾਰਿਕ ਜੀਵਨ ਅਤੇ ਓਹਨਾਂ ਦੇ ਸਨੇਹੀਆਂ ਬਾਰੇ ਜਾਣਨ ਦੀ ਦਿਲਚਸਪੀ ਰੱਖਦੇ ਹਨ।

ਸਦਨ ਆਪਣੇ ਪਾਠਕਾਂ ਅਤੇ ਸ਼ਰਧਾਲੂਆਂ ਨੂੰ ਬਿਨੈ ਕਰਦਾ ਹੈ ਕਿ ਜੇਕਰ ਕਿਸੇ ਕੋਲ ਵੀ ਭਾਈ ਸਾਹਿਬ ਕ੍ਰਿਤ ਕੋਈ ਵੀ ਰਚਨਾ ਜਾਂ ਪੱਤਰ ਅਣਛਪੇ ਪਏ ਹੋਣ ਜਾਂ ਕੋਈ ਦੁਰਲੱਭ ਵਸਤਾਂ ਹੋਣ ਤਾਂ ਤਤਕਾਲ ਸਦਨ ਨਾਲ ਸੰਪਰਕ ਕਰਣ। ਸਦਨ ਅਜਿਹੇ ਪਾਠਕਾਂ ਦਾ ਹਮੇਸ਼ਾਂ ਤਹਿਦਿਲੋਂ ਰਿਣੀ ਹੋਵੇਗਾ। ਇਨ੍ਹਾਂ ਪੱਤਰਾਂ ਦੇ ਮੂਲ ਸਰੂਪ ਨੂੰ ਸੰਪਾਦਿਤ ਕਰਨ ਲਈ ਸਦਨ ਦੀ ਖੋਜ ਸਹਾਇਕ ਬੀਬੀ ਮਨਿੰਦਰ ਕੌਰ ਨੇ ਆਪਣਾ ਸਹਿਯੋਗ ਦਿੱਤਾ ਹੈ। ਸਦਨ ਦੇ ਖ਼ਜ਼ਾਨਚੀ ਸਰਦਾਰ ਦਲੀਪ ਸਿੰਘ ਜੀ ਨੇ ਇਸ ਤੀਸਰੀ ਐਡੀਸ਼ਨ ਨੂੰ ਦੁਬਾਰਾ ਛਾਪਣ ਅਤੇ ਇਹਨਾਂ ਅਣਛਪੇ ਪੱਤਰਾਂ ਨੂੰ ਸ਼ਾਮਿਲ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ, ਉਸ ਲਈ ਸਦਨ ਉਹਨਾਂ ਦਾ ਤਹਿਦਿਲੋਂ ਧੰਨਵਾਦੀ ਹੈ।

ਭਾਈ ਵੀਰ ਸਿੰਘ ਸਾਹਿਤ ਸਦਨ
ਨਵੀਂ ਦਿੱਲੀ, 2010

**–ਡਾ. ਜਸਵੰਤ ਸਿੰਘ ਨੇਕੀ**
ਜਨਰਲ ਸਕੱਤਰ


www.sikhbookclub.com

# ਮੁਖ ਬੰਦ

**ਵੀਹਵੀਂ** ਸਦੀ ਵਿੱਚ ਇਨਸਾਨ ਨੇ ਬਾਹਰੀ ਦੁਨੀਆਂ ਵਿੱਚ ਬੜੀ ਤਰੱਕੀ ਕੀਤੀ ਹੈ। ਪਰ ਅੰਦਰਲੀ ਦੁਨੀਆ ਸੁਨਸਾਨ ਹੈ ਜਿਸ ਵਿੱਚ ਨਾਉਮੀਦੀ, ਦੁਖ, ਉਲਝਨਾਂ, ਕਲੇਸ਼ ਤੇ ਘਬਰਾਹਟ ਦੇ ਬੂਟੇ ਲਹਿਲਹਾ ਰਹੇ ਹਨ।

ਪੱਛਮੀ ਸਭਿਅਤਾ ਨੇ ਸਾਡੀਆਂ ਅੱਖਾਂ ਏਨੀਆਂ ਚੁੰਧਿਆ ਦਿੱਤੀਆਂ ਹੈਨ ਕਿ ਸਾਨੂੰ ਆਪਣੇ ਹੀ ਹੱਥ ਪੈਰ ਨਹੀ ਦਿੱਸਦੇ। ਦਿਮਾਗੀ ਫ਼ਲਸਫ਼ਿਆਂ ਨੇ ਸਾਨੂੰ ਤੇ ਕੀ ਦੇਣਾ ਸੀ ਸਗੋਂ ਬੰਦੇ ਦਾ ਬੰਦਾ ਵੈਰੀ ਬਣ ਗਿਆ ਹੈ। ਤਨ ਚੰਚਲ ਹੋ ਗਏ ਹਨ ਤੇ ਮਨ ਬੇਚੈਨ।

**"ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥**
**ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥"**
(ਵਾਰ ਮਾਝ, ਪੰਨਾ ੧੪੫)

ਪੱਛਮੀ ਸਭਿਅਤਾ ਨੇ ਦੇਣਾ ਤੇ ਕੀ ਸੀ – ਜੋ ਕੁਝ ਅੱਛਾ ਸੀ ਉਹ ਵੀ ਖੋਹ ਲਿਆ। ਇਨਸਾਨ ਦੇ ਦੁਖ, ਤਨ ਦੇ ਤੇ ਮਨ ਦੇ ਯਾ ਦੋਨਾਂ ਦੇ, ਹੁੰਦੇ ਹਨ। ਏਹ ਦੋਨੋ ਗੁਰਮਤ ਅਨੁਸਾਰ ਆਪਨੀ ਹੀ ਪ੍ਰਾਲਭਦ ਦੇ ਹੁੰਦੇ ਹੈਨ।

**"ਜੋ ਮੈ ਕੀਆ ਸੋ ਮੈ ਪਾਇਆ**
**ਦੋਸੁ ਨ ਦੀਜੈ ਅਵਰ ਜਨਾ॥੨੧॥"**
(ਰਾਗ ਆਸਾ ਮਹਲਾ ੧ ਪਟੀ ਲਿਖੀ-ਪੰਨਾ ੪੩੩)

**"ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ"**
(ਪੰਨਾ ੪੩੩)

ਜਦੋਂ ਇਨਸਾਨ ਜ਼ਿੰਦਗੀ ਦੀਆਂ ਦੁਖਾਂ ਤੇ ਸੁਖਾਂ ਦੀਆਂ ਘਾਟੀਆਂ ਵਿਚੋਂ ਲੰਘਦਾ ਹੈ ਉਦੋਂ ਸੁਖਾਂ ਵੇਲੇ ਇਕ ਨਸ਼ੇ ਵਿੱਚ ਆਕੇ ਭੁਲ ਜਾਂਦਾ ਹੈ ਕਿ:

**"ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥"**
(ਸ: ਫਰੀਦ-੩੮, ਪੰਨਾ ੧੩੭੯)

 www.sikhbookclub.com

**"ਫਰੀਦਾ ਅਮਲ ਜਿ ਕੀਤੇ ਦੁਨੀ**
**ਵਿਚਿ ਦਰਗਹ ਆਏ ਕੰਮਿ॥੧੦੦॥"**
(ਪੰਨਾ ੧੩੮੩)

ਤੇ ਭੁਲ ਜਾਂਦਾ ਹੈ ਕਿ-

**"ਭਈ ਪ੍ਰਾਪਤਿ ਮਾਨੁਖ ਦੇਹੁਰੀਆ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ॥**
**ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ"॥**
(ਆਸਾ ਮ:੫, ਪੰਨਾ ੧੨)

ਜਦੋਂ ਦੁਖ ਦਾ ਸਮਾਂ ਆਉਂਦਾ ਹੈ ਤੇ ਜੇ ਸਤਿਗੁਰ ਮੇਹਰ ਕਰਨ ਤੇ ਉਹੀ ਦੁਖ ਦਾਰੂ ਬਣ ਜਾਂਦੇ ਹਨ ਤੇ ਜੇ ਭਰੋਸਾ ਨ ਹੋਏ ਤਾਂ ਯਾ ਤੇ ਬੰਦਾ ਆਪਣੀ ਤਕਦੀਰ ਤੇ ਰੱਬ ਨੂੰ ਕੋਸਦਾ ਰਹਿੰਦਾ ਹੈ ਯਾ ਉਸਦਾ ਰਸਤਾ ਸਿਰਫ਼ (Tranquillizers) ਜਾਂ (Psychiatrist) ਦੇ ਕਾਉਚ ਦੇ ਸਹਾਰੇ ਲੰਘਦਾ ਹੈ।

ਅਜਕਲ ਦਾ ਸਮਾਂ ਔਖਾ ਹੈ। ਘੋਰ ਕਲਜੁਗ ਨੇ ਬਿਰਤੀਆਂ ਵਿਗਾੜ ਦਿੱਤੀਆਂ ਹਨ, ਮੱਤ ਉਤੇ ਪਰਦਾ ਪਾ ਦਿਤਾ ਹੈ। ਸਾਨੂੰ ਜ਼ਰੂਰਤ ਹੈ ਮੁੜ ਉਸ ਸਹਾਰੇ ਦੀ ਜਿਸਨੂੰ ਅਸੀਂ ਪੱਛਮੀ ਸਭਿਅਤਾ ਦੇ ਨਸ਼ੇ ਹੇਠਾਂ ਕਦੇ ਦਾ ਛੱਡ ਚੁੱਕੇ ਹਾਂ ਤੇ ਸਿਰਫ ਕਰਮ ਕਾਂਡੀ ਰਸਮਾਂ ਨੂੰ ਹੀ ਅਸਲੀ ਸਹਾਰਾ ਸਮਝ ਕੇ ਠੇਡੇ ਖਾ ਰਹੇ ਹਾਂ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨਾਲ ਮੇਰੀ ਪਹਿਲੀ ਮੁਲਾਕਾਤ ੧੯੪੧ ਵਿੱਚ ਹੋਈ। ਉਹ ਆਪਣੀ ਕੋਠੀ ਦੇ ਬਗੀਚੇ ਵਿਚ ਦਰੱਖਤ ਦੀ ਛਾਂ ਹੇਠ ਬੈਠੇ ਲਿਖ ਰਹੇ ਸਨ। ਇਕ ਸ਼ਾਂਤ ਵਾਤਾਵਰਨ ਸੀ। ਭਾਈ ਸਹਿਬ ਦਾ ਸੰਤ ਰੂਪੀ ਚਿਹਰਾ ਜਲਾਲ ਵਿਚ ਰਹਿੰਦਾ ਸੀ। ਗੱਲਾਂ ਵਿੱਚ ਮੈਂ ਇਕ ਸਵਾਲ ਪੁਛਿਆ ਕਿ ਜੋ ਮਨ ਉਡਨ ਪੰਖੇਰੂ ਬਣਦਾ ਹੈ ਉਸ ਉਤੇ ਕਾਬੂ ਕਿਸ ਤਰ੍ਹਾਂ ਪਾਇਆ ਜਾਏ? ਭਾਈ ਸਾਹਿਬ ਨੇ ਬੜੀ ਮਿੱਠੀ ਤੇ ਬੜੀ ਹੀ ਧੀਮੀ ਆਵਾਜ਼ ਵਿਚ ਉਤ੍ਰ ਦਿੱਤਾ ਕਿ ਸਾਈਕਲ ਤਾਂ ਹੀ ਖੜਾ ਹੁੰਦਾ ਹੈ ਜੇ ਉਸਦੇ ਹੇਠਾਂ ਸਟੈਂਡ ਲੱਗਾ ਹੋਵੇ ਯਾ ਉਸ ਉਤੇ ਸਵਾਰੀ ਕੀਤੀ ਜਾਏ- ਨਹੀਂ ਤੇ ਸਾਈਕਲ ਗਿਰ ਜਾਂਦਾ ਹੈ। ਸਟੈਂਡ ਹੈ ਨਾਮ ਤੇ ਸਵਾਰੀ ਹੈ ਗੁਰਮਤਾ।

 www.sikhbookclub.com

ਭਾਈ ਸਾਹਿਬ, ਸਤਿਗੁਰਾਂ ਦੀ ਸਿਖਿਆ, ਨਾਮ ਉਤੇ ਬੜਾ ਹੀ ਜ਼ੋਰ ਦਿੰਦੇ ਸੀ। ਕਹਿੰਦੇ ਸੀ ਕਿ ਹੋਰ ਸਭ ਕਰਮ ਕਾਂਡ ਫੋਕੇ ਹੈਨ। ਸ੍ਰੀ ਬਾਬਾ ਨੰਦ ਸਿੰਘ ਜੀ ਫੁਰਮਾਉਂਦੇ ਹੁੰਦੇ ਸੀ ਕਿ ਨਾਮ ਹੈ ਸਭੋ ਕੁਝ ਹੈ ਤੇ ਜੇ ਨਾਮ ਨਹੀਂ ਤਾਂ ਕੁਝਵੀ ਨਹੀਂ। ਸਭ ਚੰਗੇ ਕਰਮ ਸਿਫ਼ਰ ਹੈਨ ਤੇ ਜੇ ਨਾਮ ਦਾ ਏਕਾ ਨਾਲ ਲਗ ਜਾਏ ਤਾਂ ਇਕ ਸਿਫ਼ਰ ਦਸ ਤੇ ਦੋ ਸਿਫ਼ਰਾਂ ਸੌ ਹੋ ਜਾਂਦੀਆਂ ਹੈਨ।

ਨਾਮ ਜਪਣਾ, ਬਾਰ ਬਾਰ ਜਪਣਾ, ਮਨ ਨਾਲ, ਜੀਭਾ ਨਾਲ ਹਰ ਵੱਕਤ, ਚਲਦੇ ਫਿਰਦੇ, ਕੰਮ ਕਰਦੇ

**"ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥**
**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥"**
(ਜਪਜੀ ੩੨)

ਏਹ ਸਤਗੁਰਾਂ ਦੀ ਸਿਖਿਆ ਨੂੰ ਭਾਈ ਸਾਹਿਬ ਸਭ ਤੋਂ ਜ਼ਿਆਦਾ ਜ਼ੋਰ ਦਿੰਦੇ ਸੀ- ਉਹ ਆਪ ਜਪਦੇ ਤੇ ਸਾਨੂੰ ਪ੍ਰੇਰਨਾ ਕਰਦੇ ਸੀ।

**"ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ॥"**
(ਸੁਖਮਨੀ, ਪੰਨਾ ੨੯੦)

ਪੜ੍ਹੀ ਗਏ ਤੇ ਸਿਮਰਿਆ ਨਾ, ਇਹ ਸਿੱਖੀ ਨਹੀਂ , ਇਹ ਤੇ ਹੁਕਮ ਅਦੂਲੀ ਹੈ। ਜੇ ਇਕ ਬੰਦਾ ਇਕ ਸਫਰਨਾਮੇ ਨੂੰ ਪੜੀ ਜਾਏ ਤੇ ਆਪ ਜਾਨ ਦੀ ਤਿਆਰੀ ਨ ਕਰੇ ਉਸ ਬੰਦੇ ਨੂੰ ਅਸੀਂ ਕੀ ਕਹਾਂਗੇ। ਭਾਈ ਸਾਹਿਬ ਜ਼ੋਰ ਦੇ ਕੇ ਕਹਿੰਦੇ ਸੀ ਕਿ ਭਾਈ ਸਵਾਸ ਸੰਭਾਲ। ਏਹ ਵੇਲਾ ਫੇਰ ਨਹੀਂ ਹੱਥ ਆਉਣਾ। ਜੇ ਨਾਮ ਨਹੀਂ ਜਪਿਆ ਤਾਂ .....

**"ਏਕੁ ਰਤੀ ਬਿਨੁ ਏਕ ਰਤੀ ਕੇ"॥**

ਨਾਮ ਹੀ ਸਿੱਖ ਦੀ ਸ਼ਕਤੀ ਸੀ ਤੇ ਨਾਮ ਹੀ ਸਿੱਖ ਦੀ ਸ਼ਕਤੀ ਬਣ ਸਕਦਾ ਹੈ। ਅਸੀਂ ਨਿਤਾਣੇ ਕਿਉਂ ਹਾਂ? ਕਿਉਂ ਬਾਹਰਲੇ ਆਸਰੇ ਲੱਭਦੇ ਹਾਂ? ਇਸ ਲਈ ਕਿ ਨਾਮ ਤੋਂ ਟੁੱਟੇ ਨੂੰ ਨਾ ਕੋਈ ਆਸਰਾ ਅੰਦਰੋਂ ਹੁੰਦਾ ਹੈ ਤੇ ਨਾ ਹੀ ਕੋਈ ਬਾਹਰੋਂ ਦਿੰਦਾ ਹੈ- ਘਰ ਵਿਚ ਭਾਵੇਂ ਕਿੰਨੀ ਹੀ ਚੰਗੀ ਬਿਜਲੀ ਦੀ ਵਾਇਰਿੰਗ ਹੋਏ, ਕਿੰਨੇ ਹੀ ਬਿਜਲੀ ਦੇ ਯੰਤਰ ਹੋਣ ਜੇ ਬਿਜਲੀ ਦਾ ਕੁਨੇਕਸ਼ਨ ਨਹੀਂ ਤੇ ਸਾਰੇ ਹੀ ਬੇਕਾਰ ਹਨ। - ਨਾਮ ਤੋਂ ਟੁੱਟ ਕੇ ਸਿੱਖੀ ਵਿੱਚ ਕੁਝ ਵੀ ਨਹੀਂ ਰਹਿੰਦਾ।

 www.sikhbookclub.com

ਕੁਝ ਆਖਦੇ ਹੈਨ ਕਿ ਅਸੀਂ ਕਿਸੇ ਨੂੰ ਦੁਖ ਨਹੀਂ ਦਿੰਦੇ, ਸਭ ਦੀ ਮੱਦਦ ਕਰਦੇ ਹਾਂ। ਇਹ ਸਭ ਗੱਲਾਂ ਠੀਕ ਹਨ ਪਰ ਇਹ ਉਸ ਤਰ੍ਹਾਂ ਦਾ ਬਾਗ ਹੈ ਜਿਸ ਵਿਚ ਨਾ ਫੁੱਲ ਹੈ ਨਾ ਫੱਲ ਹੈਨ?

ਜ਼ਿੰਗਦੀ ਦੇ ਤਿੰਨ ਕੰਮਾ ਉੱਤੇ ਭਾਈ ਸਾਹਿਬ ਜ਼ੋਰ ਦਿੰਦੇ ਸੀ-

**ਨਾਮ ਜਪਣਾ** - ਏਹ ਰਿਸ਼ਤਾ ਪ੍ਰਮੇਸ਼ਵਰ ਨਾਲ ਹੈ।
**ਵੰਡ ਛਕਨਾ** - ਏਹ ਰਿਸ਼ਤਾ ਸਮਾਜ ਨਾਲ ਹੈ।
**ਕਿਰਤ ਕਰਨੀ** - ਏਹ ਰਿਸ਼ਤਾ ਆਪਣੇ ਪਰਿਵਾਰ ਨਾਲ ਹੈ।

ਏਹ ਖ਼ਤ ਜੋ ਵਕਤ ਵਕਤ ਉਤੇ ਸ੍ਰੀ ਭਾਈ ਸਾਹਿਬ ਨੇ ਲਿਖੇ ਹੈਨ- ਏਹ ਇਕ ਸਹਾਰਾ ਦਿਤਾ ਹੈ। ਭਾਈ ਸਾਹਿਬ ਨੇ ਨਾ ਸਿਰਫ ਪਿਆਰ ਭਰਿਆ ਸਹਾਰਾ ਦਿੱਤਾ ਹੈ ਬਲਕਿ ਪ੍ਰੇਰਨਾ ਕੀਤੀ ਹੈ, ਬੇਨਤੀ ਕੀਤੀ ਹੈ, ਬੰਦੇ ਨੂੰ ਝੰਝੋੜਿਆ ਹੈ। ਨਾਮ ਤਾਈਂ, ਸੁੱਖਾਂ ਦੇ ਸੋਮੇ ਨੂੰ ਭੁੱਲੇ ਹੋਏ ਮੁਸਾਫਰ ਨੂੰ ਰਸਤਾ ਦੱਸਿਆ ਹੈ- ਪਿਉ ਦਾਦੇ ਦਾ ਖ਼ਜਾਨਾ ਖੋਲ ਕੇ ਦਿਖਾਇਆ ਹੈ। ਉਹ ਆਪ ਜਪਦੇ ਸੀ ਤੇ ਦੂਜਿਆਂ ਨੂੰ ਜਪਾਂਦੇ ਸੀ।

ਏਹ ਖੱਤ ਸਾਡੇ ਲਈ ਇਕ ਜਾਇਦਾਦ ਹਨ- ਸਾਡੇ ਔਖੇ ਵੇਲੇ ਕੰਮ ਆਉਣ ਵਾਲੀ ਦਵਾਈ ਦਾ ਨੁਸਖਾ ਹੈਨ- ਇਕ ਜੀਆ ਦਾਨ ਕੀ ਕੁੰਜੀ ਹੈ।

ਸਿੱਖੀ ਹੈ ਹੀ ਉਸਦਾ ਬਣ ਕੇ ਨਾਮ ਜਪਣਾ- ਏਹੀ ਸਤਿਗੁਰਾਂ ਦਾ ਸੰਦੇਸ਼ ਹੈ। ਏਹੀ ਭਾਈ ਸਾਹਿਬ ਨੇ ਸਾਨੂੰ ਮੁੜ ਕੇ ਦੋਹਰਾਇਆ ਹੈ।

ਏਹ ਖਤ ਸਾਡੀ ਇਕ ਆਸ ਪੂਰੀ ਕਰਦੇ ਹੈਨ।

ਨਵੀਂ ਦਿੱਲੀ

**-ਡਾ. ਤ੍ਰਲੋਚਨ ਸਿੰਘ**

 www.sikhbookclub.com

# ਭੂਮਿਕਾ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸਨਮੁਖ ਜੀਵਨ ਦਾ ਇਕੋ ਇਕ ਲਕਸ਼ ਸੀ-ਸਿਖ ਧਰਮ ਅਤੇ ਸਿਖ ਇਤਿਹਾਸ ਦੀ ਅੰਤੀਵ ਆਤਮਾ ਨੂੰ ਉਸ ਦੇ ਪੂਰੇ ਜਲੌ ਵਿਚ ਆਪਣੀਆਂ ਰਚਨਾਵਾਂ ਰਾਹੀਂ ਵੱਧ ਤੋਂ ਵੱਧ ਵਿਸ਼ਾਲ ਘੇਰੇ ਤੱਕ ਪਹੁੰਚਾਣਾ। ਭਾਈ ਸਾਹਿਬ ਦੀ ਵਿਰਾਟ ਸ਼ਖਸੀਅਤ ਦਾ ਪ੍ਰਮੁੱਖ ਗੁਣ ਹੈ ਮਨੋਰਥ ਦੀ ਇਕਾਗਰਤਾ। ਐਸੀ ਇਕਾਗਰਤਾ ਜਿਹੜੀ ਪ੍ਰਮਾਣੀਕ ਵਿਦਵਾਨ ਫ਼ਿਲਾਸਫ਼ਰਾਂ ਅਤੇ ਰਿਸ਼ੀਆਂ ਮੁਨੀਆਂ ਦੇ ਹਿੱਸੇ ਆਈ ਹੈ। ਇਸ ਲਈ ਭਾਈ ਸਾਹਿਬ ਨੇ ਭਾਵੇਂ ਕਾਵਿ ਦੀ ਰਚਨਾ ਕੀਤੀ ਤੇ ਭਾਵੇਂ ਵਾਰਤਕ ਦੀ, ਭਾਵੇਂ ਨਾਟਕ ਲਿਖਿਆ ਤੇ ਭਾਵੇਂ ਮਹਾਂਕਾਵਿ, ਉਹਨਾਂ ਦੇ ਨਿਰਗੁਣਿਆਰਾ ਤੇ ਦੂਜੇ ਟ੍ਰੈਕਟ ਲਿਖੇ ਜਾਂ ਨਿੱਜੀ ਸੰਪਰਕ ਦੇ ਘੇਰੇ ਵਿਚ ਚਿੱਠੀ ਪੱਤਰ ਰਾਹੀਂ ਭਾਵਾਂ- ਵਿਚਾਰਾਂ ਦਾ ਸੰਚਾਰ ਕੀਤਾ, ਉਹਨਾਂ ਨੇ ਇਕਾਗਰ - ਚਿਤ ਹੋ ਕੇ ਆਪਣਾ ਧਿਆਨ ਸਿੱਖ ਧਰਮ ਤੇ ਸਿਖ-ਸਭਿਆਚਾਰ ਦੇ ਪਰਚਾਰ ਤੇ ਪਰਸਾਰ ਉਤੇ ਹੀ ਕੇਂਦ੍ਰਿਤ ਰਖਿਆ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਪੰਜਾਹ-ਸੱਠ ਸਾਲ ਇਕ ਸਾਧਕ ਵਾਂਗ ਸਾਹਿਤ ਰਚਨਾ ਕੀਤੀ ਅਤੇ ਪੰਜਾਬੀ ਭਾਸ਼ਾ ਦੇ ਗੌਰਵ ਵਿਚ ਅਮਿਣਵਾਂ ਵਾਧਾ ਕੀਤਾ। ਭਾਈ ਸਾਹਿਬ ਦਾ ਸਾਹਿਤ ਆਕਾਰ ਦੇ ਪੱਖੋਂ ਵੀ ਅਤੇ ਗੁਣਾਂ ਦੇ ਪੱਖੋਂ ਵੀ ਆਧੁਨਿਕ ਪੰਜਾਬੀ ਸਾਹਿਤ ਵਿਚ ਪ੍ਰਥਮ ਸਥਾਨ ਰਖਦਾ ਹੈ। ਵਿਭਿੰਨ ਸਾਹਿਤਕ ਰੂਪਾਕਾਰਾਂ ਤੋਂ ਇਲਾਵਾ ਭਾਈ ਸਾਹਿਬ ਨੇ ਆਪਣੇ ਸਨੇਹੀਆਂ ਤੇ ਮਿੱਤਰਾਂ ਨੂੰ ਜਾਂ ਸ਼ਰਧਾਲੂਆਂ ਨੂੰ ਸਮੇਂ ਸਮੇਂ ਜੋ ਚਿੱਠੀਆਂ ਲਿਖੀਆਂ ਉਨ੍ਹਾਂ ਦੀ ਗਿਣਤੀ ਵੀ ਸੈਂਕੜਿਆਂ ਵਿਚ ਹੈ ਅਤੇ ਗੁਣ ਦੇ ਪੱਖੋਂ ਉਹ ਬੜੀਆਂ ਮਹੱਤਵਪੂਰਨ ਤੇ ਮੁੱਲਵਾਨ ਹਨ। ਇਹਨਾਂ ਅਣਪ੍ਰਕਾਸ਼ਿਤ ਚਿੱਠੀਆਂ ਵਿਚੋਂ ਹੀ "ਪਿਆਰੇ ਜੀਓ", "ਹਮਦਰਦੀ ਪੱਤਰ" ਅਤੇ "ਵੀਰ ਸੁਨੇਹੜੇ" ਤਿੰਨ ਸੰਗ੍ਰਹਿ ਹੋ ਚੁੱਕੇ ਹਨ। ਵੀਰ ਸੁਨੇਹੜੇ" ਨਾਂ ਦਾ ਇਹ ਚੌਥਾ ਪੱਤਰ - ਸੰਗ੍ਰਹਿ ਆਪ ਦੇ ਹੱਥਾਂ ਵਿੱਚ ਹੈ।


www.sikhbookclub.com

ਭਾਈ ਸਾਹਿਬ ਦੇ ਇਹ ਪੱਤਰ ਵੀ ਸਾਹਿਤ ਦਾ ਦਰਜਾ ਰਖਦੇ ਹਨ। ਸਿਰਫ ਇਸ ਕਰਕੇ ਹੀ ਨਹੀਂ ਕਿ ਪੱਤਰ ਜਾਂ ਚਿੱਠੀਆਂ ਕਿਸੇ ਇਕ ਜਾਂ ਇਕ ਤੋਂ ਵਧੇਰੇ ਵਿਅਕਤੀਆਂ ਨਾਲ ਭਾਵਾਂ ਤੇ ਵਿਚਾਰਾਂ ਦੇ ਸੰਚਾਰ ਦਾ ਸਾਧਨ ਹਨ ਸਗੋਂ ਇਸ ਕਰਕੇ ਵੀ ਕਿ ਇਹਨਾਂ ਚਿੱਠੀਆਂ ਦੀ ਵੱਖ ਸਾਹਿਤ ਵਾਂਗ ਹੀ ਆਪਣਾ ਸਦੀਵੀ ਮਹੱਤਵ ਰਖਦੀ ਹੈ। ਇਹਨਾਂ ਚਿੱਠੀਆਂ ਅੰਦਰਲੀ ਵਸਤੂ ਹੀ ਇਹਨਾਂ ਨੂੰ ਨਿਜ ਤੋਂ ਅਨਿਜ ਤੱਕ ਦਾ ਪਾਸਾਰ ਦੇਂਦੀ ਹੈ। ਬੇਸ਼ਕ ਇਹ ਕਿਸੇ ਖਾਸ ਮੌਕੇ, ਕਿਸੇ ਵਿਸ਼ੇਸ਼ ਪ੍ਰਸਥਿਤੀ ਤੇ ਪ੍ਰਸੰਗ ਵਿਚ ਕਿਸੇ ਵਿਅਕਤੀ ਵਿਸ਼ੇਸ਼ ਨੂੰ ਸੰਬੋਧਨ ਪੱਤਰ ਹਨ ਪਰ ਜਦੋਂ ਇਨ੍ਹਾਂ ਵਿਚ ਪੇਸ਼ ਕੀਤੇ ਪ੍ਰਸਤਾਵਾਂ ਨੂੰ ਦਾਰਸ਼ਨਿਕ ਨੀਝ ਨਾਲ ਵੇਖਿਆ ਜਾਏ ਤਾਂ ਇਹ ਸਹਿਜੇ ਹੀ ਵਿਅਕਤੀ - ਸਮੂਹ ਲਈ ਪ੍ਰਵਚਨ ਦਾ ਰੂਪ ਧਾਰਦੇ ਪ੍ਰਤੀਤ ਹੁੰਦੇ ਹਨ। ਇਨ੍ਹਾਂ ਪਰਵਚਨਾ ਦੇ ਅਧਾਰ ਉਤੇ ਜੇ ਸਾਰੀ ਦੀ ਸਾਰੀ ਗਲ ਇਕੋ ਸੂਤਰ ਵਿਚ ਕਹਿਣੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਜੀਵਨ-ਦ੍ਰਿਸ਼ਟੀ ਦਾ ਕੇਂਦਰ-ਬਿੰਦੂ ਸੰਤੁਲਿਤ ਜੀਵਨ ਦੀ ਪ੍ਰਾਪਤੀ ਹੈ। ਅਤੇ ਜੀਵਨ ਦਾ ਇਹ ਸੰਤੁਲਨ ਗੁਰੂ ਮਹਾਰਾਜ ਦੇ ਚਰਨਾ ਦੀ ਟੇਕ ਲਿਆਂ ਹੀ ਪ੍ਰਾਪਤ ਹੋ ਸਕਦਾ ਹੈ। ਗੁਰੂ ਅਥਵਾ ਗੁਰਬਾਣੀ ਤੇ ਨਾਮ ਦੀ ਟੇਕ ਲਿਆ ਹੀ "**ਦੁਖ ਸੁਖ ਦੋਊ ਸਮ ਕਰਿ ਜਾਨੈ**" ਦੀ ਸੰਤੁਲਤ ਮਾਨਸਿਕ ਅਵਸਥਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਭਾਈ ਸਾਹਿਬ ਦਾ ਮਤ ਹੈ।

ਸਤੁੰਲਨ ਦੀ ਇਸ ਸਾਂਝੀ ਤੰਦ ਦੇ ਬਾਵਜੂਦ ਕਿਸੇ ਚਿੱਠੀ ਵਿਚ ਕਿਸੇ ਇਕ ਨੁਕਤੇ ਉੱਤੇ ਬਲ ਦਿੱਤਾ ਗਿਆ ਹੈ ਅਤੇ ਦੂਜੀ ਵਿਚ ਕਿਸੇ ਦੂਸਰੇ ਨੁਕਤੇ ਉੱਤੇ। ਅਸੀਂ ਆਪਣੀ ਸਮਰਥਾ-ਯੋਗਤ ਅਨੁਸਾਰ, ਚਿੱਠੀ ਵਿਚਲੇ ਇਸ ਬਲ ਬਿੰਦੂ ਨੂੰ ਧਿਆਨ ਵਿਚ ਰਖਦਿਆਂ, ਸਾਰੀ ਸਮਗਰੀ ਨੂੰ ਛੇ ਭਾਗਾਂ ਵਿਚ ਵੰਡ ਦਿੱਤਾ ਹੈ।

ਪਿਹਲੇ ਭਾਗ "**ਨਾਨਕ ਅਵਰ ਨ ਜੀਵੈ ਕੋਇ**" ਵਿਚ ਉਹ ਚਿੱਠੀਆਂ ਸ਼ਾਮਲ ਕੀਤਆਂ ਗਈਆਂ ਹਨ ਜਿਨ੍ਹਾਂ ਵਿਚ ਭਾਈ ਸਾਹਿਬ ਮਨੁੱਖਾ ਜੀਵਨ ਦੀ ਸਚਾਈ ਦੇ ਰਹੱਸ ਨੂੰ ਇਸ ਜੀਵਨ ਦੇ ਪ੍ਰਯੋਜਨ ਨੂੰ ਅਤੇ ਉੱਚੇ ਸੁੱਚੇ ਜੀਵਨ ਦੀ ਵਿਲੱਖਣਤਾ ਨੂੰ ਉਘਾੜ ਕੇ ਸਾਹਮਣੇ ਲਿਆਉਂਦੇ ਹਨ। ਜੀਵਨ ਦੀ ਸਾਰਥਕਤਾ ਦੇ ਪ੍ਰਸੰਗ ਵਿਚ ਹੀ ਉਨ੍ਹਾਂ ਇਕ ਦੋ ਪੱਤਰਾਂ ਵਿਚ ਵੇਦਾਂਤ,

ਸਾਂਖ, ਯੋਗ ਆਦਿ ਦੂਜੀਆਂ ਦਾਰਸ਼ਨਿਕ ਅੰਤਰ-ਦ੍ਰਿਸ਼ਟੀਆਂ ਉੱਤੇ ਵੀ ਰੋਸ਼ਨੀ ਪਾਈ ਹੈ। ਸਮੁੱਚਾ ਨਿਚੋੜ ਇਹ ਹੈ ਕਿ ਜੀਵਨ ਕੇਵਲ ਉਸ ਵਿਅਕਤੀ ਦਾ ਹੀ ਸਫਲਾ ਹੈ ਜਿਸ ਨੇ ਆਪਣੇ ਮਨ ਵਿਚ ਨਾਮ ਵਸਾਇਆ ਹੈ।

ਦੂਜੇ ਭਾਗ **"ਸੋ ਮੈ ਵਿਸਰਿ ਨ ਜਾਈ"** ਵਿਚ ਉਹ ਚਿੱਠੀਆਂ ਸ਼ਾਮਲ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਭਾਈ ਸਾਹਿਬ ਜੀਵ ਆਤਮਾ ਨੂੰ ਬਾਰ ਬਾਰ ਸੁਚੇਤ ਕਰਦੇ ਹਨ ਕਿ ਜਿਸ ਸਿਰਜਨਹਾਰ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਅਤੇ ਜਿਸ ਦੀ ਬਖਸ਼ਿਸ਼ ਸਦਕਾ ਸਾਨੂੰ ਇਹ ਅਣਮੋਲ ਮਨੁੱਖੀ ਜੀਵਨ ਪ੍ਰਾਪਤ ਹੋਇਆ ਹੈ, ਉਸ ਦਾਤੇ ਨੂੰ ਇਕ ਪਲ ਵੀ ਆਪਣੇ ਮਨ ਚਿਤ ਤੋਂ ਵਿਸਰਨ ਨਹੀਂ ਦੇਣਾ ਚਾਹੀਦਾ। ਭਾਈ ਸਾਹਿਬ ਕਹਿੰਦੇ ਹਨ ਕਿ ਜੇ ਸੁਰਤੀ ਧਿਆਨ ਵਿੱਚ ਜੁੜੀ ਰਹੇ ਤਾਂ ਸੰਸਾਰ ਦੇ ਸਭ ਕਾਰ ਵਿਹਾਰ ਸਹਿਜ ਸੁਭਾ ਹੁੰਦੇ ਚਲੇ ਜਾਂਦੇ ਹਨ।

ਤੀਜੇ ਭਾਗ **"ਊਠਤ ਬੈਠਤ ਸੋਵਤ ਨਾਮ"** ਵਿਚ ਉਹ ਪੱਤਰ ਇਕੱਤਰ ਕੀਤੇ ਗਏ ਹਨ ਜਿਨ੍ਹਾਂ ਵਿਚ ਨਾਮ ਦੀ ਮਹਿਮਾ ਦਰਸਾਈ ਗਈ ਹੈ। ਸਿੱਖ ਵਿਸ਼ਵ - ਦ੍ਰਿਸ਼ਟੀ ਅਨੁਸਾਰ ਭਾਈ ਸਾਹਿਬ ਦਸਦੇ ਹਨ ਕਿ ਨਾਮ ਹੀ ਸਾਰੇ ਸੁਖਾਂ ਦਾ ਖ਼ਜ਼ਾਨਾ ਹੈ। ਨਾਮ ਹੀ ਸਭ ਰੋਗਾਂ ਦਾ ਦਾਰੂ ਹੈ। ਨਾਮ ਦੇ ਮਨ ਵਿਚ ਵਸ ਜਾਣ ਨਾਲ ਖੁਦੀ ਜਾਂ ਹਉਮੈ ਦਾ ਵਿਨਾਸ਼ ਹੁੰਦਾ ਹੈ। ਮਨੁੱਖ ਦੀਆਂ ਅੱਖਾਂ ਅਗੋਂ ਇਕ ਪ੍ਰਕਾਰ ਦਾ ਧੁੰਦ ਦਾ ਪਰਦਾ ਉਠ ਜਾਂਦਾ ਹੈ ਤੇ ਉਸ ਨੂੰ ਪ੍ਰਕਾਸ਼ਮਾਨ ਸੱਚ ਦੇ ਸੂਰਜ ਦੇ ਦਰਸ਼ਨ ਹੁੰਦੇ ਹਨ। ਨਾਮ ਉਹਨਾਂ ਕੁਲ ਉਚੇਰੀਆਂ ਮਾਨਵੀ ਕਦਰਾਂ ਕੀਮਤਾਂ ਦਾ ਪ੍ਰਤੀਕ ਹੈ ਜਿਨ੍ਹਾਂ ਨੂੰ ਆਪਣੇ ਜੀਵਨ ਵਿੱਚ ਗ੍ਰਹਿਣ ਕਰਕੇ ਮਨੁੱਖ ਚ੍ਰਿਤਰ ਦੀਆਂ ਸਿਖਰਾਂ ਨੂੰ ਛੂਹ ਸਕਦਾ ਹੈ - **"ਨਾਮੁ ਬਿਨਾ ਕੈਸੇ ਆਚਾਰ"**। (੧੩੩੦)

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਮਲਕ ਤੇਜਾ ਸਿੰਘ ਜੀ ਨਾਲ ਅਤੇ ਸਮੂਹ ਮਲਕ ਪਰਵਾਰ ਨਾਲ ਬੜੇ ਨਿਘੇ ਅਤੇ ਨਿਕਟ-ਵਰਤੀ ਸਬੰਧ ਸਨ। ਪੁਸਤਕ ਦੇ ਚੌਥੇ ਭਾਗ **"ਸਜਣ ਮੇਰੇ ਰੰਗੁਲੇ"** ਵਿਚ ਮੁਖ ਰੂਪ ਵਿਚ ਉਹ ਚਿੱਠੀਆਂ ਸ਼ਾਮਲ ਕੀਤੀਆਂ ਗਈਆਂ ਹਨ ਜਿਹੜੀਆਂ ਉਹਨਾਂ ਨੇ ਮਲਕ ਤੇਜਾ ਸਿੰਘ ਦੇ ਅਕਾਲ ਚਲਾਣੇ ਉਤੇ ਉਹਨਾਂ ਦੇ ਪਰਵਾਰ ਦੇ ਵੱਖ -ਵੱਖ ਵਿਅਕਤੀਆਂ ਅਤੇ ਸਬੰਧੀਆਂ ਨੂੰ ਉਹਨਾਂ ਦਾ ਦੁੱਖ ਵੰਡਾਉਂਦਿਆਂ ਉਹਨਾਂ ਦੇ ਗ਼ਮ ਵਿਚ ਸ਼ਰੀਕ ਹੁੰਦਿਆਂ ਲਿਖੀਆਂ। ਆਪਣੇ ਅੰਦਰਲੇ ਸੰਦੇਸ਼

 www.sikhbookclub.com

ਦੀ ਦ੍ਰਿਸ਼ਟੀ ਤੋਂ ਇਹ ਚਿੱਠੀਆਂ ਬੇਅੰਤ ਮੁੱਲਵਾਨ ਹਨ। ਐਸੇ ਗਮਗੀਨ ਪਲਾਂ ਵਿਚ, ਜਦੋਂ ਕਿਸੇ ਦਾ ਸਨੇਹੀ, ਮਿੱਤਰ, ਪਿਆਰਾ, ਸੱਜਣ ਸਦਾ ਲਈ ਵਿਛੋੜਾ ਦੇ ਜਾਂਦਾ ਹੈ, ਸੰਤੁਲਤ ਵਿਅਕਤੀ ਪਾਸੋਂ ਕਿਸ ਪ੍ਰਕਾਰ ਦੇ ਵਿਹਾਰ ਦੀ ਆਸ ਕੀਤੀ ਜਾਣੀ ਚਾਹੀਦੀ ਹੈ ਉਸ ਦੇ ਸਪਸ਼ਟ ਸੰਕੇਤ ਭਾਈ ਸਾਹਿਬ ਨੇ ਇਹਨਾਂ ਚਿੱਠੀਆਂ ਵਿਚ ਦਿੱਤੇ ਹਨ। ਇਹੋ ਸਮਾਂ ਹੈ ਜਦੋਂ ਵਿੱਛੜ ਗਏ ਦੀ ਯਾਦ ਨੂੰ ਪ੍ਰਭੂ ਦੀ ਯਾਦ ਵਿਚ ਰੂਪਾਂਤਰਿਤ ਕਰਕੇ ਵਿਅਕਤੀ ਉਦਾਤ ਦੀ ਸਥਿਤੀ ਨੂੰ ਪਹੁੰਚ ਸਕਦਾ ਹੈ।

ਪੁਸਤਕ ਦੇ ਅਗਲੇ **"ਧੰਨਿ ਧੰਨਿ ਗੁਰੂ ਧੰਨਿ"** ਵਿਚ ਦਿੱਤੀਆਂ ਚਿੱਠੀਆਂ ਦਾ ਕੇਂਦਰੀ ਭਾਵ ਇਹ ਹੈ ਕਿ ਸਾਨੂੰ, ਸੰਸਾਰੀ ਜੀਵਾਂ ਨੂੰ ਅਕਾਲ ਪੁਰਖ ਵਾਹਿਗੁਰੂ ਦਾ ਹਰ ਰੰਗ, ਹਰ ਅਵਸਥਾ ਵਿਚ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਹੈ। ਭਾਈ ਸਾਹਿਬ ਜੀ ਦੀ ਦ੍ਰਿਸ਼ਟੀ ਅਨੁਸਾਰ ਸ਼ੁਕਰਾਨਾ ਸਭ ਤੋਂ ਵੱਡੀ ਭਗਤੀ ਹੈ, ਪੂਜਾ ਹੈ। ਉਪਰੰਤ ਕੁਝ ਹੋਰ ਚਿੱਠੀਆਂ ਹਨ ਜਿਹੜੀਆਂ "ਫੁਟਕਲ" ਵਾਲੇ ਭਾਗ ਵਿਚ ਛਾਪੀਆਂ ਜਾ ਰਹੀਆਂ ਹਨ।

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਾਈ ਸਾਹਿਬ ਜੀ ਵਲੋਂ ਲਿਖੀਆਂ ਗਈਆਂ ਇਹ ਚਿੱਠੀਆਂ ਮਨੁੱਖ ਮਾਤਰ ਲਈ ਇਹ ਸੁਨੇਹਾ ਹਨ ਕਿ ਸਾਨੂੰ ਹਰ ਪ੍ਰਾਕਰ ਦੀ ਘਿਰਣਾ ਤੋਂ ਦੂਰ ਰਹਿਣਾ ਚਾਹੀਦਾ ਹੈ ਕਿਉਂਕਿ ਇਹ ਲਿਵ ਨੂੰ ਮਾਰਦੀ ਹੈ। ਸੁਰਤ ਉੱਚੀ ਰਖਣੀ ਚਾਹੀਦੀ ਹੈ ਅਤ ਮਨ ਦਾ ਪ੍ਰਵਾਹ ਸਾਈਂ ਨਾਲ ਜੁੜਿਆ ਰਹਿਣਾ ਚਾਹੀਦਾ ਹੈ। ਇਹੋ ਅਮਰ ਜੀਵਨ ਹੈ। ਭਾਈ ਸਾਹਿਬ ਨੇ ਚਿੱਠੀਆਂ ਵਿਚ ਥਾਂ ਪਰ ਥਾਂ ਆਪਣੇ ਵਿਚਾਰਾਂ ਨੂੰ ਹੋਰ ਦ੍ਰਿੜ੍ਹ ਕਰਾਉਣ ਲਈ ਅਨੰਤ ਵਿਸ਼ਾਲਤਾ ਤੇ ਅਥਾਹ ਡੂੰਘਾਈ ਵਾਲੇ ਆਤਮ ਗਿਆਨ ਦੇ ਸਾਗਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਬਾਣੀ ਦੀਆਂ ਟੂਕਾਂ ਸਜਾਈਆਂ ਹਨ। ਗੁਰਬਾਣੀ ਦੀਆਂ ਪੰਗਤੀਆਂ ਨਾਲ ਬਾਣੀ ਵਿਸ਼ੇਸ਼ ਅਤੇ ਮਹਲਾ ਆਦਿ ਵੱਲ ਸੰਕੇਤ ਅਸਾਂ ਆਪ ਕਰ ਦਿਤਾ ਹੈ ਤਾਂ ਜੋ ਗੁਰਮੁਖ ਸੱਜਣ ਜੇ ਚਾਹੁਣ ਤਾਂ ਸ਼ਬਦ ਦਾ ਪੂਰਾ ਪਾਠ ਵਾਚ ਸਕਣ।

ਇਕ ਦੋ ਸ਼ਬਦ ਇਹਨਾਂ ਚਿੱਠੀਆਂ ਦੀ ਭਾਸ਼ਾ ਅਤੇ ਸ਼ੈਲੀ ਬਾਰੇ। ਆਪਣੇ ਵੇਲੇ ਦੇ ਹਿਸਾਬ ਭਾਈ ਸਾਹਿਬ ਦੀ ਭਾਸ਼ਾ ਬੜੀ ਮਾਂਜੀ, ਸਵਾਰੀ, ਸਵਸਥ, ਕੋਮਲ ਅਤੇ ਨਿਰਮਲ ਹੈ। ਚਿੱਠੀਆਂ ਵਿਚ ਭਾਈ ਸਾਹਿਬ ਨੇ ਕਈਂ ਥਾਈਂ ਅੰਗਰੇਜ਼ੀ ਦੇ ਸ਼ਬਦਾਂ ਦੀ ਵਰਤੋਂ ਕੀਤੀ ਹੋਈ ਹੈ। ਪਾਠਕਾਂ

ਦੀ ਸਹੂਲਤ ਲਈ ਅਸੀਂ ਬ੍ਰੈਕਟਾਂ ਵਿਚ ਇਹਨਾਂ ਅੰਗਰੇਜ਼ੀ ਸ਼ਬਦਾਂ ਦੇ ਪੰਜਾਬੀ ਪਰਿਆਇ ਦੇ ਦਿੱਤੇ ਹਨ। ਭਾਈ ਸਾਹਿਬ ਦਾ ਗੱਲ ਕਹਿਣ ਦਾ ਅੰਦਾਜ਼, ਜ਼ਾਹਿਰ ਹੈ ਉਸ ਤਰ੍ਹਾਂ ਦਾ ਹੈ ਜਿਹੋ ਜਿਹਾ ਚਿੱਠੀਆਂ ਵਿਚ ਹੋਣਾ ਚਾਹੀਦਾ ਹੈ। ਜਿਵੇਂ ਕੋਈ ਤੁਹਾਡੇ ਸਾਹਮਣੇ ਬੈਠਾ ਤੁਹਾਡੇ ਨਾਲ ਗੱਲਾਂ ਕਰਦਾ ਹੋਵੇ, ਤੁਹਾਨੂੰ ਪਰਚਾਉਂਦਾ ਹੋਵੇ, ਸਮਝਾਂਉਣੀਆਂ ਦੇਂਦਾ ਹੋਵੇ ਅਤੇ ਬਜ਼ੁਰਗਾਂ ਵਾਲਾ ਪਿਆਰ ਤੇ ਅਸੀਸ ਦੇ ਕੇ ਸੱਚੇ ਮਾਰਗ ਵੱਲ ਇਸ਼ਾਰਾ ਕਰਦਾ ਹੋਵੇ ਜਿਸ ਉਤੇ ਚਲਦਿਆਂ ਜਹਾਨ ਉਸਤਤ ਕਰਦਾ ਹੈ। ਪਾਠਕ ਜਨ ਇਹਨਾਂ ਚਿੱਠੀਆਂ ਤੋਂ ਅਕੱਥ ਲਾਭ ਉਠਾ ਸਕਦੇ ਹਨ।

5 ਦਸੰਬਰ, 1992 — **–ਕਰਨਜੀਤ ਸਿੰਘ**


www.sikhbookclub.com

# ਸੂਚੀ ਪੱਤਰ

1. ਨਾਨਕ ਅਵਰੁ ਨਾ ਜੀਵੈ ਕੋਇ ........................................ 1
2. ਸੋ ਮੈਂ ਵਿਸਰ ਨਾ ਜਾਈ ........................................ 20
3. ਊਠਤ ਬੈਠਤ ਸੋਵਤ ਨਾਮ ........................................ 29
4. ਸਜਣ ਮੇਰੇ ਰੰਗੁਲੇ ........................................ 52
5. ਧੰਨਿ ਧੰਨਿ ਗੁਰ ਧੰਨਿ ........................................ 121
6. ਫੁਟਕਲ ........................................ 130
7. ਨੇਹੀ ਤੰਦੜੀਆਂ ........................................ 148

 www.sikhbookclub.com

# ੧. ਨਾਨਕ ਅਵਰੁ ਨਾ ਜੀਵੈ ਕੋਇ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ।

ਸ਼ਿਮਲਾ
੩੧-੭-੧੯੧੬

ਪਵਿਤ੍ਰਾਤਮਾ ਜੀਓ,

ਜੀਵਨ ਉਚਾ ਤੇ ਸੁਚਾ ਪਦਾਰਥ ਹੈ। ਵਾਹਿਗੁਰੂ ਦਾ ਪ੍ਰੇਮ ਬਹੁਤ ਕੀਮਤੀ ਸ਼ੈ ਹੈ। ਪਰ ਇਹ ਦਿਲ ਦੇ ਮੰਡਲ ਵਿਚ ਵਸਣੇ ਵਾਲੀ ਵਸਤ ਹੈ ਤੇ ਵਾਹਿਗੁਰੂ ਪ੍ਰੇਮ ਸਦਾ ਅੰਦ੍ਰੇ ਚਾਹਯੇ।

**"ਜਿਨਿ ਹਰਿ ਪਾਇਓ ਤਿਨਹਿ ਛਪਾਇਓ॥੧॥ਰਹਾਉ॥**

(ਟੋਡੀ ਨਾਮਦੇਵ, ਪੰਨਾ ੭੧੮)

ਇਹ ਹੁਕਮ ਗੁਰੂ ਗ੍ਰੰਥ ਜੀ ਦਾ ਹੈ। ਬਾਕੀ ਸਰੀਰ ਤੇ ਸਰੀਰ ਦਾ ਨਿਬਾਹ ਇਹ ਇਖ਼ਲਾਕੀ ਗੁਣਾਂ ਨਾਲ ਚੰਗਾ ਰਖਕੇ ਸੋਹਣੇ ਦਿਨ ਕਟਣੇ ਚਾਹਯੇ। ਦਿਲ ਉਚਾ ਰਖ ਕੇ ਵਰਤੀਏ ਸੰਸਾਰ ਦੀ ਮੈਲ ਤੋਂ ਬਚਾ ਰਹਿ ਜਾਂਦਾ ਹੈ। ਬਾਣੀ ਦਾ ਪਾਠ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੋਜ਼ ਵਿਚਾਰ, ਨਾਮ ਨਾਲ ਪਿਆਰ ਏਹ ਕੰਮ ਕਰਦਿਆਂ ਚੰਗਾ ਰਹਿੰਦਾ ਹੈ। ਮਨ ਦੀ ਖੇਡ ਵਾਹਿਗੁਰੂ ਅਰਾਧਨ ਦੀ ਬੜੀ ਪਵਿਤ੍ਰ ਤੇ ਉਚੀ ਸ਼ੈ ਹੈ। ਜਗਤ ਇਸਨੂੰ ਨਹੀਂ ਸਮਝਦਾ। ਇਸ ਲਈ ਏਹ ਅੰਦ੍ਰੇ ਅੰਦਰ ਮਨ ਨੂੰ ਉਚਾ ਤੇ ਏਕਾਗ੍ਰ ਰਖਣ ਦੀ ਸ਼ੈ ਬਾਹਰ ਵਯਰਥ ਨਹੀਂ ਸੁਟਣੀ ਚਾਹਯੇ। ਬਾਕੀ ਹਰ ਗਲ ਲੋੜ ਲਈ ਪਰਮੇਸੁਰ ਅਗੇ ਅਰਦਾਸ ਕਰਨੀ ਚਾਹਯੇ ਪਰ ਅਰਦਾਸ ਸਦਾ ਭਲੇ ਮੰਗਣ ਦੀ ਹੋਵੇ। ਅਰਦਾਸ ਦਿਲ ਦੇ ਸੁਖ ਮੰਗਣ ਲਈ ਹੋਵੇ। ਸੰਸਾਰਕ ਕਾਮਨਾ ਲਈ ਅਰਦਾ ਘਟ ਕੀਤੀ ਸੁਖਦਾਈ ਰਹਿੰਦੀ ਹੈ। ਪਰਮੇਸਰ ਦੀ ਹਜ਼ੂਰੀ ਵਿਚ ਮਨ ਰਖਣਾ ਇਹੀ ਵਡਾ ਭਜਨ ਹੈ।

ਦਿਲ ਨੂੰ ਹਰ ਰੋੜੇ ਵਲੋਂ, ਜਿਸ ਵਿਚ ਜਾ ਲੱਗੇ, ਖਿਚ ਲੈਣਾ ਤੇ ਨਾਮ ਵਿਚ ਲਾ ਲੈਣਾ ਇਹੋ ਸਬਕ ਹੈ ਜੋ ਰੋਜ਼ ਸਿਖਣਾ ਹੈ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਮਸ਼ੋਬਰਾ
ਅਗਸਤ ੧੯੫੨

ਪਵਿਤ੍ਰਾਤਮਾ ਜੀਓ

ਤੁਸਾਡੀ ਚਿਠੀ ਮਿਲੀ। ਇਨਸਾਨੀ ਜਿੰਦਗੀ ਬੜੀ ਕੀਮਤੀ ਸ਼ੈ ਹੈ। ਜੇ ਤਾਂ ਇਹ ਸਮਝ ਪੈ ਜਾਵੇ ਕਿ ਜੀਵਨ ਤੱਤਾਂ ਦੇ ਮੇਲ ਤੋਂ ਉਪਜੀ ਇਕ ਆਤਸ਼ਬਾਜ਼ੀ ਹੈ ਤਾਂ ਤਾਂ ਮੌਤ ਉਸ ਜੀਵਨ ਤੋਂ ਇਕ Riddance (ਛੁਟਕਾਰਾ) ਹੈ ਜੋ ਕਿ ਦੁਨੀਆਂ ਯਾ ਤਾਂ ਦਾਰੁਲ ਮਹੱਲ ਹੈ ਯਾ ਦੁਖ ਸੁਖ ਦੀ ਮਿਲਵੀ ਖੇਲ ਦਾ ਅਖਾੜਾ ਹੈ ਜਿਸਦਾ ਅੰਤ ਨੇਸਤੀ ਹੈ।

ਜੇ ਸਮਝ ਪੈ ਜਾਏ ਕਿ ਇਹ ਤਤਾਂ ਦੇ ਸੰਘਾਤ ਵਿਚ ਕੋਈ ਸਦੈਵੀ ਅੰਸ਼ ਕਿਸੇ ਪ੍ਰਯੋਜਨ ਲਈ ਆਈ ਹੈ ਤਾਂ ਇਹ ਜਨਮ ਇਕ Opportunity (ਮੌਕਾ) ਹੈ ਜਿਸ ਵਿਚ ਮੁਖ ਪ੍ਰਯੋਜਨ ਪ੍ਰਾਪਤੀ ਸੀ ਜੋ 'ਸਾਂਖ' ਮੂਜਬ ਉਹ ਸਬੁਧਤਾ ਹਾਸਲ ਕਰਨੀ ਸੀ ਕਿ ਮੁੜ ਕੇ ਪੁਰਖ ਪ੍ਰਕ੍ਰਿਤੀ ਦੇ ਦਾਓ ਹੇਠ ਨਾ ਆਵੇ। 'ਯੋਗ' ਮੂਜਬ 'ਦ੍ਰਿਸਟਾ ਦੀ ਸਰੂਪ ਇਸਥਿਤੀ' ਯਾ 'ਪ੍ਰਤਯਕ ਚੇਤਨਾ ਦੀ ਅਨਭਵਤਾ' ਸੀ ਜੋ ਲੈਵਲ ਵਿਚ ਲੈ ਜਾਂਦੀ ਹੈ।

ਵੇਦਾਂਤ ਮੂਜਬ ਉਸ ਅਗਯਾਨ ਦੀ ਬਿਜੈ ਲਈ ਜਨਮ ਸੀ ਕਿ ਜਿਸ ਨਾਲ ਅਨੰਤ ਤੇ ਸਾਡੇ ਵਿਚਾਲੇ ਦਾ ਪਰਦਾ, ਜੋ ਭ੍ਰਮ ਭੈ ਰੂਪ ਸੀ, ਦੂਰ ਹੋਵੇ ਤੇ ਅਨੰਤ ਵਿਚ ਤਦਰੂਪਤਾ ਹੋ ਜਾਏ।

ਭਗਤੀ ਮੂਜਬ ਪਰਮਾਤਮ ਦੇਵ ਦੇ ਆਸਰੇ ਪਰਣੇ ਹੋ ਕੇ ਉਸੇ ਨੂੰ ਟੋਲ ਲੈਣਾ ਸੀ, ਜਿਸਦਾ ਕੇਂਦ੍ਰ ਹਰ ਜੀਵ ਦੇ ਅੰਦਰ ਹੈ, ਤੇ ਜਿਸ ਵਿਚ ਝਾਤ ਮਾਰਿਆਂ ਉਸਦੇ ਦਰਸ਼ਨ ਯਾ ਮੇਲ ਮਿਲਦਾ ਹੈ ਤੇ ਪਰਮ ਪੁਰਖ ਸੁਖ ਜੋ ਸਦੈਵੀ ਹੁੰਦਾ ਹੈ ਪ੍ਰਾਪਤ ਹੋ ਜਾਂਦਾ ਹੈ। ਜਨਮ ਇਸ ਲਈ ਹੈ ਕਿ ਇਸ ਸੰਸਾਰ ਅਖਾੜੇ ਵਿਚ ਘੁਲ ਕੇ ਉਹ ਪ੍ਰਮਾਤਮਾ ਪ੍ਰਿਯਤਾ ਪ੍ਰਾਪਤ ਹੋਵੇ ਜੋ ਮੋਹ ਮਾਯਾ ਵਿਚੋਂ ਕਢ ਲਵੇ ਤੇ ਅੰਤ੍ਰੀਵ ਸਥਿਤ ਪਰਮਾਤਮ ਤਤ ਦੇ ਪ੍ਰੇਮ ਵਿਚ ਪਾ ਕੇ ਉਸ ਵਿਚ ਪੁਚਾ ਦੇਵੇ।

 www.sikhbookclub.com

ਇਸ ਪ੍ਰਕਾਰ ਜਿਸ ਟਿਕਾਣੇ ਜਿਸ ਜੀਵ ਨੂੰ ਕੋਈ ਬਾਹਰ ਪ੍ਰਿਯ ਲਗ ਜਾਵੇ ਉਸ ਨੂੰ ਜੀਵਨ ਦਾ ਮੁਖ ਪ੍ਰਯੋਜਨ ਬਣਾ ਕੇ ਜੀਵਨ ਐਸਾ ਬਸਰ ਕਰੇ ਕਿ ਗ੍ਰਹਸਤ ਬੀ ਨਾ ਬਿਗੜੇ ਤੇ ਇਹ ਪਰਮਾਰਥ ਬੀ ਸਵਰੇ।

ਇਉਂ ਜੇ ਕੋਈ ਸ਼ੈ ਲੱਭ ਗਈ ਹੈ ਤੇ ਮਨ ਕਿਸੇ ਉਪ੍ਰਲੇ ਯਤਨ ਵਿਚ ਹੰਬਲੇ ਮਾਰਦਾ ਰਿਹਾ ਹੈ ਤਾਂ ਅਹੋ ਭਾਗ, ਜੇ ਨਹੀਂ ਤਾਂ it is never too late (ਅਜੇ ਸਮਾਂ ਹੈ)।

ਗੁਰੂ ਤੇਗ ਬਹਾਦਰ ਜੀ ਨੇ ਫੁਰਮਾਇਆ ਹੈ :

**"ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ**
**ਭਜਿ ਲੇ ਨਾਮੁ ਮੁਰਾਰਿ॥"**

(ਸੋਰਠ ਮਹਲਾ ੯, ਪੰਨਾ ੬੩੩)

ਵੈਸੇ ਸਾਂਖ ਤੋਂ ਯੋਗ ਅਗੇਰੇ ਹੈ, ਯੋਗ ਤੋਂ ਉਪਨਿਸ਼ਦਾਂ ਦਾ ਵੇਦਾਂਤ। ਸਾਰਿਆਂ ਤੋਂ ਸ੍ਰੇਸ਼ਟ ਭਗਤੀ ਮਾਰਗ ਹੈ ਜਿਸਦੀ ਮਹਿੰਮਾ ਯੋਗ ਦਰਸ਼ਨ, ਗੀਤਾ ਤੇ ਉਪਨਿਸ਼ਦਾਂ ਵਿਚ ਬੀ ਹੈ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ।
੨੫-੧੧-੧੯੧੧

ਪਵਿਤ੍ਰਾਤਮਾ ਜੀਓ

ਕਾਨਫਰੰਸ* ਦੇ ਕੰਮਾ ਦਾ ਰੁਝੇਵਾਂ ਸੀ ਜਿਸਤੋਂ ਹੁਣ ਸਤਿਗੁਰ ਜੀ ਨੇ ਸੁਰਖ਼ਰੂਈ ਤੇ ਕਾਮਯਾਬੀ ਨਾਲ ਵਿਹਲ ਬਖਸ਼ੀ ਹੈ।

ਆਪ ਦੇ ਪਤ੍ਰ ਵਿਚ ਪਾਠ ਵਿਚ ਫੇਰ ਰਸ ਪੈਣ ਦਾ ਆਨੰਦ ਸੀ। ਵਾਹਿਗੁਰੂ ਸੰਵਾਰੇ। ਜੀਵਨ ਤੇ ਜੀਵਨ ਦੇ ਰਸ ਕੁਛ ਨਿਭਣ ਵਾਲੇ ਸਾਮਾਨ ਨਹੀਂ, ਸਤਿਗੁਰ ਦੇ ਪਿਆਰ ਦਾ ਰਸ ਹੀ ਲਾਭਦਾਇਕ ਵਸਤੂ ਹੈ।

ਅਸੀਂ ਸਾਰੇ ਮੁਰਦਾ ਹਾਂ, ਸਤਿਗੁਰ ਦਾ ਬਚਨ ਹੈ :

**"ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥**
**ਨਾਨਕ ਅਵਰੁ ਨ ਜੀਵੈ ਕੋਇ॥"**

(ਵਾਰ ਮਾਝ ਮਹਲਾ ੧ ਸਲੋਕ, ਪੰਨਾ ੧੪੨)

ਸਾਡੇ ਮਨ ਪਿਆਰਾ ਨਹੀਂ ਵਸਿਆ, ਇਸ ਕਰਕੇ ਅਸੀਂ ਮੁਰਦਾ ਹਾਂ, ਜਦੋਂ ਸਤਿਗੁਰ ਵਸਦਾ ਹੈ ਤਦੋਂ ਅਸੀਂ ਜੀਂਦੇ ਹਾਂ। ਏਸ ਜੀਵਨ ਦੀ ਪੂਰੀ ਕਦਰ ਸਰੀਰ ਦੇ ਮਰਨ ਨਾਲ ਪੈਂਦੀ ਹੈ, ਪਹਿਲੋਂ ਤਾਂ ਮੋਹ ਮਾਯਾ ਦੇ ਜਾਲ ਲੁਭਾਈ ਰਖਦੇ ਹਨ।

ਸੋ ਇਸ ਵੇਲੇ ਅੰਦਰ ਜੀਵਨ ਆਉਣਾ ਚਾਹੀਏ।

**"ਜਬ ਲਗੁ ਜਰਾ ਰੋਗੁ ਨਹੀ ਆਇਆ॥**
**ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥**
**ਜਲ ਲਗੁ ਬਿਕਲ ਭਈ ਨਹੀ ਬਾਨੀ॥**
**ਭਜਿ ਲੇਹਿ ਰੇ ਮਨ ਸਾਰਿਗਪਾਨੀ॥੨॥**

---

* ਇਹ ਚੌਥੀ ਸਿਖ ਵਿਦਯਕ ਕਾਨਫ੍ਰੰਸ ਰਾਵਲ ਪਿੰਡੀ ਵਿਚ ੧੪, ੧੫, ੧੬ ਅਪ੍ਰੈਲ ੧੯੧੧ ਨੂੰ ਹੋਈ ਸੀ। - ਸੰਪਾਦਕ

 www.sikhbookclub.com

**ਅਬ ਨ ਭਜਸਿ ਭਜਸਿ ਕਬ ਭਾਈ॥**

**ਆਵੈ ਅੰਤੁ ਨ ਭਜਿਆ ਜਾਈ॥"**

(ਭੈਰਉ ਕਬੀਰ, ਪੰਨਾ ੧੧੫੯)

ਇਹ ਸਤਿਗੁਰ ਦੀ ਦੁਹਾਈ ਸਿਮਰ ਕਿ ਸਰੀਰ ਨਾਲ ਨੇਕੀ ਤੇ ਮਨ ਨਾਲ ਸਤਿਗੁਰ ਦੀ ਯਾਦ-ਪਿਆਰ ਭਰੀ ਯਾਦ-ਵਿਚ ਵਸਣਾ ਚਾਹੀਏ।

ਬਾਣੀ ਦਾ ਸੁਆਦ ਸਤਿਗੁਰ ਨਾਨਕ ਦੇ ਹਜ਼ੂਰੀ ਪਾਠ ਕੀਤਿਆਂ ਬੱਝਦਾ ਹੈ। ਪਰ ਦੂਈ ਤੋਂ ਦਿਲ ਸਾਫ ਲੋੜੀਏ, ਦਿਲ ਵਿਚ ਸਤਿਗੁਰ ਨਾਨਕ ਦੇ ਚਰਨ ਵੱਸਣ, ਹੋਰ ਕੋਈ ਚਿਹਰਾ, ਜੋ ਕਿਸੇ ਭੁੱਲਣ ਹਾਰ ਮਨੁਖ ਦਾ ਹੋਵੇ ਤੇ ਜਿਸ ਦੇ ਆਪਣੇ ਅੰਦਰ 'ਲਿਵ' ਨਹੀਂ ਬੱਝੀ, ਬਾਣੀ ਦੇ ਰਸ ਨੂੰ ਬਨ੍ਹੰ ਪਾ ਦੇਂਦਾ ਹੈ। ਸਤਿਗੁਰ ਨੂੰ ਅੰਗ ਸੰਗ ਜਾਣਿਆ ਕਰੋ। ਸਤਿਗੁਰੂ ਸਾਡੇ ਨਾਲ ਹੈ:-

**"ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥**
**ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ॥"**

(ਆਸਾ ਘਰ ੭ ਮਹਲਾ ੫, ਪੰਨਾ ੩੯੪)

ਹਿਤਕਾਰੀ
ਵੀਰ ਸਿੰਘ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੨੮-੨-੧੯੧੧

ਪਵਿਤ੍ਰਾਤਮਾ ਜੀਓ

ਜੋ ਕੁਝ ਆਪਨੇ ਪਾਠ ਦੀ ਬੇ-ਰਸੀ ਬਾਬਤ ਲਿਖਿਆ ਹੈ, ਉਸ ਲਈ ਆਪਨੇ ਉਹ ਪਤ੍ਰ ਪੜ੍ਹ ਲੈਣਾ ਜੋ ਏਸੇ ਲਫਾਫੇ ਨਾਲ ਸਰਦਾਰ ਜੀ ਨੂੰ ਘੱਲਿਆ ਹੈ।

ਜੇਕਰ ਆਪ ਪਿਆਰ ਦੀਆਂ ਤਣਾਵਾਂ ਨੂੰ ਸਮੇਟੋ, ਸੰਸਾਰ ਵਿਚ ਪਤੀ, ਤੇ ਪਰਮਾਰਥ ਵਿਚ ਗੁਰੂ, ਦੋਹਾਂ ਨੂੰ ਉਨ੍ਹਾਂ ਦਾ ਆਸਰਾ ਬਣਾਓ ਅਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸੇਵਾ ਕਰੋ, ਤਦ ਤੁਹਾਨੂੰ ਛੇਤੀ ਲਾਭ ਹੋਵੇਗਾ। ਪਾਠ ਰੋਜ਼ ਕਰੋ ਚਾਹੇ ਜੀ ਲਗੇ ਚਾਹੇ ਨਾ, ਪਰ ਪਾਠ ਹਜ਼ੂਰੀ ਦਾ ਕਰੋ। ਅਤੇ ਸੰਸਾਰ ਨੂੰ ਫਨਾਹ ਜਾਣ ਕੇ ਮਨ ਨੂੰ ਫਸਾਓ ਨਹੀਂ ਸਗੋਂ ਉਚਿਆਂ ਕਰੋ। ਜਿੰਦਗੀ ਕੁਝ ਚੀਜ਼ ਨਹੀਂ ਹੈ। ਇਹ ਖਿਨ ਭੰਗਰ ਦਾ ਤਮਾਸ਼ਾ ਹੈ। ਜੇ ਤੁਹਾਡੇ ਪਾਸ ਬਹੁਤਾ ਹੈ ਤਾਂ ਤੁਹਾਨੂੰ ਮਖਮਲਾਂ ਲਈ ਨਹੀਂ ਦਿਤਾ ਗਿਆ ਸਗੋਂ ਗ੍ਰੀਬਾਂ ਦੇ ਦੁਖਾਂ ਪਰ ਠੰਢ ਪਾਉਣ ਤੇ ਘਾਵਾਂ ਪਰ ਮੱਲ੍ਹਮ ਲਗਾਉਣ ਲਈ। ਬਹੁਤੇ ਵਾਲਾ ਬਹੁਤੀ ਦਾ ਮੁੰਤਜ਼ਿਮੀ ਹੈ। ਬਹੁਤੇ ਵਾਲਾ ਬਹੁਤੀ ਦੇ ਪਿਆਰ ਵਿਚ ਆਪਣੇ ਆਤਮਾ ਨੂੰ ਲਗਾ ਕੇ ਦਾਤੇ ਤੋਂ ਵਿਸਰ ਜਾਣ ਵਾਲਾ ਬੇਪਰਵਾਹ ਭੋਗੀ ਹੈ। ਐਉਂ ਜੇ **"ਦੇ ਲੰਮੀ ਨਦਰਿ ਨਿਹਾਲੀਐ॥"** (ਪੰਨਾ ੪੭੪) **"ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥"** (ਪੰਨਾ ੪੬੮) ਤੇ ਵੀਚਾਰ ਕਰੀਏ ਤਾਂ ਜੀ ਲਗਦਾ ਹੈ।

ਪਿਆਰ ਦਾ ਕੇਂਦ੍ਰ ਗੁਰੂ ਨੂੰ ਬਣਾਓ ਤੇ ਗੁਰੂ ਨੂੰ ਖੁਸ਼ ਕਰਨੇ ਵਾਲੀ ਸੇਵਾ ਕਰੋ ਤੇ ਗੁਰੂ ਨਾਲ ਪ੍ਰੇਮ ਕਰਨ ਲਈ ਬਾਣੀ ਗੁਰੂ ਨੂੰ ਸੁਣਾਓ ਤੇ ਪਿਆਰੇ ਗੁਰੂ ਨੂੰ ਯਾਦ ਰਖੋ, ਫੇਰ ਕੁਛ ਸੁਖ ਦੀ ਸ਼ਕਲ ਨਿਕਲਦੀ ਰਹੇਗੀ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੯-੭-੧੯੧੫

ਕ੍ਰਿਪਾਲੂ ਜੀਓ ਜੀ,

ਪਤ੍ਰ ਪਹੁੰਚਾ। ਸੁਰਤ ਜਦ ਖਿਚਕੇ ਉਚੀ ਨਾ ਰਖੀਏ ਤਾਂ ਹਰ ਗਲ ਹੇਠਾਂ ਲੈ ਜਾਂਦੀ ਹੈ। ਸੁਰਤ ਦੀ ਖ਼ੁਸ਼ੀ ਹੀ ਸੁਰਤ ਦਾ Building (ਨਿਰਮਾਣ) ਹੈ। ਜੇ ਕਦੀ ਨਾਮ ਜਪੀਏ ਤੇ ਉਦਾਸ ਰਹੀਏ ਤਾਂ ਅਸਰ ਉਲਟਾ ਪੈਂਦਾ ਹੈ। ਇਸ ਕਰਕੇ ਸੁਰਤ ਹਮੇਸ਼ਾ ਉਚੀ ਤੇ ਸੁਖੀ ਰਖਣ ਦਾ ਯਤਨ ਕਰੀਏ। ਏਥੇ ਹਠ ਤੇ ਵਿਚਾਰ ਮਦਦ ਕਰਦੇ ਹਨ। ਹਠ ਤਾਂ ਇਹ ਚਾਹੀਏ ਕਿ ਭਾਵੇਂ ਕੁਛ ਹੋਵੇ ਸੁਰਤ ਦਾ ਹੇਠਾਂ ਹੋਣਾ ਕਿਸੇ ਤਰ੍ਹਾਂ Justified (ਉਚਿਤ) ਨਹੀਂ ਹੈ। ਤੇ ਜੋ ਵਕਤ ਇੰਝ ਜਾਏਗਾ ਵਾਪਸ ਨਹੀਂ ਆਣਾ। ਫੇਰ ਭਰੋਸਾ ਲੋੜੀਏ, ਫਿਕਰ ਕਿਉਂ ? ਜੇ ਅਸੀਂ ਸਾਈਂ ਸਿਮਰੀਏ ਤੇ ਸਾਈਂ ਸਾਡੇ ਕੰਮ ਆਪ ਸੁਆਰੇਗਾ। ਅਸੀਂ ਸਿਦਕ ਵਿਚ ਰਹੀਏ। ਵਿਚਾਰ ਇਹੋ ਸਿਦਕ ਦੀ ਤੇ ਇਸ ਗਲ ਦੀ ਕਿ ਦੁਨੀ ਦੇ ਕੰਮਾਂ ਦਾ ਅੰਤ ਕੀ ਹੈ ਜਿਨ੍ਹਾਂ ਤੋਂ ਸਾਰਾ ਕੁਛ ਵਾਰ ਰਹੇ ਹਾਂ? ਮਤਲਬ ਆਲਸੀ ਤੇ ਦਲਿਦ੍ਰੀ ਹੋਣ ਤੋਂ ਨਹੀਂ ਹੈ। ਸਗੋਂ ਉਦਮੀ ਤੇ ਸਾਹਸੀ ਤੇ ਭਰੋਸੇ ਵਾਲੇ ਹੋਣ ਤੋਂ ਹੈ। ਜੇ ਅਸੀਂ ਸਾਈਂ ਪਰ ਭਰੋਸਾ ਧਰਾਂਗੇ ਤਾਂ ਸਾਈਂ ਸਾਡੇ ਕੰਮ ਸੁਆਰੇਗਾ। ਹੋਰ ਸਭ ਸੁਖ ਹੈ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ ੧੯੧੨

ਪਵਿਤ੍ਰਾਤਮਾ ਜੀਓ

ਸੁਨੇਹਾ ਪੁਚਾਣ ਵਾਲਾ ਤੁਹਾਨੂੰ ਆਤਮ ਰਸ ਦਾ ਹੁਲਾਰਾ ਦੇਣ ਵਾਲਾ ਇਸ ਵਾਸਤੇ ਦਰਸ਼ਨ ਮਾਤ੍ਰ ਦੇ ਝਲਕੇ ਦੇਣਹਾਰਾ ਸੀ ਕਿ ਉਸਨੂੰ ਕਿਸੇ ਨੇ ਆਪਣੇ ਰੰਗ ਵਿਚ ਰੰਗ ਕੇ ਘੱਲਿਆ ਸੀ। ਅਰ ਉਸਦੇ ਸਿਰ ਉਤੇ ਉਸ ਵੇਲੇ ਕਿਸੇ ਦਾ ਹੱਥ ਸੀ। ਤੁਹਾਨੂੰ ਉਹ ਚੰਗਾ ਲਗ ਗਿਆ। ਚਾਹੀਦਾ ਸੀ ਕਿ ਉਹ ਚੰਗਯਾਈ ਗੁਰ ਨਾਨਕ ਵਲ ਲੈ ਜਾਂਦੀ ਕਿ ਓਹ ਕੇਡਾ ਚੰਗਾ ਹੈ, ਜਿਸਦੇ ਦੂਤ ਵਿਚ ਐਨਾਂ ਅਸਰ ਹੈ। ਤੁਹਾਨੂੰ ਦੂਤ ਚੰਗਾ ਲਗ ਗਿਆ, ਅੰਦਰੋ ਧਿਆਨ ਦੀ ਤਾਰ ਵਿਚ ਫਰਕ ਪੈ ਗਿਆ, ਏਸ ਕਰਕੇ ਤੁਸੀਂ ਉਦਾਸ ਹੋਏ।

ਉਹ ਮਾੜਾ ਤਾਂ ਨਹੀਂ ਸੀ, ਚੰਗਾ ਸੀ ਪਰ ਵਧੀਕ ਚੰਗਾ ਘਲਣ ਵਾਲੇ ਦੇ "ਵਰ" ਕਰਕੇ ਸੀ। ਉਹ ਚੰਗਾਯਾਈ ਪ੍ਰਦਾਨ ਕਰਨੇ ਵਾਸਤੇ ਆਯਾ ਸੀ। ਚੰਗਾਯਾਈ, ਰਸ, ਸ਼ਾਂਤੀ, ਸ਼ੁਕਰ ਲੈਣਾ ਸੀ। ਉਸਦੀ ਸੂਰਤ ਨਹੀਂ ਲੈਣੀ ਸੀ। ਸੂਰਤ ਆਪਣੇ ਧਯਾਨ ਵਿਚ, ਗੁਰੂ ਨਾਨਕ ਦੀ ਕੈਮ ਕਰੋ, ਕੈਮੀ ਕਰਦੇ ਸਾਰ ਤੁਸਾਂ ਵਿਚ ਰਸ ਝਲਕਾਂ ਮਾਰੇਗਾ। ਧਯਾਨ ਦੀ ਖੇਡ ਕਠਨ ਹੈ। ਜਿਸ ਦਰਜੇ ਤੇ ਧਯਾਨ ਨੇ ਚੰਗਾ ਲਗਣਾ ਹੈ ਉਸ ਦਰਜੇ ਦੀ ਚੰਗਯਾਈ ਕਿਸੇ ਦੀ ਨਹੀਂ ਸਮਝਣੀ। ਉਹ ਤਾਰ ਸਭ ਤੋਂ ਉਚੀ ਰਖਿਆ ਕਰੋ। ਇਹ ਬ੍ਰੀਕ ਜੇਹੀ ਗਲ ਹੈ, ਡੂੰਘੀ ਅੰਦਰ ਸੋਚ ਦਿਓਗੇ ਤਾਂ ਸਮਝ ਵਿਚ ਪਵੇਗੀ।

ਏਹ ਪਯਾਰ ਭਰੀ ਸਿਖਯਾ ਹੈ, ਉਲਾਂਭਾ ਯਾ ਝਿੜਕ ਨਹੀਂ ਹੈ। ਉਸ ਦਿਨ ਦੀ ਤੁਹਾਡੀ ਅਖਾਂ ਅੱਗੇ ਮਲੋ ਮਲੀ ਉਹ ਸੂਰਤ ਫਿਰ ਜਾਂਦੀ ਹੈ। ਹੁਣ ਉਸ ਸੂਰਤ ਨੂੰ ਨਾ ਅੱਖਾਂ ਅਗੇ ਲਿਆਓ। ਸੁਨੇਹਾ ਸਤਿਗੁਰ ਦਾ ਹੈ, ਪਯਾਰ ਸਤਿਗੁਰ ਹੈ, ਪਯਾਰ ਸਤਿਗੁਰ ਦਾ ਸੁਨੇਹਾ ਹੈ। ਸੁਰਤ ਵਿਚ, ਧਯਾਨ ਵਾਲੇ ਟਿਕਾਣੇ ਵਿਚ ਕੇਵਲ ਸਤਿਗੁਰ ਚੰਗਾ ਲਗੇ ਤਦ ਤਾਂ ਤਾਰ ਸਾਫ਼ ਰਹੀਂ। ਨਹੀਂ ਤਾਂ ਤੱਕਲੇ ਵਿਚ ਵਲ ਪੈਂਦਾ ਹੈ ਤੇ ਰਸ ਭਜ ਜਾਂਦਾ ਹੈ।


www.sikhbookclub.com

ਇਹ ਗੱਤਕੇਬਾਜ਼ੀ ਦਾ ਖੇਡ ਹੈ। ਧਯਾਨ ਦੀ ਤਾਰ ਗੱਤਕੇਬਾਜ਼ ਦਾ ਉੱਕ ਕੇ ਹੋਰਥੇ ਪਈ ਨਹੀਂ ਤੇ ਗੱਤਕਾ ਵਜਾ ਨਹੀਂ। ਮਤਲਬ ਇਹ ਹੈ ਕਿ ਆਪਣੇ ਸਤਿਗੁਰ ਦੇ ਧਯਾਨ ਨੂੰ ਪਯਾਰ ਕਰੋ। ਸਭ ਤੋਂ ਚੰਗਾ ਤੁਸਾਡਾ ਸਤਿਗੁਰ ਦਾ ਧਯਾਨ ਹੈ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਮਰੀ *
੨੮-੬-੧੯੧੨

ਪਵਿਤ੍ਰਾਤਮਾ ਜੀਓ,

ਆਪਣੇ ਸਮੇਂ ਨੂੰ ਸੰਭਾਲਯਾ ਕਰੋ :-

**"ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥੨੧੩॥"**
(ਸ: ਕਬੀਰ, ਪੰਨਾ ੧੩੭੬)

ਕੰਮਾ ਦੇ ਦਬਾ ਵਿਚ ਦਿਲ ਸਖਣਾ ਕਰ ਬੈਠਣਾ ਅਸਲ ਘਾਟਾ ਹੈ। ਦਿਲ ਸਾਂਈ ਦੇ ਕੰਮ ਚੰਗੇ ਤੋਂ ਚੰਗੇ ਕਰਦਾ ਰਹੇ, ਤਦ ਹੀ ਜੀਉਂਦਾ ਹੈ, ਨਹੀਂ ਤਾਂ ਮੌਤ ਬ੍ਰਾਬਰ ਸਾਡਾ ਜੀਵਨ ਹੈ :-

**"ਸੋ ਜੀਵਿਆ ਜਿਸੁ ਮਨਿ ਵਸਿਆ ਸੋਇ**
**ਨਾਨਕ ਅਵਰੁ ਨ ਜੀਵੈ ਕੋਇ॥"**
(ਵਾਰ ਮਾਝ, ਮਹਲਾ ੧ ਸਲੋਕ, ਪੰਨਾ ੧੪੨)

ਸੁਆਸ ਸੰਭਾਲੋ।

ਹਿਤਕਾਰੀ
ਵੀਰ ਸਿੰਘ

---

* ਮਰੀ - ਕੋਹਮਰੀ ਪਹਾੜ।


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਮਰੀ
੧੧-੯-੧੯੧੨

ਪਵਿਤ੍ਰਾਤਮਾ ਜੀਓ,

ਪ੍ਰਸਾਦਿ ਲਈ, ਜਦ ਜੀ ਚਾਹੇ, ਜੋ ਵਸਤੂ ਸਚੇ ਪਯਾਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜੂਰ ਸ੍ਰੀ ਗੁਰੂ ਜੀ ਦਾ ਧਯਾਨ ਧਰ ਕੇ ਅਰਪਨ ਕਰੋਗੇ, ਨਾਮ ਦੇਵ ਦੇ ਦੁੱਧ ਵਰਗੀ ਹੋ ਜਾਵੇਗੀ। ਸਤਿਗੁਰ ਪਯਾਰ ਦਾ ਪਯਾਰਾ ਹੈ ਅਰ ਪਯਾਰ ਨਾਲ ਸਾਰੇ ਅਸਰ ਪਾ ਦੇਂਦਾ ਹੈ। ਓਦਰਿਆ ਨਾ ਕਰੋ, ਸਤਿਗੁਰ ਜੀ ਹਰ ਦਮ ਅੰਦਰ ਹੈ। ਤੁਸੀਂ ਹਰ ਦਮ ਯਾਦ ਰਖਯਾ ਕਰੋ ਜੋ

**"ਗੁਰੁ ਮੇਰੈ ਸੰਗਿ ਸਦਾ ਹੈ ਨਾਲੇ**
**ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ"**
(ਆਸਾ ਘਰ ੭ ਮਹਲਾ ੫, ੩੯੪)

ਵਾਹਿਗੁਰੂ ਦੇ ਸਿਮਰਨ ਵਿਚ ਟਿਕੇ ਰਿਹਾ ਕਰੋ। ਜੀਵਨ ਦਾ ਲਾਹਾ ਏਹੋ ਹੈ ਕਿ ਅਪਨੇ ਅੰਦਰ ਮਾਲਕ ਨੂੰ ਅਪਨੀ ਟੇਕ ਬਣਾ ਕੇ ਉਸਤੇ ਟਿਕੇ ਰਹੇ ਤੇ ਆਨੰਦ ਰਹੇ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੪-੫-੧੯੨੭

ਪਵਿਤ੍ਰਾਤਮਾ ਜੀਓ,

ਸਤਿਗੁਰ ਲਿਖਦੇ ਹਨ :-

**"ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ
ਨਾਮੁ ਮਹਾ ਰਸੁ ਪੀਓ॥"**

(ਬਿਲਾਵਲੁ ਮਹਲਾ ੫, ਪੰਨਾ ੮੦੨)

ਸਾਡੀਆਂ ਸੁਰਤਾਂ ਖਾਣ ਪੀਣ ਪਹਨਣ, ਸਰੀਰਕ ਸੁਖਾਂ ਤੋਂ ਉਪਰ ਨਹੀਂ ਉਠਦੀਆਂ। ਗੁਰੂ ਜੀ ਫੁਰਮਾਉਂਦੇ ਹਨ ਕਿ ਨਾਮ ਮਹਾਂ ਰਸ ਵਿੱਚ ਮਨ ਚੜ੍ਹੇ। ਜੋ ਚੜ੍ਹਾਉ ਸਿਮਰਨ ਨਾਲ ਪ੍ਰਾਪਤ ਹੁੰਦਾ ਹੈ, ਸਿਮ੍ਰਨ ਤੁਸੀਂ ਕਰਦੇ ਹੋ। ਮੇਰਾ ਮਤਲਬ ਯਾਦ ਕਰਾਉਣ ਤੋਂ ਹੈ। ਇਹੋ ਸੁਖ ਇਹੋ ਵਡਯਾਈ ਹੈ। ਤੁਸਾਡਾ ਜੀਵਨ ਤਾਂ ਵਾਹਿਗੁਰੂ ਨੇ ਕੀਤਾ ਹੀ ਹੈ ਕਿ ਉਸਦੇ ਆਸ੍ਰੇ ਉਚੇ ਸੁਖਾਂ ਵਿਚ ਚੜ੍ਹੇ ਪੰਘੂੜੇ ਝੂਟੋ ਤੇ ਮਨੁਖਾ ਜਨਮ ਸਫਲ ਕਰੋ। ਗੁਰੂ ਅੰਗ ਸੰਗ। ਹੋਰ ਅਸੀਸ।

ਮਲਕ ਜੀ ਜੋਗ ਫਤਹ। ਬਚਯਾਂ ਜੋਗ ਪਯਾਰ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੯-੨-੧੯੫੪

ਪਵਿਤ੍ਰਾਤਮਾ ਜੀਓ,

ਦਿਨ ਇਥੇ ਵਾਹਿਗੁਰੂ ਮੇਹਰ ਨਾਲ ਚੰਗੇ ਗੁਜ਼ਰ ਰਹੇ ਹਨ। ਮੌਸਮ ਹੁਣ ਗਰਮ ਹੋ ਰਿਹਾ ਹੈ ਸਹਜੇ ਸਹਜੇ। ਕੀਰਤਨ ਦਾ ਰੰਗ ਸੁਹਣਾ ਜੰਮਦਾ ਹੈ। ਸ੍ਰੀ ਰਾਜ ਜੀ ਦੇ ਭੈਣ ਜੀ ਸੁਖੀ ਹਨ ਕੀਰਤਨ ਦਾ ਰਸ ਲੈਂਦੇ ਹਨ। ਤੁਸਾਂ ਕੀ ਪਯਾਰ ਆਰਦਾਸੇ ਘਲਦੇ ਹਨ।

ਇਨਸਾਨ ਦਾ ਜੀਵਨ ਇਕ Duty (ਫਰਜ਼) ਹੈ। ਹਰ ਜਗਾ Duty (ਫਰਜ਼) ਵਖਰੀ ਕਿਸਮ ਦੀ ਹੁੰਦੀ ਹੈ ਪਰ ਹੁੰਦੀ ਹੈ।

ਸਭ ਤੋਂ ਵਡੀ Duty (ਫਰਜ਼) ਸਿਮਰਨ ਹਜ਼ੂਰੀ ਦਾ ਹੈ। ਜਿਸ ਨਾਲ ਜਗਤ ਕਰਤਾ ਪੁਰਖ ਵੀ ਖੇਲ ਹੋ ਭਾਸਦਾ ਹੈ। ਕਬੀਰ ਜੀ ਲਿਖਦੇ ਹਨ:

**"ਹਰਿ ਠਗ ਜਗ ਕਉ ਠਗਉਰੀ ਲਾਈ॥"**
(ਗਉੜੀ ਕਬੀਰ ਜੀ-੩੩੧)

ਦਾਰੂ ਦਸਦੇ ਹਨ -

**"ਕਹਿ ਕਬੀਰ ਠਗ ਸਿਉ ਮਨ ਮਾਨਿਆ॥
ਗਈ ਠਗਉਰੀ ਠਗੁ ਪਹਿਚਾਨਿਆ॥੩॥੩੯॥"**

ਠਗ ਕਿਵੇਂ ਪਛਾਣ ਹੋਵੇ? ਫੁਰਮਾਉਂਦੇ ਹਨ :-

**"ਅੰਮ੍ਰਿਤ ਨਾਮੁ ਜਪਉ ਜਪੁ ਰਸਨਾ॥"**
(ਰਾਗ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ, ਪੰਨਾ ੩੩੧)

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

੨੪-੭-੧੯੧੨

ਪਵਿਤ੍ਰਾਤਮਾ ਜੀਓ,

ਸਾਧਨ ਤੇ ਤ੍ਰੀਕੇ ਸਾਈ ਮਿਲਣ ਦੇ ਨਾ ਮੈਂ ਜਾਣਦਾ ਹਾਂ ਤੇ ਜੋ ਸੁਣਦਾ ਹਾਂ, ਉਨ੍ਹਾਂ ਨੂੰ ਮੁਰਦਾ ਪ੍ਰਯਤਨ ਸਮਝਦਾ ਹਾਂ। ਉਹ ਬੰਦੇ ਨੂੰ "ਜੀਵਾਲ" ਨਹੀਂ ਸਕਦਾ ਹੈ, ਪਰ ਇਹ ਸਭ ਕੁਝ ਬੀ ਮੁਰਦਾਪਨੇ ਦੇ ਦਰਜੇ ਹਨ - ਜੀਓ ਪੈਣਾ ਅਰਥਾਤ ਆਤਮ ਜੀਵਨ ਦਾ ਪੈਦਾ ਹੋਣਾ ਇਹ ਸਾਧਨਾ ਦੇ ਵੱਸ ਨਹੀਂ - ਕੂਦੇ ਮਿੱਟੀ ਦੇ ਕਿਣਕਿਆਂ ਨੂੰ ਖਿੱਚੇ ਉਨ੍ਹਾਂ ਨੂੰ ਅਪਨੇ ਵਿਚ ਖਿੱਚ ਕੇ ਆਪਣੇ ਵਰਗਾ ਜੀਉਂਦਾ ਕਰ ਸਕਦਾ ਹੈ।

ਗਲ ਤਾਂ ਕਠਨ ਹੈ - ਪਰ ਖਿਆਲ ਦੇ ਕੇ ਸਮਝਣੀ। ਤੁਸੀਂ ਤ੍ਰਬਕਨਾ ਨਾ, ਕਿ ਨੇਕੀ ਤੇ ਧਰਮ ਨੂੰ ਮੈਂ "ਮੁਰਦਾ ਸਾਧਨ ਸਮਝਦਾ ਹਾਂ"। ਜੋ ਆਖਦਾ ਹਾਂ ਇਸਦਾ ਇਹ ਅਰਥ ਨਹੀਂ ਕਿ ਨੇਕੀ ਤੇ ਧਰਮ ਨੂੰ ਮੈਂ ਚੰਗਾ ਨਹੀਂ ਜਾਣਦਾ ਤੇ ਧਰਮ ਤੇ ਸ਼ੁਧ ਆਚਰਨ ਨੂੰ ਮੈਂ ਪਸੰਦ ਨਹੀਂ ਕਰਦਾ। ਸ਼ਾਯਦ ਕਥਨ ਨਹੀਂ ਕਰ ਸਕਦਾ। ਮੇਰਾ ਮਤਲਬ ਇਹ ਹੈ ਕਿ ਸਾਡੇ ਨੇਮ, ਧਰਮ, ਨੇਕੀਆਂ, ਆਚਰਨ, ਪਾਠ ਉਚੇ ਤੋਂ ਉਚੇ ਸੁੰਦਰ ਮੰਦਰ ਹਨ। ਇਹ ਹੀਰੇ ਤੇ ਲਾਲ ਹਨ ਪਰ ਜਿਹਾ ਕਿ ਮੈਂ 'ਪ੍ਰੀਤਮ ਜੀ'* ਵਿਚ ਦਸਿਆ ਹੈ ਇਹ ਜੀਉਂਦੇ ਨਹੀਂ ਹਨ। ਇਹ ਧਰਤੀ ਤੇ ਉਗੀ ਬੂਟੀ, ਇਕ ਰਿੜ੍ਹਦੀ ਕੀੜੀ ਨਾਲੋਂ ਅਮੋਲਕ ਨਹੀਂ ਹਨ - ਕਿਉਂਕਿ ਇਹ ਦੋਨੋ ਜੀਉਂਦੀਆਂ ਹਨ। ਹੀਰਾ ਮੁਰਦਾ ਸ਼ੈ ਹੈ। ਅਰ ਘਾਹ ਦਾ ਤੀਲਾ ਤੇ ਕੀੜੀ ਹੀਰੇ ਨਾਲੋਂ ਅਮੋਲਕ ਹਨ ਕਿਉਂਕਿ ਇਹ ਜੀਉਂਦੀਆਂ ਵਸਤਾਂ ਹਨ - ਇਸੇ ਤਰਾਂ ਸਾਡੀ ਨੇਕੀ, ਸਾਡੇ ਸਾਧਨਾਂ ਨਾਲ ਪੈਦਾ ਕੀਤੇ ਕਰਮ, ਧਰਮ ਤੇ ਨੇਮ, ਜਪ, ਆਚਰਨ ਆਦਿ ਹੀਰਿਆਂ ਵਰਗੇ ਅਮੋਲਕ ਹਨ - ਅਰ ਮੁਰਦਾ ਹਨ - ਰੂਹਾਨੀ ਜ਼ਿੰਦਗੀ ਕਿਣਕੇ ਜਿੰਨੀ ਬੀ ਇਕ ਜੀਉਂਦੀ ਤਾਕਤ ਹੈ - ਇਸ ਜਿੰਦ ਦਾ ਗੁਰੂ ਜੀ ਨੇ ਇਹ ਪਤਾ ਦਿਤਾ ਹੈ।

**"ਜੀਅ ਦਾਨੁ ਦੇ ਭਗਤੀ ਲਾਇਨਿ**
**ਹਰਿ ਸਿਉ ਲੈਨਿ ਮਿਲਾਏ॥"** (ਸੂਹੀ ਮਹਲਾ ੫, ਪੰਨਾ ੭੪੯)

---

* ਕਲਗੀਧਰ ਚਮਤਕਾਰ ਪੁਸਤਕ ਦੇ ਇਕ ਅਧਿਆਏ ਦਾ Heading


www.sikhbookclub.com

ਇਹ ਜੀਅ ਜੋ ਹੈ ਦਾਨ ਹੈ - ਅਰ ਸਾਡੇ ਸਾਧਨਾਂ ਨਾਲ, ਸ਼ੁਭ ਕਰਮ ਨਾਲ ਪੈਦਾ ਕੀਤੀ ਨੇਕੀ ਦੇ ਮੁਕਾਬਲੇ ਤੇ ਜੀਉਂਦੀ ਤਾਕਤ ਹੈ - ਉਹ ਇਸਦੇ ਸਾਹਮਣੇ ਮੁਰਦਾ ਸ਼ੈ ਹਨ - ਇਸ ਕਰਕੇ ਸਤਿਗੁਰ ਨੇ ਸਾਡੀਆਂ ਨੇਕੀਆਂ, ਜਪਾਂ, ਤਪਾਂ, ਨੇਮਾਂ, ਧਰਮਾਂ, ਸੰਜਮਾਂ, ਖੁਸ਼ੀਆਂ, ਸੁਖਾਂ, ਵਡਿਆਈਆਂ, ਅਮੀਰੀਆਂ, ਇਜ਼ਤਾਂ ਸਭ ਨੂੰ ਮੁਰਦਾ ਜਾਨ ਕੇ "ਜੀਵਨ" ਦੀ ਇਕ ਨਿਮਖ ਤੋਂ ਸਦਕੇ ਕਰਕੇ ਮਿਟਾ ਦੇਣਾ ਲਿਖਿਆ ਹੈ। -

**"ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ॥**
**ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਉ ਸਰਬ॥"**

(ਚਉਬੋਲੇ ਮ: ੫, ਪੰਨਾ ੧੩੬੪)

ਬੇਸ਼ਕ ਅਮੀਰਾਂ ਦੀ ਨਜ਼ਰ ਵਿਚ ਹੀਰਾ ਅਮੋਲਕ ਹੈ - ਪਰ ਜਿਸਨੂੰ ਜਿੰਦਗੀ ਦੀ ਕਦਰ ਹੈ - ਜੋ ਮੁਰਦਾ ਖਾਣੀ ਸ੍ਰਿਸ਼ਟੀ ਵਿਚ ਜੀਵਨ ਲਭਦਾ ਹੈ ਓਹ ਇਕ ਚੰਬੇਲੀ ਦੇ ਫੁਲ ਦੇ ਸਾਹਮਣੇ ਹੀਰੇ ਨੂੰ ਠੋਕ ਠੋਕ ਕੇ ਮੁਰਦਾ ਆਖਦਾ ਹੈ।

ਹੁਣ ਤੁਸੀਂ ਆਖੋਗੇ ਕਿ ਇਹ ਜੀਵਨ ਕਿਥੋਂ ਲੱਭੇ, ਇਸਦਾ ਕੋਈ ਸਾਧਨ? ਮੈ ਡੰਕੇ ਦੀ ਚੋਟ ਨਾਲ ਆਖਦਾ ਹਾਂ - ਅਸੀਂ ਮੁਰਦੇ ਹਾਂ, ਮੁਰਦਿਆਂ ਦੇ ਸਾਧਨ ਮੁਰਧਯਾਨ ਤੀਕ ਪਹੁੰਚਾ ਸਕਦੇ ਹਨ - ਜੀਵਨ ਕਿਥੋਂ ਪੈਦਾ ਕਰ ਸਕਦੇ ਹਨ ? ਤੁਸੀਂ ਦਸੋ ਕਦੇ ਕੋਈ ਅਰੂੜੀ ਦੀ ਮੁਠ ਆਪਣੇ ਸਾਧਨ ਨਾਲ ਗੁਲਾਬ ਦਾ ਬੂਟਾ ਬਣ ਗਈ ਹੈ ? ਕਦੇ ਕੋਈ ਬਾਂਦਰ ਕਿਸੇ ਸਾਧਨ ਨਾਲ ਆਦਮੀ ਬਣ ਗਿਆ ਹੈ? ਕਿਸੇ ਤਰਾਂ ਅਸੀਂ ਕਿਸੇ ਸਾਧਨ ਨਾਲ ਜੀਉਂਦੇ ਹੋ ਕੇ ਰੱਬ ਦੀ ਆਤਮ ਸ੍ਰਿਸ਼ਟੀ ਦੇ ਦੇਉਤੇ ਕਿਵੂੰ ਬਣ ਸਕਦੇ ਹਾਂ। ਜਿਸ ਤਰ੍ਹਾਂ ਕੋਈ ਗੁਲਾਬ ਦਾ ਬੂਟਾ ਅਰੂੜੀ ਨੂੰ ਆਪਣੀਆਂ ਜੜ੍ਹਾਂ ਨਾਲ ਆਪਣੇ ਵਿਚ ਖਿਚ ਲਵੇ ਤੇ ਜੀਉਂਦੇ ਫੁਲ ਬਣਾ ਦੇਵੇ, ਇਸੇ ਤਰ੍ਹਾਂ ਸਦਾ ਜੀਉਂਦੇ ਸਦਾ ਜਾਗਦੇ ਆਤਮ ਜੀਵਨ ਦਾ ਮਾਲਕ ਵਾਹਿਗੁਰੂ ਜੇ ਸਾਨੂੰ ਆਪਣੇ ਵਿਚ ਲੈ ਲਵੇ, ਆਪਣੇ ਜਿੰਦਗੀ ਬਖਸ਼ ਲੈਹਰੇ ਸਾਡੇ ਵਿਚ ਘਲੇ ਤਾਂ ਤਾਂ ਅਸੀਂ ਜੀਓ ਪਈਏ - ਇਸਨੂੰ ਨਦਰ ਆਖਦੇ ਹਨ।

**"ਮੈਂ ਊਪਰਿ ਨਦਰਿ ਕਰੀ ਪਿਰਿ ਸਾਚੈ**
**ਮੈ ਛੋਡਿਆੜਾ ਮੇਰਾ ਤੇਰਾ॥"** (ਵਡਹੰਸ ਮਹਲਾ ੪ ਘਰੁ ੨, ਪੰਨਾ ੫੬੧)

ਇਹ ਵਾਹਿਗੁਰੂ ਦੀ ਬਖਸ਼ਸ਼ ਹੈ। ਉਸਦੀ ਨਦਰ ਹੈ - ਜਿਸੇ ਚਾਹੇ ਜਿਵਾ ਲਵੇ। ਹੁਣ ਆਖੀਦਾ ਹੈ - ਪਈ ਤਦ ਤਾਂ ਸਾਡੇ ਲਈ ਕੋਈ ਆਸ ਬਾਕੀ ਨਾ ਰਹੀ, ਅਸਾਂ ਵਿਚ ਜੀਵਨ ਨਹੀਂ ਹੈ - ਅਸੀਂ ਮੁਰਦੇ ਹਾਂ, ਸਾਡੇ

 www.sikhbookclub.com

ਸਾਧਨ ਮੁਰਦੇ ਹਨ, ਅਸੀਂ ਕੁਛ ਨਹੀਂ ਕਰ ਸਕਦੇ। ਰਬ ਦੀ ਮਿਹਰ ਸਾਡੇ ਵਸ ਨਹੀਂ - ਇਸ ਕਰਕੇ ਨਿਰਾਸ ਹੋ ਜਾਈਏ, ਇਹ ਗਲ ਨਹੀਂ। ਗਲ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਇਸ ਵਿਉਂਤ ਵਿਚ ਰਖੀਏ ਕਿ ਸਾਥੋਂ ਉਚੇਰਾ ਮੰਡਲ ਅਰਥਾਤ ਆਤਮ ਜੀਵਨ ਸਾਡੇ ਵਿਚ ਫੂਕ ਮਾਰਕੇ ਸਾਨੂੰ ਜੀਵਾਲੇ ਅਰ ਅਸਾਂ ਵਿਚ ਉਸ ਦੇ ਲਹਿਰੇ ਆ ਆ ਕੇ ਸਾਨੂੰ ਆਤਮ ਜੀਵਨ ਵਿਚ ਮੌਲਾਈ ਤੇ ਵਧਾਈ ਜਾਣ। ਤੁਹਾਨੂੰ ਪਤਾ ਹੈ ਕਿ ਇਕ ਬੀਜ ਆਪਣੇ ਲਈ ਕੁਛ ਨਹੀਂ ਕਰ ਸਕਦਾ, ਨਿਮਾਣਾ ਹੋਕੇ ਧਰਤੀ ਵਿਚ ਢਹਿ ਪੈਂਦਾ ਹੈ।

ਭਾਈ ਗੁਰਦਾਸ ਜੀ ਲਿਖਦੇ ਹਨ - ਉਹ ਧਰਤੀ ਦੀ ਗੋਦ ਵਿਚ ਸੜ ਜਾਂਦਾ ਹੈ। ਆਪਾ ਵਾਰ ਦੇਂਦਾ ਹੈ, ਕੋਈ ਸਾਧਨ ਕੋਈ ਹਿੰਮਤ, ਕੋਈ ਹੁਜਤ, ਕੋਈ ਦਲੀਲ ਨਹੀਂ ਧਾਰਦਾ। ਧਰਤੀ ਆਪ ਤੋਂ ਆਪ ਉਸਨੂੰ ਰਸ ਦੇਂਦੀ ਹੈ, ਜਦ ਧਰਤੀ ਤੋਂ ਬਾਹਰ ਆ ਜਾਂਦਾ ਹੈ ਤਦ ਰੋਸ਼ਨੀ, ਹਵਾ, ਧੁੱਪ, ਸਾਰੇ ਉਸਦੇ ਪਤੀਆਂ ਦੀ ਪਾਲਨਾ ਕਰਦੇ ਹਨ। ਬੂਟਾ ਆਪ ਤੋਂ ਆਪ ਫੇਰ ਵਧਦਾ ਜਾਂਦਾ ਹੈ। ਫੁਲ ਪੈਂਦੇ ਹਨ, ਫਲ ਲਗਦੇ ਹਨ। ਇਸੇ ਤਰ੍ਹਾਂ ਇਕ ਕਣੀ ਜੀਵਨ ਦੀ ਅੰਦਰ ਆ ਜਾਵੇ ਅਰ ਫੇਰ ਇਹ ਬੰਦਾ ਸਾਧਨ ਵਿਚ ਨ ਪਵੇ, ਚਤਰਾਈਆਂ ਛੱਡ ਦੇਵੇ, ਆਪਣੀ ਅਕਲ ਨੂੰ ਆਪਣੇ ਵਾਧੇ ਦੇ ਫਿਕਰ ਵਿਚ ਨਾਂਹ ਲਾਵੇ, ਫਿਕਰ ਤੇ ਚਿੰਤਾ ਖੂਹ ਵਿਚ ਸਟ ਪਾਵੇ, ਸੋਚਾਂ ਛੱਡੇ, ਆਪਣੀਆਂ ਰਾਵਾਂ, ਉਕਤੀਆਂ, ਜੁਗਤੀਆਂ ਤਿਆਗੇ। ਉਸ ਕਿਣਕੇ ਨੂੰ ਅੰਦਰ ਲੈ ਕੇ ਹਰਦਮ ਹਰ ਵੇਲੇ ਮਨ ਨੂੰ ਸ਼ਾਂਤੀ ਵਲ ਲਾ ਰਖੇ, ਇਹ ਵਹਮ ਬੰਨ੍ਹ ਕੇ ਇਹ ਨਿਸਚਾ ਧਾਰ ਕੇ ਕਿ ਸਾਈਂ ਮੇਰਾ, ਮੇਰਾ ਜੀਵਨ ਦਾਤਾ ਮੇਰੇ ਅੰਦਰ ਹੈ। ਉਸਦੇ ਅੰਦਰ ਹੋਣ ਦੀ-'ਹੈ'- ਦੇ ਖਿਲਾਲ ਨੂੰ ਦੂਰ ਨਾ ਹੋਣ ਦੇਵੇ। ਇਹ ਖਿਆਲ ਰਹੇ ਉਸ ਮਾਲਕ ਦਾ ਰਸ ਏਸ ਵਿਚ ਆਕੇ ਏਸਨੂੰ ਪਾਲਦਾ ਹੈ ਚੰਗੀ ਤਰ੍ਹਾਂ ਸਮਝ ਲੈਣਾ, ਸਾਡਾ ਸਾਧਨ ਸਾਨੂੰ ਆਤਮ ਜੀਵਨ ਵਿਚ ਨਹੀਂ ਪਾਲਦਾ। ਸਾਈਂ ਦੀ ਮਿਹਰ ਦਾ ਮੀਂਹ ਜੋ ਹਰ ਵੇਲੇ ਵਸ ਰਿਹਾ ਹੈ, ਉਸ ਦੇ ਅਗੇ ਚਿਤ ਨੂੰ ਵਿਛਾ ਛਡਣਾ, ਓਸ ਅੱਗੇ ਟਿੱਬੇ ਨਾ ਬਣਨਾ ਫੇਰ ਮੀਂਹ ਸੁੱਕੇ ਟੋਇਆਂ ਨੂੰ ਸੁਭਰ ਭਰੇ ਤਲਾ ਬਣਾ ਦੇਂਦਾ ਹੈ-ਅਸੀਂ ਆਪ ਨੂੰ ਪਾਲਣ ਦੇ ਸਮਰਥ ਨਹੀਂ। ਵਾਹਿਗੁਰੂ ਦਾ ਆਤਮ ਮੰਡਲ ਹਰ ਵੇਲੇ ਪਾਲਨ ਦਾ ਸਾਮਾਨ ਲੈ ਕੇ ਖੜਾ ਹੈ। ਸਾਡੇ ਮਨ ਦਾ ਰੁਖ ਉਸ ਤੋਂ ਲਾਭ ਲੈਣ ਦੇ ਉਲਟ ਹੋ ਰਿਹਾ ਹੈ। ਜੇਕਰ ਅਸੀਂ ਆਪਣੇ ਮਨ ਦੇ ਰੁਖ ਨੂੰ ਸਾਈਂ ਦੇ ਨਾਲ ਪਿਉਂਦ ਕਰੀਏ ਕਿ ਜਿਕੁਰ ਅਰੂੜੀ ਦਾ ਢੇਰ ਜੜਾਂ ਦੇ ਨਾਲ ਜਾ ਲਗਦਾ ਹੈ, ਫੇਰ ਜੜ੍ਹਾਂ ਵਿਚ ਸਮਰਥਾ ਹੈ ਕਿ ਉਸ ਨੂੰ ਫੁਲ ਬਣਾ ਦੇਣ ਤਾਂ ਜੀਓ ਪਈਏ, ਮਨ ਦਾ ਰੁਖ, ਕੇਵਲ

 www.sikhbookclub.com

ਇਹ ਗਲ ਹੈ - ਇਹ ਹੈ ਜੋ ਕੁਛ ਹੈ - ਵਾਹਿਗੁਰੂ ਭਰਪੂਰ ਪਿਆਰ ਦਾ ਸੋਮਾ - ਮਰਦੇ ਜੀਵਣ ਲਈ, ਹਰ ਮੁਰਦਾ ਰੂਹ ਵਿਚ ਜੀਵਨ ਦੀ ਰੌ ਚਲਾ ਲੈਣ ਲਈ ਤਿਆਰ ਹੈ। ਆਪਣੇ ਮਨ ਦਾ ਰੁਖ ਅਠ ਪਹਿਰ ਉਸਦੇ ਪਿਆਰ ਹੇਠ ਰਖੋ, ਉਸਦੀ ਦਾਤ ਪਾਲੇਗੀ। ਮੈਂ ਸਾਧ, ਫਕੀਰ, ਸੰਤ, ਮਹਾਤਮਾ, ਸਾਧਕ, ਜ਼ਾਹਦ ਕੁਛ ਨਹੀਂ, ਕਿਉਂਕਿ ਮੇਰਾ ਭਰੋਸਾ ਆਪਣੀਆਂ ਕੋਸ਼ੀਸ਼ਾਂ ਪਰ ਨਹੀਂ। ਮੈਂ ਨੇਕੀ, ਤਪ, ਸਾਧਨ, ਧਰਮ, ਸਭ ਨੂੰ ਚੰਗਾ ਜਾਣਦਾ ਹਾਂ ਅਰ ਆਤਮ ਰਸੀਆਂ ਵਿਚ ਇਹ ਹੋਣੇ ਚਾਹੀਦੇ ਹਨ। ਇਹ ਸਭ ਕੁਛ ਸਾਡੇ ਵਿਚ ਹੋਵੇ ਪਰ ਸਾਨੂੰ ਅੰਨ੍ਹਿਆਂ ਨਾ ਕਰ ਦੇਵੇ ਕਿ ਇਹੋ ਕੁਛ ਹੈ - ਹੋਰ ਨਹੀਂ। ਇਹ ਮੁਰਦਿਆਂ ਦੇ ਦੇਸ ਦਾ ਉਚੇ ਤੋਂ ਉਚਾ ਮੁਨਾਰਾ ਹੈ ਪਰ ਇਹ ਜੀਉਂਦਾ ਅਰਸ਼ੀ ਸੂਰਜ ਨਹੀਂ ਹੈ।

ਇਸ ਲਈ ਮੇਰੇ ਖਿਆਲ ਵਿਚ ਇਹ ਯਤਨ ਕਰੋ ਕਿ ਮੇਰੇ ਵਿਚ ਜੀਵਨ ਕਣੀ ਆ ਪਵੇ - ਤੇ ਫੇਰ ਉਸਦੀ ਨਦਰ - ਮਿਹਰ ਤੇ ਪਿਆਰ ਦੀ ਰੌ ਹਰ ਵੇਲੇ ਹਰ ਸੁਆਸ ਸੁਤੇ ਬੈਠੇ ਜਾਗਦੇ ਮੇਰੇ ਵਿਚ ਤੁਣਕੇ ਮਾਰਦੀ ਰਹੇ - ਫੇਰ ਜੀਕੂੰ ਆਪ ਤੋਂ ਆਪ ਇਕ ਕਣੀ ਮਾਤਾ ਦੇ ਉਦਰ ਵਿਚ ਇਕ ਜੀਉਂਦਾ ਜਾਗਦਾ ਸੁੰਦਰ ਲਾਲ ਤੇ ਅਕਲਾਂ ਵਾਲਾ ਮਨੁੱਖ ਬਣ ਜਾਂਦਾ ਹੈ, ਬਚੇ ਦਾ ਕੁਛ ਉਦਮ ਨਹੀਂ, ਕੋਈ ਸਾਧਨ ਨਹੀਂ, ਮਾਤਾ ਦਾ ਖ਼ੂਨ ਆਪ ਤੋਂ ਆਪ ਉਸ ਨੂੰ ਪਾਲਦਾ ਹੈ, ਤਿਵੇਂ ਆਤਮ ਕੁਖ ਵਿਚ ਪੈ ਕੇ ਅਸੀਂ ਉਸ ਪਿਆਰੇ ਦੇ ਆਪਣੇ ਜਿੰਦਗੀ ਬਖਸ਼ ਲਹਿਰਿਆਂ ਨਾਲ ਪਕ ਨਿਕਲੀਏ, ਤੇ ਸਦਾ ਦੇ ਜੀਵਨ ਨੂੰ ਪਾ ਕੇ - ਜੀਵੇ - ਹੋ ਜਾਈਏ। ਕਰੀਏ ਕੇਵਲ ਇਹ ਜੇ ਹੋ ਸਕੇ ਤਾਂ - ਕਿ ਆਸ ਕਰੀਏ, ਮੰਗੀਏ, ਪਰ ਕਿਕੂੰ ? ਜੋ ਕਾਹਲੇ ਹੋ ਕੇ ਨਾ ਮੰਗੀਏ। ਮੰਗੀਏ ਬੀ ਕਾਹਨੂੰ-ਮਨ ਦਾ ਰੁਖ, ਮਨ ਦਾ ਝੁਕਾਓ ਉਸ ਪ੍ਰੀਤਮ ਦੇ ਖਿਆਲ ਨਾਲ ਜੋੜ ਛਡੀਏ। ਉਸਦਾ ਆਪਣਾ ਲਹੂ ਸਾਨੂੰ ਪਾਲੇਗਾ। ਉਸਦੀ ਆਪਣੀ ਨਿਘ ਸਾਨੂੰ ਉਸਾਰੇਗੀ, ਉਸਦੀ ਜਿੰਦਗੀ ਸਾਨੂੰ ਜਿਉਂਦੀ ਕਰੇਗੀ। ਸਤਿਗੁਰ ਦੀ ਮਤ ਕੇਵਲ ਮੇਰੇ ਅੰਦਰ ਵਸੇ -

**"ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ"**

(ਰਾਗ ਸੂਹੀ ਮ:੫ ਅਸਟਪਦੀਆਂ ਘਰ ੧੦ ਕਾਫੀ - ਪੰਨਾ ੭੬੧)

ਆਪ ਤੇ ਵਾਹਿਗੁਰੂ ਦੇ ਦਰ ਢਹਿ ਪਈਏ ਤੇ ਦ੍ਰਿੜ ਆਸਾਵੰਦ ਰਹੀਏ ਕਿ ਦਾਤਾ ਜੁਆਲੇਗਾ। ਮਨ ਦਾ ਰੁਖ਼ ਕਬੂਲ ਕਰਨ ਵਾਲਾ, ਲੈਣ ਵਾਲਾ ਮੰਗਤੇ ਵਾਂਙੂ, ਜੋ ਹਰ ਵੇਲੇ ਝੋਲੀ ਅਡੀ ਰਖਦਾ ਹੈ - ਐਉਂ ਵਾਹਿਗੁਰੂ ਦੇ ਦੁਆਰੇ ਮਨ ਦਾ ਲੈਣ ਵਾਲਾ ਰੁਖ ਬਨ੍ਹਾਂ ਦੇਈਏ। ਹੋਰ ਸਹਸ ਸਿਆਣਪਾਂ


www.sikhbookclub.com

ਛੋੜ ਦੇਈਏ। ਜੇਕਰ ਇਹ ਗਲ ਪਸੰਦ ਆਵੇ, ਸੁਭਾਉ ਨਾਲ ਮਿਲੇ ਤਾਂ ਕਰੋ। ਜ਼ਰੂਰ ਕਰੋ। ਜੇ ਮਾੜੀ ਲਗੇ ਤਾਂ ਤਿਆਗ - ਮੇਰੀ ਹਟ ਵਿਚ ਕੋਈ ਸੌਦਾ ਨਹੀਂ, ਇਕੋ ਸਖਣੇਪਣ ਦਾ ਵਖਰ ਹੈ, ਦਿਲ ਵਿਚ ਮੁਰਦਾਪਨ ਹੈ - ਮੈਂ ਜਾਣ ਲਿਆ ਕਿ ਮੈਂ ਮੁਰਦਾ ਹਾਂ ਅਰ ਮੁਰਦਾ ਆਪ ਨੂੰ ਜੀਵਾਲ ਨਹੀਂ ਸਕਦਾ। ਏਸ ਕਰਕੇ ਮਨ ਨੂੰ ਸਖਣਾ ਕਰੀਏ ਤੇ ਦਾਨਾਈਆਂ ਕਢੀਏ ਤੇ ਮਨ ਦਾ ਰੁਖ ਐਸਾ ਬਣਾਓ ਕਿ ਜੀਉਂਦੇ ਦੇ ਦਰ ਤੇ ਢਹਿ ਰਹੇ। ਜਿਸਦੀ ਨਜ਼ਰ ਵਿਚ ਜੀਵਨ ਹੈ ਕਿ ਜਿਸਦੀ ਦ੍ਰਿਸ਼ਟੀ ਵਿਚ ਜਿੰਦਗੀ ਹੈ।

ਉਸ ਦੇ ਆਸਾਵੰਦ ਬੈਠੇ ਰਹੀਏ:

**"ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥**
**ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥੬੧॥"**

(ਸਲੋਕ ਭਗਤ ਕਬੀਰ ਜੀਉਕੇ ਪੰਨਾ ੧੩੬੭)

ਕਬੀਰ ਕੁਛ ਨ ਕਰਿ ਸਕਿਆ, ਬਾਜਾਰਾਂ ਵਿਚ ਨਿਮਾਣਾ ਹੋਕੇ ਲੰਮਾ ਪੈ ਰਿਹਾ। ਰਾਮਾਨੰਦ ਜੀ ਜੀਉਂਦੇ ਫ਼ਕੀਰ ਦੀ ਠੋਕਰ ਵਜੀ - ਉਹ ਠੋਕਰ ਜੀਉਂਦੀ ਕਣੀ ਉਨ੍ਹਾਂ ਦੇ ਅੰਦਰ ਪਾ ਗਈ - ਕਬੀਰ ਦੇਖੋ ਜੀਓ ਉਠੀਆ - ਉਸ ਪਿਆਰੇ ਗੁਰ ਨਾਨਕ ਦੇ ਰਸਤੇ ਦਿਲ ਵਿਛਾ ਛਡੀਏ - ਕੀਹ ਜਾਣੀਏ ਕਿ ਜੀਉਂਦੇ ਸਤਿਗੁਰ ਨਾਨਕ ਜੀ ਦੀ ਠੋਕਰ ਨਾਲ ਜੀਵਨ ਕਣੀ ਆ ਜਾਵੇ। ਇਹ ਗਲ ਸਭਨਾਂ ਲਈ ਸਾਂਝੀ ਹੈ ਪਰ ਇਹ ਨਿਮਾਣ ਪੁਣੇ ਦਾ ਰਸਤਾ ਹੈ - ਤੇ ਪਿੰਗਲਿਆਂ ਤੇ ਅਪਾਹਜਾਂ ਤੇ ਮੁਰਦਿਆਂ ਦਾ ਹੈ - ਜਿਨ੍ਹਾਂ ਵਿਚ ਮੇਰੇ ਵਾਂਗੂ ਕੋਈ ਨੇਕੀ ਨਹੀਂ, ਕਿਸੇ ਨੇਕੀ ਦਾ ਬਲ ਨਹੀਂ ਅਰ ਅਪਨੇ ਕਿਸੇ ਧਰਮ ਕਰਮ ਤੇ ਟੇਕ ਨਹੀਂ :

**"ਕਹ ਪਿੰਗੁਲ ਪਰਬਤ ਪਰ ਭਵਨ॥**
**ਨਹੀ ਹੋਤ ਊਹਾ ਉਸੁ ਗਵਨ॥**
**ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ॥**
**ਨਾਨਕ ਤੁਮਰੀ ਕਿਰਪਾ ਤਰੈ॥੬॥"**

(ਗਉੜੀ ਸੁਖਮਨੀ ਮਹਲਾ ੫, ਪੰਨਾ ੨੬੭)

**"ਮੂ ਥੀਅਊ ਤਖਤੁ ਪਿਰੀ ਮਹਿੰਜੇ ਪਾਤਸ਼ਾਹ॥**
**ਪਾਵ ਮਿਲਾਵੇ ਕੋਲਿ ਕਵਲ ਜਿਵੈ ਬਿਗਸਾਵਦੋ॥"**

(ਮਾਰੂ ਵਾਰ ਮਹਲਾ ੫, ਡਖਣੇ ਮ: ੫ ਪੰਨਾ ੧੦੯੮)

ਹਿਤਕਾਰੀ, ਵੀਰ ਸਿੰਘ

 www.sikhbookclub.com

# ੨. ਸੋ ਮੈ ਵਿਸਰਿ ਨਾ ਜਾਈ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

੩੧-੩-੧੯੧੨

ਪਵਿਤ੍ਰਾਤਮਾ ਜੀਓ,

ਗ਼ਾਫ਼ਲ ਨਹੀਂ ਹੋਣਾ ਚਾਹੀਦਾ। ਸੁਖ ਤੇ ਰਸ ਵਾਹਿਗੁਰੂ ਦੀ ਦਾਤ ਹੈ ਜਿਸ ਦੇ ਦੁਆਰੇ ਅਸੀਂ ਮੰਗਤੇ ਹਾਂ। ਮੰਗਤੇ ਦੇ ਵਸ ਵਿਚ ਦਾਤ ਨਹੀਂ ਹੁੰਦੀ। ਪਰ ਆਸਾਵੰਦ ਹੋ ਕੇ ਦੁਆਰੇ ਤੇ ਬੈਠੇ ਰੈਹਣਾ ਤੇ ਝੋਲੀ ਅੱਡੀ ਰਖਣੀ ਤੇ ਮੰਗੀ ਜਾਣਾ, ਏਹ ਮੰਗਤੇ ਦਾ ਧਰਮ ਹੈ,

**"ਜੇ ਦਰਿ ਮਾਂਗਤੁ ਕੂਕ ਕਰੈ ਮਹਲੀ ਖਸਮੁ ਸੁਣੇ॥**
**ਭਾਵੈ ਧੀਰਕ ਭਾਵੈ ਧਕੇ ਏਕ ਵਡਾਈ ਦੇਇ॥੧॥"**

(ਆਸਾ ਮਹਲਾ ੧, ਪੰਨਾ ੩੪੯)

ਫੇਰ ਆਖਿਆ ਹੈ:

**"ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥**
**ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰੁ॥੨੨੩॥"**

(ਸਲੋਕ ਕਬੀਰ ਪੰਨਾ ੧੩੭੬)

ਇਸ ਲਈ ਘਬਰਾਨਾ ਕਦੇ ਨਹੀਂ। ਤਕੜੇ ਰੈਹਣਾ ਤੇ ਸਦਾ ਲਗੇ ਰੈਹਣਾ ਚਾਹੀਦਾ ਹੈ।

**ਲਗਾ ਰਹੇਂ ਤਾਂ ਲਗਾ ਰਹੁ, ਹਰਦਮ ਕਦੀ ਨ ਡੋਲ**
**ਲਗਾ ਰਹੇਂ ਤਾਂ ਲਾਖ ਕਾ, ਹਟੇਂ ਤਾਂ ਕਉਡੀ ਮੋਲ।**

ਅਸੀਂ ਨੇਮ ਨਿਬਾਹੀਏ, ਹਜ਼ੂਰੀ ਵਿਚ ਪਾਠ ਕਰੀਏ, ਸਤਿਗੁਰ ਦੇ ਧਯਾਨ ਵਿਚ ਰਹੀਏ, ਅਗੋਂ ਦਾਤਾ ਦੀ ਮਰਜ਼ੀ ਜਦੋਂ ਚਾਹੇ ਖੈਰ ਪਾਵੇ। ਡੋਲੀਏ ਕਦੇ ਨਾ।

ਗੁਰੂ ਨਾਨਕ ਦੇਵ ਪਯਾਰੇ ਸਤਿਗੁਰ ਦੀ ਸ਼ਰਨ ਤੇ ਨਾਮ ਦਾ ਪ੍ਰਵਾਹ ਟੁਰਯਾ ਰਹੇ ਤਾਂ ਸ੍ਰੇਸ਼ਟ ਹੈ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

੧੫-੮-੧੯੧੨

ਪਵਿਤ੍ਰਾਤਮਾ ਜੀਓ,

ਬਸ ਟੁਰੀ ਚਲੋ, ਵਾਹਿਗੁਰੂ ਦਾ ਸਿਮਰਨ ਕਰੋ, ਬਾਣੀ ਪੜ੍ਹੋ, ਗੁਰੂ ਨਾਨਕ ਦੇ ਚਰਨਾਂ ਨੂੰ ਅੰਦਰ ਵਸਾਓ। ਦਰਸ਼ਨਾਂ ਦੀ ਸਿਕ ਹੀ ਬੜੀ ਦਾਤ ਹੈ। ਇਸ ਛਿਕ ਤੇ ਸਿਕ ਦੇ ਆਸਰੇ ਨਾਮ ਜਪ ਹੁੰਦਾ ਹੈ। ਜਿਸ ਨੂੰ ਛਿਕ ਨਹੀਂ ਪੈਂਦੀ ਉਹ ਕਦੇ ਨਾਮ ਨਹੀਂ ਜਪ ਸਕਦਾ।

ਅਸਲ ਵਿਚ ਇਹ ਛਿਕ ਗੁਰੂ ਨਾਨਕ ਦੇਵ ਜੀ ਆਪ ਪਾਂਦੇ ਹਨ ਤੇ ਲੜ ਲਾਂਦੇ ਹਨ। ਉਨ੍ਹਾਂ ਦੀ ਮਿਹਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਾ ਦਰਸ਼ਨ ਪਿਆਰ ਨਾਲ, ਕਰਿਆ ਕਰੋ ਅਰ ਧਿਆਨ ਨਾਲ ਮਥੇ ਟੇਕਿਆ ਕਰੋ।

ਧੰਨ ਗੁਰੂ ਨਾਨਕ ਦੇਵ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

੧੧-੭-੧੯੧੨

ਪਵਿਤ੍ਰਾਤਮਾ ਜੀਓ,

ਨੀਂਦ ਸਫਲ ਸਤਿਗੁਰ ਦੇ ਚਰਨਾਂ ਵਿਚ ਤਾਂ ਬੀਤਦੀ ਹੈ ਜੇ ਰਾਤ ਪਾਠ ਤੇ ਨਾਮ ਵਿਚ ਲੀਨ ਹੋਕੇ ਸੰਵੀਏ। ਸੈਂ ਜਾਈਏ ਜਾਗੇ* ਕਦੇ ਨਾ ਕੱਟੀਏ, ਪਰ ਸੈਂਣ ਵੇਲੇ ਸੁਰਤ 'ਸਾਂਈ' ਵਿਚ ਲਾਕੇ ਸੰਵੀਏ। ਦਿਨ ਬੀ ਕੰਮ ਕਾਜ ਕਰਦੇ ਮਨ ਧਯਾਨ ਵਿਚ ਰਖਿਆ। ਸੰਸਾਰ ਦੇ ਲੋਕਾਂ ਦਾ ਅੰਦਰ ਦਾ ਸਾਰਾ ਧਯਾਨ ਬਾਹਰਲੇ ਕੰਮਾ ਵਿਚ ਲਗਾ ਕੇ ਅੰਦਰਲੀ ਤਾਰ ਟੁਟੀ ਰਹਿੰਦੀ ਹੈ। ਸੁਰਤ ਲੋਕਾਂ ਦੇ ਅੰਦਰ ਲਿਵ ਜਾਗ ਕੇ ਧਯਾਨ ਆਪਣੇ ਦਾਤਾ ਵਿਚ ਰਹਿੰਦਾ ਹੈ ਤੇ ਸੰਸਾਰ ਦੇ ਕੰਮ ਸਹ ਸੁਭਾ ਚੰਗੇ ਕਰੀ ਜਾਂਦਾ ਹੈ।

ਹਿਤਕਾਰੀ
ਵੀਰ ਸਿੰਘ

---

* ਜਾਗੇ - ਜਗਰਾਤੇ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

੨੪-੧-੧੯੧੨

ਪਵਿਤ੍ਰਾਤਮਾ ਜੀਓ,

ਤੁਹਾਡੇ ਮਨ ਵਿਚ ਸ਼ਕ ਫੇਰੇ ਪਾ ਜਾਂਦੇ ਹਨ, ਏਸ ਕਰਕੇ ਰਖਣਹਾਰ ਸਿਰ ਤੇ ਖੜਾ ਸੂਰਾ ਗੁਰੂ ਤਸੱਲੀਆਂ ਕਰਾਂਦਾ ਹੈ ਤੇ ਪ੍ਰਤਖ ਕੌਤਕ ਦਿਖਾ ਲੈਂਦਾ ਹੈ। ਸੋ ਲਗੇ ਰਹੋ, ਨਾਮ ਜਪੋ ਤੇ ਗੁਰੂ ਨੂੰ ਪ੍ਰੀਤ ਕਰੋ, ਅਰ ਅਲਿਪਤ ਵਰਤੋ ਤੇ ਸ਼ੁਕਰ ਸ਼ੁਕਰ ਕਰੋ। ਆਖੋ ਧੰਨ ਗੁਰੂ ਨਾਨਕ, ਧੰਨ ਗੁਰ ਅੰਗਦ, ਧੰਨ ਗੁਰ ਅਮਰਦਾਸ, ਧੰਨ ਗੁਰ ਰਾਮਦਾਸ, ਧੰਨ ਗੁਰ ਅਰਜਨ ਦੇਵ, ਧੰਨ ਗੁਰ ਹਰਿ ਗੋਬਿੰਦ, ਧੰਨ ਗੁਰ ਹਰਿ ਰਾਇ, ਧੰਨ ਗੁਰ ਹਰਿਕ੍ਰਿਸ਼ਨ, ਧੰਨ ਗੁਰ ਤੇਗ ਬਹਾਦੁਰ, ਧੰਨ ਗੁਰ ਗੋਬਿੰਦ ਸਿੰਘ। ਮੂਹੋਂ ਆਖੋ, ਮਨੋਂ ਆਖੋ, ਆਤਮਾ ਨਾਲ ਆਖੋ। ਆਖੋ ਤੇ ਆਖਦੇ ਆਖਦੇ ਆਖਣ ਵਿਚ ਲੀਨ ਹੋ ਜਾਉ, "ਸ਼ੁਕਰ ਕਰੋ"।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੨੨-੫-੧੯੧੬

ਪਵਿਤ੍ਰਾਤਮਾ ਜੀਓ,

ਸਤਿ ਸ੍ਰੀ ਅਕਾਲ

ਮਨ ਨੂੰ ਸਦਾ ਉਚਿਆਂ ਤੇ ਸੁਚਿਆਂ ਰਖਣਾ ਚਾਹਯੇ। ਦਮ ਬਦਮ ਆਪਣੇ ਸਿਰਜਨਹਾਰ ਵਲੇ ਰੁਖ ਚਾਹਯੇ। ਸਿਮਰਨ ਜਾਰੀ ਰਹੇ, ਹਜ਼ੂਰੀ ਰਹੇ। ਇਸ ਦਾ ਦਾਤਾ ਇਸ ਦੇ ਅੰਗ ਸੰਗ ਹੈ। ਚਿਤ ਨੂੰ ਉਦਰਾਣਾ ਤੇ ਕਾਹਲੇ ਹੋਣਾ ਠੀਕ ਨਹੀਂ। ਜਦ ਮਾਲਕ ਅੰਗ ਸੰਗ ਹੈ ਫਿਰ ਉਨੂੰ ਅੰਗ ਸੰਗ ਅਨੁਭਵ ਕਰਨਾ, ਹਜ਼ੂਰੀ ਵਿਚ ਵੱਸਣਾ ਸੁਖਾਂ ਦੀ ਨਿਧ ਹੈ।

**"ਦੂਖੁ ਘਨੋ ਜਬ ਹੋਤੇ ਦੂਰਿ**
**ਅਬ ਮਸਲਤਿ ਮੋਹਿ ਮਿਲੀ ਹਦੂਰਿ॥"**

(ਆਸਾ ਮਹਲਾ ੫, ਪੰਨਾ ੩੮੪)

ਅਰਥਾਤ ਹੁਣ ਨੇਕ ਸਲਾਹ ਮਿਲੀ ਹੈ ਕਿ ਦਾਤਾ ਹਜ਼ੂਰ ਹੈ। ਬਸ ਸੁਰਤ ਏਸ ਅਨੁਭਵ ਵਿਚ, ਏਸ ਰੰਗ ਵਿਚ ਰਹੇ ਫੇਰ ਰਸ ਭਰਿਆ ਰਹਿੰਦਾ ਹੈ ਤੇ ਮਨ ਸੁਖੀ ਰਹਿੰਦਾ ਹੈ।

**"ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ॥"**

(ਆਸਾ ਮਹਲਾ ੫, ਪੰਨਾ ੩੯੬)

ਅਤੇ

**"ਸੰਗੀ ਸਾਥੀ ਸਗਲ ਤਰਾਂਈ॥"**

(ਆਸਾ ਘਰ ੭, ਮਹਲਾ ੫, ਪੰਨਾ ੩੯੪)

ਬਹੁਤ ਬਹੁਤ ਅਸੀਸ

ਆਪਦਾ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਪਵਿਤ੍ਰਾਤਮਾ ਜੀਓ,

ਹਰ ਵੇਲੇ ਮਨ ਨੂੰ ਰੋਸ਼ਨ ਰਖਣਾ ਚਾਹਯੇ। ਸਰੀਰੋਂ ਬਾਹਰ ਦੀ ਰੋਸ਼ਨੀ ਅੰਦਰ ਚਾਨਣਾ ਨਹੀਂ ਪਾਂਦੀ। ਅੰਦਰ ਚਾਨਣਾ ਹੋਵੇ, ਘਟ ਦੀਪ ਜਗੇ ਮਨ ਮਨ ਵਿਚ ਮਗਨ ਰਹੇ। ਖੁਸ਼ ਰਹੇ। ਮਨ ਵਾਹਿਗੁਰੂ ਦਾ ਮਨ ਹੈ।

**"ਮਨੁ ਮੰਦਰੁ ਤਨੁ ਵੇਸ ਕਲੰਦਰੁ**
**ਘਟ ਹੀ ਤੀਰਥਿ ਨਾਵਾ॥**
**ਏਕੁ ਸ਼ਬਦੁ ਮੇਰੈ ਪ੍ਰਾਨਿ ਬਸਤੁ ਹੈ**
**ਬਾਹੁੜਿ ਜਨਮਿ ਨ ਆਵਾ॥"**

(ਬਿਲਾਵਲ ਮ: ੧, ਪੰਨਾ ੭੯੫)

ਅੰਦਰ ਸ਼ਬਦ ਰਬ ਦੀ ਯਾਦ, ਰਬ ਦਾ ਪਯਾਰ, ਰਬ ਦੀ ਹਜ਼ੂਰੀ, ਪ੍ਰਾਣਾਂ ਵਿਚ ਵਸ ਜਾਵੇ। ਅੰਦਰ ਵਾਹਿਗੁਰੂ ਨਾਲ ਲੌ ਲਗੀ ਰਹੇ ਏਹਾ ਸੁਖ ਦਾ ਅਸਲ ਥਾਂ ਹੈ। ਜੇ ਅੰਦਰ ਟਿਕਿਆ ਹੈ, ਰਬ ਨਾਲ ਹੈ, ਸੁਖੀ ਹੈ ਤਾਂ ਬਾਹਰ ਬੀ ਸਾਰੇ ਖੇੜਾ ਦੀਹਦਾ ਹੈ।

ਸਿਖਣਾ ਇਹ ਨਹੀਂ ਕਿ ਬਾਹਰ ਦੀ ਭਾਲ ਤੇ ਹਾਂਡ ਸਾਨੂੰ ਬਾਉਰਿਆਂ ਕਰੇ ਪਰ ਇਹ ਕਿ ਮਨ ਪਯਾਰੇ ਦੀ ਹਜ਼ੂਰੀ ਵਿਚ ਖੀਵਾ ਰਹੇ। ਰੱਬ ਅੰਦਰ ਹੈ। ਉਹ ਲੋਚਦਾ ਹੈ ਕਿ ਅਸੀਂ ਮਨ ਦਾ ਬੂਹਾ ਉਸ ਨੂੰ ਖੁਹਲੀਏ। ਪਰ ਅਸੀਂ ਬਾਹਰ ਨੂੰ ਤਕਦੇ ਤੇ ਮਨ ਦੇ ਬੂਹੇ ਮਨ ਦੇ ਮਾਲਕ ਨੂੰ ਨਹੀਂ ਖੋਲ੍ਹਦੇ। ਸਦਾ ਖੁਸ਼ ਅਨੰਦ ਵਾਹਿਗੁਰੂ ਦੇ ਹਜ਼ੂਰ ਵਸੀਏ ਤਾਂ ਅੰਦਰ ਸੁਖ ਰਹਿੰਦਾ ਹੈ ਤੇ ਬਾਹਰ ਸਰੀਰ ਪਵਿਤ੍ਰ ਰਹਿੰਦਾ ਹੈ। ਕਰਮ ਸ਼ੁਭ ਹੁੰਦੇ ਹਨ। ਜੀਵਨ ਨਿਸਪਾਪ ਹੋ ਜਾਂਦਾ ਹੈ। ਹੋਰ ਅਸੀਸ

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੨੦-੧੨-੧੯੧੩

ਪਵਿਤ੍ਰਾਤਮਾ ਜੀਓ,

ਮੈਂ ਸਭ ਤਰ੍ਹਾਂ ਪ੍ਰਸੰਨ ਹਾਂ। ਤੁਸੀਂ ਫਿਕਰ ਅਰ ਤੌਖਲਾ ਕਦੇ ਨ ਕਰਯਾ ਕਰੋ। ਇਹੀ ਸ਼ੈ ਹੈ ਜੋ ਆਤਮਾ ਦੀ ਸਤਯਾ ਨੂੰ ਕਮਜ਼ੋਰ ਕਰਦੀ ਹੈ। ਸਦਾ ਸਤਿਗੁਰ ਦੇ ਹਜ਼ੂਰ ਖ਼ੁਸ਼ ਤੇ ਉਚੇ ਰਹੀਏ ਅਰ ਚੜ੍ਹਦੀਆਂ ਕਲਾਂ ਵਿਚ ਵਸੀਏ। ਸਤਿਗੁਰ ਜਾਣੀ ਜਾਣ ਸਦਾ ਸਹਾਈ ਹੈ, ਅਰ ਹਰ ਗਲ ਨੂੰ ਆਪ ਸਿਰੇ ਚਾੜ੍ਹਨਾ ਹੈ ਤੇ ਸੁਖ ਦੇਨਾ ਹੈ। ਤਕੜੇ ਸ਼ੇਰ ਰਹੋ, ਅਪਨੇ **ਸਿਰਜਨਹਾਰ** ਤੋਂ ਵਿਛੜੋ ਨਹੀਂ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੪-੮-੧੯੩੩

ਪਵਿਤ੍ਰਾਤਮਾ ਜੀਓ,

ਆਪ ਜੀ ਦੀ ਪੁਛ ਦਾ ਉਤਰ ਗੁਰੂ ਜਾਣੇ ਕੀ ਹੈ। ਪਰ ਜੋ ਕੁਛ ਆਪਨੇ ਸੁਣਿਆ ਹੈ ਉਹ ਗੁਰੂ ਕਾ ਹੁਕਮ ਹੈ। ਦੁਇ ਗਲਾਂ ਗੁਰਬਾਣੀ ਵਿਚ ਕਹੀਆਂ ਹਨ:

**"ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ"**

(ਆਸਾ ਦੀ ਵਾਰ ਸਲੋਕ ਮਹਲਾ ੧, ਪੰਨਾ ੪੬੭)

ਤੇ ਫੇਰ ਇਕ ਗਲ ਹੈ :

**"ਗੁਰਾ ਇਕ ਦੇਹਿ ਬੁਝਾਈ॥**
**ਸਭਨਾਂ ਜੀਆਂ ਕਾ ਇਕੁ ਦਾਤਾ ਸੋ ਮੈਂ ਵਿਸਰਿ ਨ ਜਾਈ"**

(ਜਪੁਜੀ ਸਾਹਿਬ, ਪੰਨਾ ੨)

ਇਹੋ ਇਕੋ ਜਤਨ ਹੈ ਜਿਸ ਦੁਆਰਾ ਕਿ ਅਸੀਂ universal soul (ਸਰਵ ਵਿਆਪੀ ਆਤਮਾ) ਨਾਲ ਸਦਾ ਲਗੇ ਰਹਿਣ ਦਾ ਸੁਭਾਗ ਪ੍ਰਾਪਤ ਕਰ ਸਕਦੇ ਹਾਂ। ਇਸਤੇ ਪਹਰਾ ਦੇਣਾ ਚਾਹਯੇ। ਸਾਨੂੰ ਸਾਈਂ ਨੂੰ ਯਾਦ ਰਖਣ ਦਾ ਐਸਾ ਸੁਭਾਵ ਪਵੇ ਕਿ ਕਿਸੇ ਦਿਨ ਲਗਾਤਾਰੀ ਹੋ ਜਾਵੇ।

ਬਾਕੀ ਸਾਈਂ ਨੇ ਦਿਲਾਂ ਦੇ ਦਿਲਾਂ ਨੂੰ ਰਸਤੇ ਬਨਾਏ ਹਨ। ਜੇ ਮਨ ਕਦੇ ਏਕਾਗ੍ਰ ਹੋਵੇ ਤਾਂ ਖ਼ਯਾਲਾਂ ਦੇ ਵਟਾਂਦ੍ਰੇ ਸਹਿ ਸੁਭਾਵ ਹੋ ਜਾਂਦੇ ਹਨ। ਇਹ ਗਲ ਹੁਣ ਤਜਰਬਿਆਂ ਵਿਚ ਆ ਕੇ ਮੰਨੀ ਜਾ ਰਹੀ ਹੈ।

ਵਾਹਿਗੁਰੂ ਆਪ ਨੂੰ ਆਪਨੇ ਚਰਨਾਂ ਦੀ ਪ੍ਰੀਤ ਬਖਸ਼ੇ।

ਆਪ ਦਾ ਹਿਤਕਾਰੀ
ਵੀਰ ਸਿੰਘ

 www.sikhbookclub.com

# ੩. ਊਠਤ ਬੈਠਤ ਸੋਵਤ ਨਾਮ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

੧-੧੨-੧੯੧੩

ਪਵਿਤ੍ਰਾਤਮਾ ਜੀਓ,

**"ਸਰਬ ਸੁਖਾ ਸੁਖੁ ਸਾਚਾ ਏਹੁ॥
ਗੁਰ ਉਪਦੇਸੁ ਮਨੈ ਮਹਿ ਲੇਹੁ॥"**
(ਗਉੜੀ ਗੁਆਰੇਰੀ ਮਹਲਾ ੫, ਪੰਨਾ ੧੭੮)

ਇਹ ਹੁਕਮ ਹੈ। ਸਰੀਰਾਂ ਦਾ ਕੀ ਹੈ, ਸਾਚਾ ਸੁਖ ਨਾਮ ਵਿਚ ਹੈ। ਜੋ ਨਾਮ ਵਿਚ ਮਨ ਰਖੇ, ਉਸਨੂੰ ਸਤਿਗੁਰੂ ਹਜ਼ੂਰ ਹੁੰਦਾ ਹੈ। ਸਭ ਦਾਰੂਆ ਦਾ ਦਾਰੂ, ਨਿਧਾ ਦਾ ਨਿਧ ਨਾਮ ਹੈ। ਤੁਸੀ ਪ੍ਰਮੇਸਰ ਦੇ ਚਿੰਤਨ ਵਿਚ ਵਸੋ, ਗੁਰੂ ਸਾਰੇ ਸੁਖ ਕਰਦਾ ਹੈ।

**"ਹਰਿ ਹਰਿ ਨਾਮੁ ਜਪਹੁ ਮਨ ਮੇਰੇ
ਜਿਤੁ ਸਦਾ ਸੁਖੁ ਹੋਵੈ ਦਿਨੁ ਰਾਤੀ॥"**
(ਵਾਰ ਸ੍ਰੀ ਰਾਗ, ਪੰਨਾ ੮੮)

ਸਾਈਂ ਨੂੰ ਸਿਮਰਨਾ, ਗੁਰੂ ਨਾਨਕ ਦੇ ਚਰਨਾਂ ਦਾ ਧਿਆਨ ਰਖਣਾ, ਸਰੀਰ ਮਨ ਆਤਮਾ ਨੂੰ ਪਵਿਤ੍ਰ ਰਖਣਾ, ਇਹ ਸੁਖਾਂ ਦਾ ਮਾਰਗ ਹੈ। ਗ੍ਰਹਸਤ ਵਿਚ ਵਸਣਾ ਪਰ ਅਤੀਤ ਰਹਿਣਾ, ਅਰਥਾਤ ਸੂਰਤ ਨਾ ਫਸਾਣੀ, ਸਰੀਰ ਸਾਰੇ ਸ਼ੁਭ ਕਰਮ ਕਰੇ, ਮਨ ਸਾਈਂ ਵਿਚ ਰਹੇ, ਸਭ ਤੋਂ ਉਚਾ ਸਤਿਸੰਗ ਏਹ ਹੈ।

ਸਥੂਲ ਸਤਿਸੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤੇ ਬਾਣੀ ਅਭਿਆਸ ਦਾ ਰੋਜ਼ ਕਰਨਾ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਮਿਤੀ ੨੭-੨-੧੯੧੨

ਪਵਿਤ੍ਰਾਤਮਾ ਜੀਓ,

**"ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ॥**
**ਨਾਨਕ ਦ੍ਰਿਸ਼ਟੀ ਆਇਆ ਉਸਤਤਿ ਕਰਨੈ ਜੋਗੁ॥"**
(ਗਉੜੀ ਬਾਵਨ ਅਖਰੀ ਮਹਲਾ ੫, ਸਲੋਕ ਪੰਨਾ ੨੬੦)

ਜਦੋਂ ਅਪਨੇ ਤੋਂ ਟੇਕ ਸਤਿਗੁਰ 'ਤੇ ਟਿਕੇ, ਧਯਾਨ ਦਾ ਆਸ੍ਰਾ ਮਿਲ ਜਾਏ ਤੇ ਨਾਮ ਦੀ ਰੌਂ ਛਿੜ ਪਏ ਅਤੇ ਸੁਰਤ ਵਿਚ ਸੁਰਤੇ ਦੀ ਤਾਰ ਦੀ ਡੋਰ ਆ ਜੋੜੇ, ਫੇਰ "ਹਉ" ਤੇ ਆਸ੍ਰਾ ਨਹੀਂ ਰਹਿੰਦਾ। ਸਾਰਾ ਆਸ੍ਰਾ ਸਤਿਗੁਰ 'ਤੇ ਜਾ ਟਿਕਦਾ ਹੈ। ਤਦੋਂ ਜਾਣੋਂ ਖੁਦੀ ਦੇ ਡੇਰੇ ਟੁਰ ਪੈਂਦੇ ਹਨ, ਫੇਰ ਮਨ ਤੇ ਤਨ ਦੋਨੋਂ ਅਰੋਗ ਹੋਕੇ ਹਿਕ ਅਜੀਬ ਸੁਖਦਾਈ ਤੇ ਸਰ ਭਰੀ ਰੌਂ ਸਰੀਰ ਵਿਚ ਫਿਰਦੀ ਹੈ, ਜੋ ਅਠ ਪਹਰ (ਮਸਤੀ) ਛਾਈ ਰਹਿੰਦੀ ਹੈ। ਧਨ ਹੈ ਉਹ ਜਿਸਨੂੰ ਇਸਦਾ ਕੋਈ ਹਿਸਾ ਮਿਲ ਪਏ।

**"ਕਬੀਰ ਪਾਲਿ ਸਮੁਹਾ ਸਰਵਰੁ ਭਰਾ**
**ਪੀ ਨ ਸਕੈ ਕੋਈ ਨੀਰੁ॥**
**ਭਾਗ ਬਡੈ ਤੈ ਪਾਇਓ ਤੂੰ**
**ਭਰਿ ਭਰਿ ਪੀਉ ਕਬੀਰ॥੧੭੦॥"**
(ਸਲੋਕ ਕਬੀਰ ਜੀ ਕੇ) ਪੰਨਾ ੧੩੭੩

ਅੰਦਰ ਇਕ ਨਕਾ ਨਕ ਅੰਮ੍ਰਿਤ ਨਾਲ ਭਰਪੂਰ ਸਰੋਵਰ ਹੈ ਪਰ ਉਸ ਦਾ ਨੀਰ ਕੋਈ ਪੀ ਨਹੀਂ ਸਕਦਾ। ਕਬੀਰ ਜੀ ਕਹਿੰਦੇ ਹਨ ਜੇ ਵਡੇ ਭਾਗਾਂ ਕਰਕੇ ਤੈਨੂੰ ਮਿਲ ਗਿਆ ਹੈ ਤਾਂ ਭਰ ਭਰ ਕੇ ਪੀ। ਸ਼ੁਕਰ ਕਰਨਾ ਇਸਨੂੰ ਕਾਯਮ ਰਖਦਾ ਹੈ। ਸ਼ੁਕਰ ਅਸਲ ਭਗਤੀ ਤੇ ਤਪ ਹੈ। ਜਿਨ ਸ਼ੁਕਰ ਕੀਤਾ ਉਸਨੂੰ ਸਚੀ ਦਾਤ ਪਚਦੀ ਹੈ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਪਵਿਤ੍ਰਾਤਮਾ ਜੀਓ,

ਵਡਿਆਂ ਨੂੰ ਕੋਈ ਗਲ ਚੇਤੇ ਕਰਾਉਣ ਮਾਤਰ ਲਿਖਣੀ ਭੀ ਬੇਅਦਬੀ ਵਿਚ ਦਾਖਲ ਹੈ - ਪਰ ਗੁਰੂ ਨਾਨਕ ਪ੍ਰੇਮ ਇਕ ਐਸੀ ਕਾਂਗ ਭਰੀ ਲਹਿਰ ਹੈ ਕਿ ਜੋ ਸਾਰੇ ਹਦ ਬੰਨ੍ਹੇ ਭਨ ਕਢਦੀ ਹੈ। ਇਸ ਕਰਕੇ ਮੇਰੇ ਚਿਤੋਂ ਰੁਕਦੇ ਰੁਕਦੇ ਮਲੋ - ਮਲੀ ਇਹ ਗਲ ਲਿਖੀਂਦੀ ਹੈ ਕਿ ਨਾਮ ਦੀ ਰੌ ਜਾਰੀ ਰਹੇ। ਸੰਸਾਰ ਦੀਆਂ ਸਾਰੀਆਂ ਗੱਲਾਂ ਤਮਾਸ਼ਾ ਹਨ ਤੇ ਸਾਰੇ ਪਰਮਾਰਥ ਦੇ ਸਾਧਨ ਫੋਕਟ ਹਨ, ਇਕ ਨਾਮ ਸੱਚ ਹੈ :

**"ਅਬ ਕਲੂ ਆਇਓ ਰੇ॥**
**ਇਕੁ ਨਾਮੁ ਬੋਵਹੁ ਬੋਵਹੁ॥**
**ਅਨ ਰੂਤਿ ਨਾਹੀ ਨਾਹੀ॥**
**ਮਤੁ ਭਰਮਿ ਭੂਲਹੁ ਭੂਲਹੁ॥"**
(ਬਸੰਤ ਮਹਲਾ ੫, ਪੰਨਾ ੧੧੮੫)

ਇਕ ਨਾਮ ਫਲਦਾ ਹੈ। ਨਾਮ ਨਾਲ ਜਾਂਦਾ ਹੈ। ਨਾਮ ਛਡਾਂਦਾ ਹੈ। ਨਾਮ ਤਾਰਦਾ ਹੈ।

**"ਨਾਮ ਬਿਨਾ ਕੈਸੇ ਆਚਾਰ"॥**
(ਪ੍ਰਭਾਤੀ ਮ: ੧ ਪੰਨਾ ੧੩੩੦)

ਇਹ ਇਕ ਨੁਕਤਾ ਹੈ ਜਿਸ ਨੂੰ ਚੰਬੜਿਆਂ ਸਾਈਂ ਨਾਲ ਮਿਲ ਜਾਈਦਾ ਹੈ। ਜਪਦਿਆਂ ਇਹ ਸੁਰਤ ਵਿਚ ਰੱਚ ਜਾਂਦਾ ਹੈ। ਤਦੋਂ ਮੈਲ ਉਤਰਦੀ ਹੈ ਤੇ ਫੇਰ ਰਸ ਪੈਂਦਾ ਹੈ। ਤੁਸੀਂ ਜਪਦੇ ਤਾਂ ਹੋ ਪਰ ਹੋਰ ਜਪੋ - ਗੁਰੂ ਨਾਨਕ ਦੇ ਚਰਨਾਂ ਨੂੰ ਨੇੜੇ ਜਾਣ ਕੇ ਗੁਰੂ ਨੂੰ ਕੋਲ ਬੈਠਾ ਜਾਣ ਕੇ, ਉਸਨੂੰ ਸੁਣਾ ਕੇ ਜਪੋ, ਅਰ ਲਗਾਤਾਰ ਜਪੋ -

**"ਊਠਤ ਬੈਠਤ ਸੋਵਤ ਨਾਮ॥**
**ਕਹੁ ਨਾਨਕ ਜਨ ਕੈ ਸਦ ਕਾਮ॥੩॥"**

 www.sikhbookclub.com

(ਸੁਖਮਨੀ, ਪੰਨਾ ੨੮੬)

ਸਤਿਗੁਰ ਜੀ ਫਲ ਲਿਖਦੇ ਹਨ:

**"ਸਰਬ ਇਛਾ ਤਾਕੀ ਪੂਰਨ ਹੋਇ॥**
**ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ॥"**

(ਗਉੜੀ ਸੁਖਮਨੀ, ਪੰਨਾ ੨੯੫)

ਇਹ ਹਰਫ਼ ਕੇਵਲ ਚਿਤਾਵਨੀ ਮਾਤਰ ਹਨ -

ਸਾਧ ਸੰਗਤ ਵਿਚ ਪਰਮੇਸਰ ਚੇਤੇ ਕਰਾਣਾ ਤੇ ਇਕ ਦੂਜੇ ਨੂੰ ਹਲਾ ਸ਼ੇਰੀ ਦੇਣਾ, ਇਹ ਪਿਆਰ ਹੈ -

ਗੁਰੂ ਮੇਹਰ ਕਰੇ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

੩੧-੫-੧੯੧੩

ਪਵਿਤ੍ਰਾਤਮਾ ਜੀਓ,

ਮਨ ਸਤਿਗੁਰ ਦੇ ਦਰ ਤੇ ਹੋਵੇ,

**"ਜੇ ਦਰਿ ਮਾਂਗਤੁ ਕੂਕ ਕਰੇ ਮਹਲੀ ਖਸਮੁ ਸੁਣੇ॥"**
**ਭਾਵੈ ਧੀਰਕ ਭਾਵੈ ਧਕੇ ਏਕ ਵਡਾਈ ਦੇਇ॥**

(ਆਸਾ ਮਹਲਾ ੧, ਪੰਨਾ ੩੪੯)

ਨਾਮ ਜਪੀਏ, ਹਿਰਦੇ ਵਿਚ ਧੀਰਜ ਦਾ ਸਿਮਰਨ ਕਰੀਏ, ਖਿੱਚ ਨਾ ਕਰੀਏ। ਸਤਿਗੁਰ ਦਾ ਪਿਆਰ ਵਸੇ ਫਿਰ ਆਤਮ ਬੂਟਾ ਸਨੇ ਸਨੇ ਪਲਦਾ ਰਹਿੰਦਾ ਹੈ ਅਰ ਕਿਸੇ ਦਿਨ ਫਲਦਾਇਕ ਹੋ ਜਾਂਦਾ ਹੈ। ਸ਼ੁਕਰ ਕਰਿਆ ਕਰੋ, ਸਿਮਰਨ ਵਿਚ ਰਿਹਾ ਕਰੋ, ਸਰੀਰ ਮਨ, ਬੁੱਧੀ, ਆਤਮਾ ਪਵਿਤ੍ਰ ਰਹਿਣ, ਸੁਰਤ ਨਾਮ ਵਿਚ ਰਹੇ।

ਬਸ ਫੇਰ ਸੁਖ ਹੀ ਸੁਖ ਹੈ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੦-੪-੧੯੨੬

ਲੀਲਾ ਜੀਓ ਜੀ,

**"ਸਿਮਰਿ ਸਿਮਰਿ ਨਾਮੁ ਬਾਰੰਬਾਰ॥**
**ਨਾਨਕ ਜੀਅ ਕਾ ਇਹੈ ਅਧਾਰ॥"**
(ਗਉੜੀ ਸੁਖਮਨੀ ਮਹਲਾ ੫, ਪੰਨਾ ੨੯੫)

ਇਹ ਇਕ ਅਸੀਸ ਹੈ ਜੋ ਗੁਰੂ ਅਰਜਨ ਦੇਵ ਜੀ ਅਪਨੇ ਪਿਆਰਿਆਂ ਕੀ ਦੇਂਦੇ ਹਨ, ਸੋ ਤੁਸਾਂ ਜੋਗ ਬੀ ਪੁਜੇ।

ਨਾਮ ਜੀਅ ਦਾ ਅਧਾਰ ਹੈ।

ਹੋਰ ਸਾਰੇ ਅਧਾਰ ਸਰੀਰ ਦੇ ਹਨ। ਜੀਅ ਦਾ ਅਧਾਰ ਕੇਵਲ ਨਾਮ ਹੈ ਤਾਂ ਤੇ

**"ਬਾਰੰਬਾਰ ਬਾਰ ਪ੍ਰਭੁ ਜਪੀਐ॥**
**ਪੀ ਅੰਮ੍ਰਿਤ ਇਹੁ ਮਨੁ ਤਨੁ ਧ੍ਰਪੀਐ॥"**
(ਗਉੜੀ ਸੁਖਮਨੀ ੧੭, ਮਹਲਾ ੫, ਪੰਨਾ ੨੮੬)

ਹੋਰ ਅਸੀਸ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

੨੪-੧੦-੧੯੩੪

ਪਵਿਤ੍ਰਾਤਮਾ ਜੀਓ,

ਵਾਹਿਗੁਰੂ ਜੀ ਅਪਨੀ ਰਜ਼ਾ 'ਤੇ ਜੀਵਾਂ ਨੂੰ ਟੋਰ ਕੇ ਪ੍ਰਸੰਨ ਹੁੰਦੇ ਹਨ। ਇਸ ਨਾਲ ਜੀਵਾਂ ਦੀ ਹਉਂ ਦਾ ਰੋਗ ਨਵਿਰਤ ਹੁੰਦਾ ਹੈ। ਜੀਵ ਨਾਮ ਜਪਦਾ, ਸਾਧਨ ਕਰਦਾ ਮੁੜ ਮੁੜ ਅਪਨੀ ਹਉਂ ਤੇ ਹਉਂ ਦੀ ਚਾਹੀ ਤੇ ਕੀਤੀ ਨੂੰ ਚੰਬੜਦਾ ਹੈ। ਸੁਖ ਹਉ ਨਵਿਰਤੀ ਵਿਚ ਹੈ, ਸਦਾ ਸਾਈਂ ਵਲ ਨਜ਼ਰ ਰਹੇ ਤਾਂ ਜੋ ਓਹ ਕਰਦਾ ਹੈ, ਭਲਾ ਕਰਦਾ ਹੈ। ਸਾਰੇ ਸਾਡੇ ਦਾਰੂ ਹੁੰਦੇ ਹਨ। ਹਉਮੈ ਦੀਰਘੁ ਰੋਗੁ ਹੈ।

ਸਬਦ ਦੀ ਕਮਾਈ ਨਾਲ ਰਜ਼ਾ ਤੇ ਰਾਜ਼ੀ ਹੋਇਆਂ ਦੂਰ ਹੁੰਦਾ ਹੈ। ਵਾਹਿਗੁਰੂ ਭਲੀ ਕਰਸੀ। ਸ਼ਬਦ ਦੀ ਕਮਾਈ ਕਰੀ ਚਲੋ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੫-੬-੧੯੫੪

ਪਵਿਤ੍ਰਾਤਮਾ ਜੀਓ,

੧੦ ਦਾ ਪਤ੍ਰ ਪੁਜ ਗਿਆ ਹੈ।

ਸਿਮਰਨ ਦਾ ਜਾਰੀ ਰਹਿਣਾ ਪਹਿਲੀ ਨਿਆਮਤ ਹੈ। ਇਸ ਵਿਚ ਰਸ ਦੇ Moments (ਪਲ) ਆਉਣੇ ਦੂਸਰੀ ਨਿਆਮਤ ਹੈ।

ਮਨ ਦਾ ਸੰਕਲਪ ਵਿਕਲਪ ਘਟ ਹਟ ਕੇ ਕਿਸੇ ਰਸ ਵਿਚ ਰਹਿਣਾ ਲਿਵ ਹੈ ਤੇ ਤੀਸਰੀ ਨਿਆਮਤ ਹੈ।

ਸਭ ਦਾਤਾਂ ਹਨ। ਦਾਤਾਂ ਦਾਤੇ ਦੇ ਵਸ ਹੁੰਦੀਆਂ ਹਨ। ਪਰ ਮੰਗਤ ਜਨ ਦਾ ਕੰਮ ਹੈ ਝੋਲੀ ਅਡ ਕੇ ਮੰਗਦੇ ਰਹਿਣਾ।

ਮੰਗਣਾ ਹੈ : ਅਰਦਾਸ ਕਰਨੀ
ਮੰਗਣਾ ਹੈ : ਮਨ ਦੇ ਰੁਖ ਨੂੰ ਸਾਈਂ ਵਲ ਰੱਖਣ ਦਾ ਖਯਾਲ
ਮੰਗਣਾ ਹੈ : ਮਿਲੇ ਦਾ ਸ਼ੁਕਰੀਆ

ਫਿਰ ਮੰਗਣਾ ਹੈ : ਗੁਰਬਾਣੀ ਦਾ ਪਾਠ, ਵਿਚਾਰ, ਕੀਰਤਨ ਕਰਨਾ ਯਾ ਸੁਣਨਾ ਸਾਰੇ ਤਰਦਦਾਂ ਨਾਲ ਲਾਗੇ ਸਹਜ ਧਿਆਨ ਹੁੰਦਾ ਹੈ। "ਗੁਰੂ ਇਹੋ ਰੌ ਬਖਸ਼ੀ ਰਖੇ" ਦੂਰ ਬੈਠਿਆਂ ਦੀ ਇਹੋ ਅਰਦਾਸ ਹੈ। "ਤੈਨੂੰ ਰਬ ਨ ਭੁਲੇ ਦੁਆ ਫਕੀਰਾਂ ਦੀ ਏਹਾ"

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

੧੧-੪-੧੯੧੦

ਆਦਰ ਤੇ ਸਤਿਕਾਰ ਯੋਗ ਪਵਿਤ੍ਰਾਤਮਾ ਜੀਓ,

ਅਡੋਲ ਰਿਹਾ ਕਰੋ। ਬਾਣੀ ਤੇ ਨਾਮ ਵਾਰੋ ਵਾਰ ਜਪਿਆ ਕਰੋ। ਬਾਣੀ ਅਪਨੀ ਤਾਸੀਰ ਨਾਲ ਨਾਮ ਵਿਚ ਲੈ ਜਾਂਦੀ ਹੈ। ਜਦੋਂ ਨਾਮ ਜਪਿਆਂ ਚਿਤ ਹਿਠਾਹਾਂ ਉਤ੍ਰ ਪਵੇ ਤਦ ਬਾਣੀ ਵਿਚ ਆ ਜਾਈਏ। ਐਉਂ ਕਰਦਿਆਂ ਕਰਦਿਆਂ ਸੁਰਤ ਗੁਰੂ ਦੇ ਚਰਨਾਂ ਵਿਚ ਸਾਫ ਹੋ ਕੇ ਨਾਮ ਅੰਦਰ ਟਿਕ ਜਾਂਦਾ ਹੈ। ਉਤਾਵਲਾ ਹੋਣਾ ਚੰਗਾ ਨਹੀਂ। 'ਸਹਜ ਪਕੇ ਸੋ ਮੀਠਾ ਹੋਇ' ਅਪਨੇ ਅਪਨੇ ਸੁਰਤ ਦੇ ਅਧਕਾਰ ਮੂਜਬ ਸਾਧਨ ਸੁਖ ਦੇਂਦਾ ਹੈ। ਗੁਰੂ ਜੀ ਦੇ ਦਰਸ਼ਨ ਅਮੋਲਕ ਹਨ। ਗੁਰਸਿਖਾਂ ਦਾ ਖਯਾਲ ਬੜੇ ਦੁਖਾਂ ਤੋਂ ਛੁਡਾਂਦਾ ਹੈ।ਕਿਸੇ ਵੇਲੇ ਬੀ ਨਿਰਾਸ ਕਿਉਂ ਹੋਣਾ, ਜੀਕੂੰ ਕੂੰਜ ਅਪਣੇ ਬਚਿਆਂ ਨੂੰ ਨਹੀਂ ਭੁਲਦੀ ਤਿਵੇਂ ਪਿਆਰ ਕਰਨ ਵਾਲੇ ਗੁਰਮੁਖ ਪਯਾਰੇ ਚਿਤੋਂ ਨਹੀਂ ਵਿਸਰਦੇ। ਉਨ੍ਹਾਂ ਦਾ ਪਯਾਰ ਤੇ ਚੇਤਾ ਹੀ ਸਾਥੋਂ ਨਾਮ ਜਪਾਂਦਾ ਹੈ ਸੁਰਤ ਟਿਕਾਣੇ ਰਖਦਾ ਹੈ, ਚਿਤ ਵਿਚ ਉਤਸ਼ਾਹ ਤੇ ਸਿਦਕ ਆਨੰਦ ਚਾਹੀਦਾ ਹੈ। ਕਿ ਵਾਹਿਗੁਰੂ ਦਾ ਸਤਸੰਗ ਮੰਡਲ ਸਾਨੂੰ ਪਯਾਰ ਕਰਦਾ ਹੈ ਅਰ ਗੁਰਮੁਖਾਂ ਦੀ ਮੇਹਰ ਸਾਡੀ ਰਾਖੀ ਕਰਦੀ ਹੈ:

**"ਸਿਰ ਊਪਰਿ ਠਾਢਾ ਗੁਰੁ ਸੂਰਾ॥**
**ਨਾਨਕ ਤਾ ਕੇ ਕਾਰਜ ਪੂਰਾ॥੩॥"** (ਗਉੜੀ ਸਖਮਨੀ-੨੨, ਮ: ੫, ਪੰਨਾ ੨੯੩)

ਭਾਈ ਸਾਹਿਬ ਯੋਗ ਸ੍ਰੀ ਵਾਹਿਗੁਰੂ ਜੀ ਕੀ ਫਤਹ ਪਹੁੰਚੇ।

ਭਾਈ ਸਾਹਿਬ ਜੀ ਦਾ ਜੀਵਨ ਇਕ ਅਮੋਲਕ ਦਾਤ ਹੈ। ਹਥ ਕਾਰ ਵਲ ਚਾਹੀਦਾ ਹੈ ਪਰ ਚਿਤ ਵਾਹਿਗੁਰੂ ਦੇ ਚਰਨਾਂ ਵਿਚ ਚਾਹੀਦਾ ਹੈ। ਵਾਹਿਗੁਰੂ ਨੇ ਆਪ ਨੂੰ ਸਤਸੰਗ ਵਿਚ ਵਾਸ ਦਿਤਾ ਹੈ। ਜਨਮ ਸਫਲਾ ਕਰਨਾ ਚਾਹੀਦਾ ਹੈ। ਇਹ ਅਮੋਲਕ ਸਮਾਂ ਫੇਰ ਹਥ ਨਹੀਂ ਆਉਂਦਾ। ਇਕ ਇਕ ਸ੍ਵਾਸ ਲਖੀਂ ਕ੍ਰੋੜੀਂ ਨਹੀਂ ਲਭਦਾ। ਇਸ ਕਰਕੇ ਹਰ ਸੁਆਸ ਬਾਣੀ ਵਿਚ ਤੇ ਪਯਾਰੇ ਦੀ ਯਾਦ ਵਿਚ ਲੰਘਣਾ ਚਾਹੀਦਾ ਹੈ।

ਹੋਰ ਸਭ ਪ੍ਰਕਾਰ ਸੁਖ ਹੈ। ਮੇਰੇ ਯੋਗ ਸੇਵਾ?

ਆਪ ਦਾ ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਪਵਿਤ੍ਰਾਤਮਾ ਜੀਓ,

ਮਨ ਨੂੰ ਜਨਮਾਂ ਦੀ ਮੈਲ ਹੈ। ਫਿਰ ਇਹ ਜਾਮਾਂ ਪਾ ਕੇ ਅਸਾਂ ਮਾੜੇ ਕੰਮ ਕੀਤੇ ਹਨ। ਫੇਰ ਓਹਨਾਂ ਕਰਮਾਂ ਦਾ ਅਪਨੇ ਮਨ ਨਾਲ ਕਰਾਰ ਕਰਕੇ ਰਬ ਤੋਂ ਭੁਲ ਨਹੀਂ ਬਖਸ਼ਾਈ। ਨ ਕਦੇ ਪਰਮੇਸ਼ਰ ਅੱਗੇ ਨਾਂ ਗੁਰੂ ਅੱਗੇ ਸਚੇ ਦਿਲੋਂ ਮੰਨਿਆ ਹੈ ਕਿ ਅਸਾਂ ਮਾੜੇ ਕਰਮ ਕੀਤੇ ਹਨ ਤੇ ਬਖਸ਼ੇ ਜਾਣ। ਉਨ੍ਹਾਂ ਦੀ ਮੈਲ ਸੁਰਤ ਵਿਚ ਪੜਦਾ ਬਣ ਕੇ ਰਹਿੰਦੀ ਹੈ - ਸੋ ਬਾਣੀ ਜੋ ਦਸੀ ਹੈ ਉਹ ਪੜਨੀ ਤੇ ਨਾਮ ਦਾ ਸਿਮਰਨ ਕਰਨਾ ਇਹ ਮੈਲ ਕਟ ਰਿਹਾ ਹੈ - ਖਾਲੀ ਨਹੀਂ ਜਾ ਰਿਹਾ । ਜਿਸ ਦਿਨ ਕਟੀ ਗਈ ਸੁਖ ਦੇ ਝਲਕੇ ਵਜਦੇ ਹਨ। ਸੁਰਤ ਚੜੀ ਉੱਡੀ ਨਾਹ ਤਕੋ, ਇਹ ਤਕਿਆਂ ਭੁਲ ਵਿਚ ਪਈਦਾ ਹੈ। ਪਹਿਲੇ ਇਹ ਤਕੀਦਾ ਹੈ ਕਿ ਬਾਣੀ ਪੜ੍ਹ ਲਈ ਹੈ ਤੇ ਹਰ ਦਮ ਸਾਈਂ ਦੇ ਨਾਮ ਵਿਚ ਜਾਂਦਾ ਹੈ। ਸੁਆਦ ਨਹੀਂ ਪਹਿਲੇ ਤਕੀਦਾ - ਪਹਿਲੇ ਕਮਾਈ ਤੇ ਘਾਲ ਤਕੀਦੀ ਹੈ - ਹਰ ਦਮ ਰਬ ਦੇ ਨਾ ਵਿਚ ਬੀਤੇ। ਦਮ ਖਾਲੀ ਨਾ ਜਾਵੇ ਕੇਵਲ ਇਹ ਗਲ ਤਕੋ। ਦੂਜੇ ਸਤਿਸੰਗ ਪ੍ਰਾਪਤ ਹੈ ਇਸਦਾ ਸ਼ੁਕਰ ਕਰੋ। ਸਤਿਸੰਗ ਨੂੰ ਪਿਆਰ ਕਰੋ ਤੇ ਸਭ ਤੋਂ ਵਧ ਉਸ ਨੂੰ ਪਿਆਰ ਕਰੋ ਜੋ ਅਖਾਂ ਦੇ ਕੋਲ ਹੈ, ਅਰ ਤੁਹਾਡੇ ਭਲੇ ਵਿਚ ਹੈ। ਕਿਉਂਕਿ ਨਾਮ ਪਕੇਗਾ ਤਾਂ ਰਸ ਪਏਗਾ। ਜਿਸ ਵੇਲੇ ਰਸ ਆਵੇ ਉਸ ਵੇਲੇ ਨੂੰ ਕਹਿੰਦੇ ਹਨ ਕਿ ਸੁਰਤ ਚੜ੍ਹੀ ਹੋਈ ਹੈ। ਹੋਰ ਕੋਈ ਗਲ ਨਹੀਂ। ਜਦ ਚਿਤ ਉਦਾਸ, ਛਿਥਾ, ਲੜਨਹਾਰਾ ਹੁੰਦਾ ਹੈ ਤਾਂ ਕਹੀਦਾ ਹੈ ਸੁਰਤ ਢਠੀ ਹੋਈ ਹੈ। ਘਬਰਾਓ ਨਹੀਂ ਲਗੇ ਰਹੋ ਗੁਰੂ ਭਲੀ ਕਰੇਗਾ। ਗੁਰੂ ਜੀ ਕੀ (ਨੂੰ) ਸਭ ਪੁਤ ਪਿਆਰੇ ਹਨ ਤੇ ਸਾਰੇ ਬਾਲ ਲਾਡਲੇ ਹਨ, ਉਹ ਸਾਰਿਆਂ ਨੂੰ ਪਿਆਰ ਕਰਦਾ ਹੈ ਸੁ ਸ਼ੁਕਰ ਕਰੋ, ਸ਼ੁਕਰ ਕਰੋ। ਕਿਸੇ ਵੇਲੇ ਚਿਤ ਦੀ ਗਤੀ ਲਿਖ ਘਲਣੀ। ਮਥਾ ਟੇਕੋ, ਨਿਉਂ ਕੇ ਆਖੋ। ਧੰਨ ਗੁਰੂ ਨਾਨਕ -

ਫੇਰ ਟੇਕੋ ਫਿਰ ਆਖੋ : ਧੰਨ ਗੁਰੂ ਨਾਨਕ

ਆਪ ਦਾ

ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

੨੧-੪-੧੯੧੨

ਪਵਿਤ੍ਰਾਤਮਾ ਜੀਓ,

ਸਾਡੇ ਤਾਰਨਹਾਰ ਪ੍ਰੀਤਮ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਦਾ ਆਪਨੂੰ ਅਤਿ ਗਰੀਬੀ ਤੇ ਨਿਵਾਣ ਵਿਚ ਰਖਿਆ। ਏਹ ਉਸ ਦੀ ਮਿਹਰ ਦੀ ਨਿਸ਼ਾਨੀ ਹੈ ਕਿ ਕਿਸੇ ਵਿਚ ਨਿਮ੍ਰਤਾ ਤੇ ਗ੍ਰੀਬੀ ਹੈ।

ਸੁਆਦ ਤਾ ਕਦੇ ਫੇਰਾ ਪਾਂਦਾ ਹੈ। ਪਰ ਸੁਆਦ ਨ ਆਵੇ ਤੇ ਬੀ ਜੋ ਬਾਣੀ ਵਿਚ ਲਗੇ ਰਹਿੰਦੇ ਹਨ, ਓਹੀ ਸੂਰਮੇ ਹਨ - ਅਰ ਸਤਿਗੁਰ ਉਹਨਾਂ ਪਰ ਦਿਆਲ ਹੁੰਦੇ ਹਨ। ਅਰ ਲਗੇ ਰਹਿਣਾ ਦਸਦਾ ਹੈ ਕਿ ਗੁਰੂ ਨਾਨਕ ਜੀ ਦਿਆਲ ਹਨ। ਸਤਿਗੁਰ ਦੇ ਦਰ 'ਤੇ ਤਾਂ ਖਿਆਲ਼ ਹੀ ਪ੍ਰਵਾਨ ਹੈ। ਜਿਸ ਰੰਗ ਵਿਚ ਰਸ ਪਵੇ ਤੇ ਨਾਮ ਦੇ ਤ੍ਰੰਗ ਵਧੀਕ ਪੈਦਾ ਹੋਣ - ਸੋਈ ਕਰੋ। ਸਾਡਾ ਤਰਲਾ ਕਿਸੇ ਤਰ੍ਹਾਂ ਦੇ ਬਚਾਓ ਵਿਚ ਪੈਣਾ ਦਾ ਨਹੀਂ- ਪਰ ਓਸ ਯਤਨ ਕਰਨੇ ਦਾ ਹੈ-ਜਿਨ੍ਹਾਂ ਕਰਕੇ ਨਾਮ ਯਾਦ ਰਹੇ।ਜੋ ਕਰਮ ਨਾਮ ਨੂੰ ਭੁਲਾਂਦੇ ਹਨ ਉਹ ਸਾਰੇ ਹੀ ਨਹੀਂ ਕਰੀਦੇ। ਗੁਰ ਸਤਿਗੁਰ ਕਲਗੀਆਂ ਵਾਲੇ ਦੀ ਯਾਦ ਅਮੋਲਕ ਦਾਤ ਹੈ।

ਸਤਿਗੁਰ ਨਾਮ ਦਾ ਸਿਮਰਨਾ ਤੇ ਗੁਰੂ ਨਾਨਕ ਦੇ ਚਰਨਾਰ ਬਿੰਦ ਦਾ ਧਿਆਨ ਇਹ ਸਾਰ ਕੰਮ ਹੈ - ਹੋਰ ਸਾਰੇ ਕੰਮ ਲੋਕਾਚਾਰ ਹੈਨ ਅਰ ਉਨ੍ਹਾਂ ਦਾ ਕੋਈ ਲਾਭ ਨਹੀਂ। ਜੋ ਗਲਬਾਤ ਆਪ ਨਾਲ ਕਰਨੇ ਦਾ ਅਉਸਰ ਮਿਲਿਆ ਹੈ ਉਸ ਦਾ ਮਨੋਰਥ ਕੇਵਲ ਇਹੀ ਸੀ ਕਿ ਆਪ ਦੇ ਹਿਰਦੇ ਵਿਚ ਜੋ ਬਾਣੀ ਤੇ ਨਾਮ ਦਾ ਅਭਿਆਸ ਅਗੇ ਹੈ - ਅਰ ਜੋ ਸਤਿਸੰਗ ਆਪਨੇ ਮੇਹਨਤਾਂ ਨਾਲ ਕੀਤੇ ਹਨ ਉਨ੍ਹਾਂ ਦੀ ਰੰਗਣ ਵਧੇ। ਤੁਸੀਂ ਗੁਰੂ ਨਾਨਕ ਦੇ ਤੇ ਗੁਰ ਨਾਨਕ ਤੁਸਾਡਾ। ਇਹੀ ਪ੍ਰੇਮ ਦੂਣਾ ਚੌਣਾ ਹੋਵੇ।

ਅਸਲ ਵਿਚ ਗੁਰੂ ਨਾਨਕ ਦੇ ਦੁਆਰੇ ਤੇ ਹਰ ਆਸਾਵੰਦ ਦਾ ਇਹ ਤਰਲਾ ਹੁੰਦਾ ਹੈ ਕਿ ਮੈਨੂੰ ਜੋ ਮਿਲੇ, ਮੇਰੇ ਨਾਲ ਜੋ ਕੋਈ ਗਲ ਕਰੇ ਉਸ ਦੇ ਅੰਦਰ ਮੇਰੇ ਪ੍ਰੀਤਮ ਦਾ ਪ੍ਰੇਮ ਛਾਲਾਂ ਮਾਰਕੇ ਵੱਧੇ ਤੇ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਚਾ ਪਿਆਰਾ ਬਣ ਜਾਵੇ। ਸਭ ਦਾ ਅੰਤਲਾ ਟਿਕਾਣਾ ਵਾਹਿਗੁਰੂ ਹੈ - ਅਰ ਸਭ ਨੂੰ ਲੈ ਜਾਣ ਵਾਲਾ ਦਾਤਾ ਗੁਰੂ ਨਾਨਕ ਦੇਵ

 www.sikhbookclub.com

ਹੈ ਤੇ ਜੋ ਸੰਸਾਰ ਵਿਚ ਸਤਿਸੰਗੀ ਅਰ ਗੁਰੂ ਦੁਆਰੇ ਦੇ ਆਸਾਵੰਦ ਮਿਲਦੇ ਹਨ, ਉਨ੍ਹਾਂ ਸਾਰੀਆਂ ਦੀ ਪ੍ਰਸਪਰ ਇਕ ਦੂਜੇ ਲਈ ਇਹ ਪ੍ਰਾਥਨਾ ਹੁੰਦੀ ਹੈ ਕਿ ਸਤਿਗੁਰੂ ਕਿਸੇ ਤੇ ਮੇਹਰ ਕਰੇ। ਖਬਰੇ ਕਿਸੇ ਦੀ ਖਾਤਰ ਕੌਣ ਬਖਸ਼ਿਆ ਜਾਵੇ। ਤ੍ਰਿਲੋਚਨ ਬ੍ਰਾਹਮਣ ਨੂੰ ਕੇ ਪਤਾ ਸੀ ਕਿ ਧਨੇ ਦੇ ਕਾਰਣ ਮੈਂ ਤਰਾਂਗਾ। ਭਾਵੇਂ ਆਪਣੇ ਜਾਣੇ ਓਹ ਧੰਨੇ ਦਾ ਉਪਦੇਸ਼ਟਾ ਬਣਿਆ - ਪਰ ਸਾਈਂ ਕੌਤਕ ਕਿ ਉਸ ਮੂਰਖ ਜੱਟ ਦੀ ਤੁਫੈਲ ਉਹ ਕਠੋਰ ਬ੍ਰਾਹਮਣ ਮੁਕਤੀ ਪਾ ਗਿਆ। ਤਾਤ ਪਰਜ ਇਹ ਕਿ ਗੁਰੂ ਨਾਨਕ ਦੁਆਰੇ ਦੇ ਸਾਰੇ ਆਸਾਵੰਦ ਇਕ ਦੂਸਰੇ ਦੀ ਮਦਦ ਕਰਦੇ ਹਨ - ਉਤਨਾ ਹੀ ਆਪਣੇ ਸਤਿਸੰਗੀਆਂ ਤੇ ਹੋਰ ਦੁਆਰੇ ਪਰ ਬੈਠੇ ਆਸਾਵੰਦ ਲਈ ਕਰਦੇ ਹਾਂ, ਤਾਤਪਰਜ ਇਹ ਹੁੰਦਾ ਹੈ -

> **"ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥**
> **ਇਕਿ ਜਾਗੰਦੇ ਨਾ ਲਹਨਿ**
> **ਇਕਨਾ ਸੁਤਿਆ ਦੇਇ ਉਠਾਲਿ॥੧੧੩॥"**
> (ਸਲੋਕ ਫਰੀਦ, ਪੰਨਾ ੧੩੮੪)

ਖਬਰੇ ਦਾਤੇ ਨੇ ਕਿਸ ਪਰ ਤ੍ਰੁਠਣਾ ਹੈ। ਕਿਸ ਤੇ ਮੇਹਰ ਦਾ ਮੀਂਹ ਵਸ ਪੈਣਾ ਹੈ - ਅਰ ਖਬਰੇ ਉਸ ਦੀ ਤੁਫੈਲ ਸਾਡੀ ਕਲਿਆਣ ਹੋ ਜਾਣੀ ਹੈ। ਬਸ ਏਸ ਆਸ 'ਤੇ ਗੁਰੂ ਨਾਨਕ ਦੇ ਸਿਖ ਇਕ ਦੂਸਰੇ ਦੀ ਸਹਾਇਤਾ ਕਰਦੇ ਹਨ। ਹੋਰ ਦਾਤਾ ਤੇ ਵਡਾ ਬਖਸ਼ਿੰਦ ਹੈ ਤੇ ਗੁਰੂ ਤਾਰਨਹਾਰ ਤੇ ਰਾਖਣਹਾਰਾ ਗੁਰ ਨਾਨਕ, ਸ੍ਰੀ ਗੁਰ ਨਾਨਕ, ਪਿਆਰਾ ਗੁਰ ਨਾਨਕ, ਸਭ ਤੋਂ ਵੱਡਾ ਸਤਿਗੁਰ ਨਾਨਕ, ਕੇਵਲ ਸਤਿਗੁਰ ਨਾਨਕ ਹੈ - ਸੋ ਉਸਦੇ ਦੁਆਰੇ ਲੋ ਲਾਇ ਬੈਠੇ ਰਹੀਏ - ਨਾਮ ਜਪਦੇ ਰਹੀਏ - ਉਸ ਪਿਆਰੇ ਦੇ ਚਰਨਾਂ ਦਾ ਧਿਆਨ ਧਾਰਦੇ ਰਹੀਏ।

> **"ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ**
> **ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ"॥੨੨੩॥**
> (ਸਲੋਕ ਕਬੀਰ, ਪੰਨਾ ੧੩੭੬)

ਏਸ ਕਰਕੇ ਪਤ੍ਰਾਂ ਦੀ ਉਸ ਦੁਆਰੇ ਲੋੜ ਨਹੀਂ ਹੈ ਤੇ ਸਤਿਸੰਗੀ ਅਪਨੇ ਵਰਗੇ ਸਤਿਗੁਰ ਦੇ ਘਰ ਆਸਾਵੰਦ ਬੈਠਿਆਂ ਲਈ ਆਪ ਮੁਹਾਰੇ

 www.sikhbookclub.com

ਅਰਦਾਸੇ ਕਰਦੇ ਹਨ। ਏਸ ਕਰਕੇ ਆਪ ਦਾ ਖਿਆਲ ਦਰੁਸਤ ਹੈ ਅਰ ਆਪ ਜੀਕੂੰ ਲਗੇ ਰਹੇ ਹੋ ਇਹ ਲਗੇ ਰਹਿਣਾ ਅਰ ਪਿਆਰੇ ਗੁਰ ਨਾਨਕ ਦਾ ਦਰ ਨਾ ਛੱਡਣਾ ਅਤਿ ਸ਼ੋਭਾਵੰਤ ਕੰਮ ਹੈ। ਸਾਡੇ ਮਨ ਦਾ ਲਗਣਾ, ਅਰਜ਼ਾਂ, ਅਰਦਾਸਾਂ, ਬਾਣੀ ਨਾਮ ਧਿਆਨ ਤਰਲੇ ਸਤਿਗੁਰੂ ਆਤਮ ਸਰੂਪ ਸਤਿਗੁਰੂ ਦੇ ਚਰਨਾਂ ਵਿਚ ਸਿੱਧੇ ਪਹੁੰਚਦੇ ਹਨ - ਹੋਰ ਸਾਡੇ ਪਾਸ ਕੇ ਹੈ - ਰਲਮਿਲ ਕੇ ਇਕ ਦੂਜੇ ਲਈ ਅਰਦਾਸੇ ਕਰਨੇ :

**"ਜਿਉ ਅੰਧੁਲੈ ਹਥਿ ਟੋਹਣੀ ਹਰਿ ਨਾਮੁ ਹਮਾਰੈ"**

(ਆਸਾ ਮਹਲਾ ੧, ਪੰਨਾ ੪੨੨)

ਅਤੇ

**"ਮੈਂ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥"**

(ਤਿਲੰਗ ਬਾਣੀ ਭਗਤ ਕਬੀਰ ਜੀ - ਪੰਨਾ੭੨੭)

ਦੇ ਆਸ਼ੇ ਮੂਜਬ ਅਸਾਂ ਤੁਸਾਂ ਇਕ ਦੂਸਰੇ ਦੇ ਬਲ ਨਾਲ ਇਸ ਅੰਧੇਰੇ ਸਫਰ ਨੂੰ ਤੈ ਕਰਨਾ ਹੈ। ਮੈਂ ਬੜੀ ਖੁਸ਼ੀ ਨਾਲ ਸਤਿਗੁਰ ਦੇ ਪਿਆਰਿਆਂ ਲਈ ਅਰਦਾਸੇ ਸੋਧਦਾ ਹਾਂ, ਕਿਉਂਕਿ ਮੈਨੂੰ ਆਸ ਹੀ ਇਹੀ ਹੈ ਕਿ ਪਤਾ ਨਹੀਂ ਮੈਂ ਕਿਸ ਦੇ ਤੁਫੈਲ ਬਖਸ਼ੇ ਜਾਣਾ ਹੈ। ਇਸ ਲਈ ਇਹ ਕਦੇ ਖਿਆਲ ਨ ਕਰੋ। ਜੇ ਮੈਂ ਕਿਸੇਲਈ ਬੇਨਤੀ ਕਰਨੀ ਹੈ ਯਾ ਕਿਸੇ ਤਰਾਂ ਕੰਨੀ ਕਤਰਾਸਾਂ। ਸਗੋਂ ਮੈਂ ਤਾਂ ਆਪਣੇ ਧੰਨ ਭਾਗ ਜਾਣ ਕੇ ਸੇਵਾ ਕਰਾਂਗਾ। ਪਰ ਕੇਵਲ ਏਹ ਤਰਲਾ ਹੈ ਕਿ ਸਤਿਗੁਰ ਮੇਹਰ ਕਰੇ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੬-੩-੧੯੧੪

ਪਵਿਤ੍ਰਾਤਮਾ ਜੀਓ,

**"ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥"**
(ਗਉੜੀ ਸੁਖਮਨੀ ਮ:੫ ਅਸ਼ਟਪਦੀ ੧,ਪੰਨਾ ੨੬੨)

ਬਸ ਇਹੀ ਦਾਰੂ ਹੈ। ਇਹੀ ਅਰੋਗਤਾ ਹੈ। ਗੁਰ ਨਾਨਕ ਦੇਵ ਦੀ ਹਜ਼ੂਰੀ ਵਿਚ ਵਸੋ ਤੇ ਸਦਾ ਸ਼ੁਕਰ ਕਰੋ।

ਰਬ ਦੀ ਪ੍ਰਾਪਤੀ ਲਈ ਕੁਛ ਹਿੰਮਤ ਬੀ ਲੋੜੀਏ, ਕਿਸੇ ਵੇਲੇ ਕਸੀਸ ਵਟ ਕੇ ਲਗੀਦਾ ਹੈ ਕਦੇ ਉਚੇ ਬਾਣੀ ਪੜੀਦੀ ਹੈ। ਲਗੇ ਰਹੀਏ, ਸੁਆਦ ਨ ਪਰਖੀਏ। ਅਸੀਂ ਗ੍ਰਿਹਸਤੀ ਹਾਂ ਕੰਮਾਂ ਵਿਚ ਫਸੇ ਹਾਂ, ਜੰਜਾਲੀਂ ਵੇੜ੍ਹੇ ਹਾਂ ਇਸ ਲਈ ਸੁਆਦ ਕਈ ਵੇਰੀ ਨਠ ਜਾਂਦਾ ਹੈ। ਜਦੋਂ ਲਗੇ ਰਹੀਏ ਸੁਆਦ ਮੁੜ ਆਂਦਾ ਹੈ। ਸਤਿਗੁਰ ਦਾ ਪਾਠ, ਸਤਿਗੁਰ ਦਾ ਨਾਮ, ਸਤਿਗੁਰ ਦਾ ਧਯਾਨ ਲਗੇ ਰਹੀਏ। ਧੰਨ ਗੁਰੂ ਨਾਨਕ ਦੇਵ ਜੀ। ਆਖੋ ਨਾ ਧੰਨ ਗੁਰੂ ਨਾਨਕ ਦੇਵ, ਆਖੋ ਧੰਨ ਗੁਰੂ ਨਾਨਕ ਦੇਵ ਜੀ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਮਸੂਰੀ
੧੭-੯-੧੯੧੪

ਪਵਿਤ੍ਰਾਤਮਾ ਜੀਓ,

ਇਕ ਫ਼ਿਕਰ ਸਦਾ ਚਾਹੀਏ।

ਦਮ ਖਾਲੀ ਜਾ ਰਿਹਾ ਹੈ ਕਿ ਸਾਈਂ ਦੇ ਨਾਮ ਨਾਲ ਭਰ ਕੇ ਜਾ ਰਿਹਾ ਹੈ। ਬਾਕੀ ਫ਼ਿਕਰ ਚਿੰਤਾ ਸਾਈਂ ਦੇ ਹਵਾਲੇ। ਜੋ ਦਾਤਾ ਚੰਗੀ ਜਾਣੂ, ਪਿਆ ਕਰੂ। ਦੇਖੋ ਸਤਿਗੁਰ ਆਖਦਾ ਹੈ:

**"ਊਠਤ ਸੁਖੀਆ ਬੈਠਤ ਸੁਖੀਆ॥**
**ਭਉ ਨਹੀਂ ਲਾਗੈ ਜਾਂ ਐਸੇ ਬੁਝੀਆ॥੧॥**

**ਰਾਖਾ ਏਕੁ ਹਮਾਰਾ ਸੁਆਮੀ॥**
**ਸਗਲ ਘਟਾ ਕਾ ਅੰਤਰਜਾਮੀ॥੧॥ ਰਹਾਉ॥**

**ਸੋਇ ਅਚਿੰਤਾ ਜਾਗਿ ਅਚਿੰਤਾ॥**
**ਜਹਾ ਕਹਾਂ ਪ੍ਰਭ ਤੂੰ ਵਰਤੰਤਾ॥੨॥**

**ਘਰ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥**
**ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥੩॥੨॥"**
(ਭੈਰਉ ਮਹਲਾ ੫, ਪੰਨਾ ੧੧੩੬)

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਡੇਹਰਾਦੂਨ
੨੬-੪-੧੯੫੫

ਪਵਿਤ੍ਰਾਤਮਾ ਜੀਓ,

ਨਾਮ ਇਕ ਨਿਹਾਯਤ ਕੀਮਤੀ ਦਾਤ ਹੈ ਜੋ ਬੜੀ ਦੁਰਲਭ ਹੈ। ਕਠਨਤਾ ਨਾਲ ਪ੍ਰਾਪਤ ਹੁੰਦੀ ਹੈ। ਲਭ ਜਾਏ ਤਾਂ ਇਸ ਨਾਲ ਐਉਂ ਚੰਭੜੇ ਰਹਿਣਾ ਚਾਹਯੇ ਜਿਵੇਂ ਗਾਉਣ ਵਾਲੇ ਦੀ ਸੁਰ ਸਾਜ਼ ਦੀ ਸੁਰ ਨਾਲ ਲਪੇਟ ਖਾਈ ਰਖਦੀ ਹੈ, ਜਿਵੇਂ ਸੁਰ ਸੁਰ ਨੂੰ ਚੰਬੜਦੀ ਹੈ। ਰਸ ਕਸ ਜਗਤ ਦੇ ਇਸ ਤੋਂ ਭੁਲਾਉਂਦੇ ਹਨ, ਪਰ ਹੰਭਲਾ ਮਾਰ ਰਸਾਂ ਕਸਾਂ ਤੋਂ ਉਚਾ ਉਠ ਕੇ ਨਾਮ ਰਸ ਵਿਚ ਲਗੇ ਰਹਿਣ ਦਾ ਯਤਨ ਸਦਾ ਜਾਰੀ ਰਹੇ।

ਕਰਤਾ ਪੁਰਖ ਦੇ ਪ੍ਰੇਮ ਦੇ moments (ਪਲ) ਜੇਹੜੇ ਲੰਘਣ ਮੁਬਾਰਕ ਹੁੰਦੇ ਹਨ।

ਹਿਤਕਾਰੀ
ਵੀਰ ਸਿੰਘ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੨੬-੭-੧੯੨੮

ਪਵਿਤ੍ਰਾਤਮਾ ਜੀਓ,

ਨਾਮ ਤੇ ਰਜ਼ਾ ਬਿਨਾ ਹੋਰ ਪਰਚੇ ਤੇ ਗਲਾਂ ਕੂੜੀਆਂ ਹਨ। ਜੋ ਗਲ ਨਾਮ ਵਿਚ ਢਿਲਿਆਂ ਕਰੇ ਸੋ ਕੁਸੰਗ ਹੈ। ਨਾਮ ਦੇ ਸ਼ੁਕੀਨਾਂ ਨੂੰ ਤਕੜੇ ਰਹਿਣਾ ਚਾਹਯੇ। ਹੋਰ ਅਸੀਸ ਸਰਬਤ ਨੂੰ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਡੇਰਾ
੨੮-੧੨-੧੯੪੯

ਪਵਿਤ੍ਰਾਤਮਾ ਜੀਓ,

ਪਤ੍ਰ ਪਹੁੰਚੇ। ਗੁਰੂ ਮੇਹਰਾਂ ਨਾਲ ਸੁਖ ਸਾਂਦ ਹੈ।

ਜਿਨ੍ਹਾਂ ਨੂੰ ਸਾਈਂ ਨਾਮ ਬਖਸ਼ੇ ਓਹ ਸਦਾ ਸੁਖੀ ਰਹਿਣੇ ਚਾਹਯੇ। ਉਹਨਾਂ ਲਈ ਸਭ ਥਾਂ ਆਪਣੀ ਹੈ। ਓਪਰਾ ਕੋਈ ਨਹੀਂ ਹੈ। ਹਰ ਹਾਲ ਜੋ ਨਾਮ ਦੀ ਰੌ ਵਿਚ ਹੈ ਉਹ ਹਰ ਹਾਲ, ਹਰ ਹਾਲਤ ਵਿਚ ਤੇ ਹਰ ਥਾਵਾਂ ਵਿਚ ਵਾਹਿਗੁਰੂ ਦੇ ਅੰਗ ਸੰਗ ਹੁੰਦਾ ਹੈ।

ਨਾਮ ਚਿਤ ਰਹੇ।

ਹਿਤਕਾਰੀ
ਵੀਰ ਸਿੰਘ

---

* ਡੇਰਾ – ਡੇਹਰਾਦੂਨ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੮-੨-੧੯੫੩

ਪਵਿਤ੍ਰਾਤਮਾ ਜੀਓ,

ਇਸ ਤੁਕ ਦਾ ਵੀਚਾਰ ਕਰੋ

**"ਪ੍ਰਭ ਕਉ ਜਨੁ ਅੰਤਰਿ ਰਿਦ ਲੋਚੈ
ਪ੍ਰਭ ਜਨ ਕੇ ਸਾਸ ਨਿਹਾਰੇ॥"**
(ਨਟ ਮਹਲਾ ੪, ਪੰਨਾ ੯੮੨)

ਐਸੇ ਪ੍ਰਭੂ ਤੇ ਟੇਕ ਟਿਕਾਓ।
ਜਿਸ ਨਾਮੀ ਦਾ ਨਾਮ ਜਪਦੇ ਹੋ ਉਸੇ ਨਾਮੀ ਨੂੰ ਸਹਾਯਕ ਸਮਝੋ। ਸਰਬ ਸੁਖ ਦਾਤਾ ਉਹੀ ਹੈ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਗੁਲਮਰਗ
੨-੯-੧੯੨੮

ਪਵਿਤ੍ਰਾਤਮਾ ਜੀਓ,

ਬਾਣੀ, ਨਾਮ ਏਕਾਂਤ ਵਿਚ ਰਸ ਦੇਂਦੇ ਹਨ, ਤੇ ਜੀਵ ਪਸ਼ੂ ਬਿਰਤੀ ਤੋਂ ਉਠਕੇ ਦੇਵ ਬਿਰਤੀ ਨੂੰ ਅਪੜਦਾ ਹੈ। ਸਰੀਰ ਤਾਂ ਸਾਡਾ ਪਸ਼ੂ ਹੀ ਹੈ ਅਰ ਅੰਦਰ ਜੋ ਰੁਚੀ ਹੈ ਉਹ ਪਸ਼ੂ ਬਿਰਤੀ ਹੈ। ਪਰ ਜੋ ਖੁਸ਼ੀ ਅੰਦਰ ਹੈ ਸੋ ਇਨਸਾਨੀ ਮੰਡਲ ਦੀ ਦਾਤ ਤੇ ਇਸ ਮਨੁਖਾ ਜਨਮ ਲਈ ਚਾਨਣੇ ਦਾ ਦੀਪਕ ਹੈ। ਤੇ ਭਜਨ ਬੰਦਗੀ ਨਾਲ ਅੰਦਰ ਸਿਧਿ ਉਪਜਦੀ ਹੈ। ਸਿਧਿ ਦੇਵ ਖੁਸ਼ੀ ਹੈ। ਇਸ ਨਾਲ ਦੇਵਤਾ ਹੋ ਜਾਈਦਾ ਹੈ।

**"ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥**
**ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥"**
(ਜਪੁਜੀ ੩੬, ਪੰਨਾ ੮)

ਸੋ ਮਨੁਖਾ ਜਨਮ ਪਾ ਕੇ ਸਫ਼ਲਾ ਕਰਨਾ ਚਾਹੀਦਾ ਹੈ ਤੇ ਇਸ ਰੰਗ ਵਿਚ ਜਿੰਨਾ ਹੋ ਸਕੇ ਉਚਾ ਉਠਣਾ ਚਾਹੀਦਾ ਹੈ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

੧੦-੧੨-੧੯੫੫

ਪਵਿਤ੍ਰਾਤਮਾ ਜੀਓ,

ਧੰਨ ਗੁਰ ਨਾਨਕ ਦੇਵ - ਸੁਖਾਂ ਦਾ ਦਾਤਾ

ਸਭ ਤਰਾਂ ਕੁਸ਼ਲ ਹੈ। ਜੋ ਨਾਮ ਜਪਣ ਦੇ ਤਰਲੇ ਲੈਂਦੇ ਹਨ ਵਾਹਿਗੁਰੂ ਤੋਂ ਖੁਸ਼ੀ ਮੰਗਦੇ ਹਨ ਤੇ ਆਪ ਖੁਸ਼ੀਆਂ ਦੇਂਦੇ ਹਨ। ਭਾਈ ਸੇਵਾ ਦਾਸ ਨੇ ਲਿਖ੍ਯਾ ਹੈ :

**"ਓਹ ਖੁਸ਼ੀਆਂ ਬੀਜਣ ਖੁਸ਼ੀਆਂ ਵਢਣ**
**ਉਨਾਂ ਖੇਤ ਖੁਸ਼ੀ ਦੇ ਵਾਹੇ**
**ਓਹ ਖੁਸ਼ੀਆਂ ਵੰਡਣ ਖੁਸ਼ੀਆਂ ਦੇਵਣ**
**ਓਹ ਖੁਸ਼ੀ ਵਪਾਰੀ ਆਹੇ।"**

ਹੋਰ ਨਾਮ ਜਪਣਾ ਤੇ ਜਿਵੇ ਰਖੇ ਰਾਜ਼ੀ ਰਹਣਾ, ਇਹੀ ਕਾਰ ਹੈ ਗੁਰਮੁਖਾਂ ਦੀ।

ਨਾਮ ਚਿਤ ਰਹੇ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੨੨-੧੧-੧੯੨੩

ਜੀਓ ਜੀ,

ਪਤ੍ਰ ਮਿਲਿਆ। ਸੁਖ ਹੈ। ਸਾਈਂ ਸਿਮਰੋ। ਘਬਰਾ ਦਿਲ ਵਿਚੋਂ ਨਾਮ ਦਾ ਰਸ ਚੂਸ ਲੈਂਦਾ ਹੈ। ਨਾਮ ਰਸ ਤੋਂ ਸਖਣੇਂ ਨਹੀਂ ਹੋਣਾ। ਨਾਮ ਜਪੋ ਸੁਖ ਰਹੇ। ਜੋ ਹੁੰਦਾ ਹੈ, ਹੁਕਮ ਵਿਚ ਹੈ ਤੇ ਸੁਖ ਦਾ ਜਨਕ ਹੈ।

ਕਾਹਲੀ ਵਿਚ

ਹਿਤਕਾਰੀ
ਵੀਰ ਸਿੰਘ

ਪਤ੍ਰ ਹੁਣ ਪੰਜ ਵਜੇ ਸ਼ਾਮ ਨੂੰ ਮਿਲਿਆ ਹੈ।


www.sikhbookclub.com

# ੪. ਸਜਣ ਮੇਰੇ ਰੰਗੁਲੇ

(ਮਲਕ ਤੇਜਾ ਸਿੰਘ ਜੀ ਦੇ ਅਕਾਲ ਚਲਾਣੇ ਬਾਰੇ ਰਾਜ ਮਲਕ ਜੀ ਤੇ ਹੋਰ ਸਨਬੰਧੀਆਂ ਨੂੰ ਧੀਰਜ ਦੇਣ ਲਈ ਲਿਖੇ ਪੱਤਰ)

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੩-੨-੧੯੫੩

ਪਵਿਤ੍ਰਾਤਮਾ ਰਾਜ ਜੀਓ,

ਕਾਸ਼ ਵਾਹਿਗੁਰੂ ਜੀ ਇਸ ਦਿਨ ਨੂੰ ਨਾਂ ਲਿਆਂਦੇ ਕਿ ਮੈਨੂੰ ਇਹ ਚਿੱਠੀ ਤੁਸਾਂ ਵਲ ਲਿਖਣੀ ਪੈਂਦੀ।

ਪਰ ਮਾਲਕ ਦਾ ਹੁਕਮ ਅਟੱਲ।

ਤੁਸਾਂ ਤੇ ਮਲਕ ਜੀ ਵਰਗੀਆਂ ਪਯਾਰ ਜੋੜੀਆਂ ਦਾ ਵਿਛੜਨਾ ਖਯਾਲ ਕਰਨਾ ਖਯਾਲ ਨਹੀਂ ਸੀ ਸਹਿੰਦਾ ਪਰ ਉਹ ਵਰਤਦਾ ਦੇਖਣਾ ਪੈ ਗਿਆ।

ਅਸੀਂ ਨਹੀਂ ਸਮਝ ਸਕਦੇ ਭਾਣੇ ਨੂੰ।

ਮੇਰੇ ਉਮਰਾ ਦੇ ਬੇਲੀ ਮਲਕ ਜੀ ਦਾ ਵਿਛੋੜਾ ਮੇਰੇ ਲਈ ਬੀ ਅਸਹਿ ਵਿਛੋੜਾ ਹੈ ਪਰ ਸਹਣਾ ਹੁਕਮ ਵਿਚ ਲਿਖਯਾ ਸੀ। ਹੁਣ ਜੋ ਹੁਕਮ ਸੀ ਵਰਤ ਚੁਕਾ ਹੈ।

ਵਾਹਿਗੁਰੂ, ਸੁਖੀ ਰਹੇ - ਸਾਰੀ ਉਮਰ ਸੁਖੀ ਰਹੇ - ਮਲਕ ਜੀ ਨੂੰ ਅਪਨੇ ਸੁਹਣੇ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਸੁਖੀ ਰਖੇ।

ਏਹ ਅਰਦਾਸ ਕਰੀਏ

ਤੁਸੀਂ ਤੇ ਅਸੀਂ ਸਾਰੇ ਅਰਦਾਸ ਕਰੀਏ।

ਕਲ ਦੇ ਖਤ ਤੋਂ ਰਾਜੀ ਦੀਆਂ ਖਬਰਾਂ ਸਨ ਅਜ ਸਾਈਂ ਗੋਦੀ ਵਿੱਚ ਸਮਾਈ ਦੀਆਂ ਫੋਨਾਂ ਤੇ ਤਾਰਾਂ ਆ ਗਈਆਂ।

ਕਰਤਾ ਪੁਰਖ ਦੇ ਰੰਗ।

ਹੁਣ ਤਕੜੇ ਹੋਵੋ। ਭਾਣਾ ਮਿਠਾ ਕਰ ਮਨੋ। ਜਿਸ ਵਾਹਿਗੁਰੂ ਨੇ ਸੁਖ ਦਿਤੇ, ਜਿਸਦੀ ਆਰਾਧਨਾ ਵਿਚ ਤੁਸਾਂ ਬਾਣੀਆਂ ਪੜ੍ਹੀਆਂ, ਅਰਦਾਸਾਂ ਕੀਤੀਆਂ, ਨਾਮ ਜਪੇ, ਉਸਦੇ ਭਾਣੇ ਨਾਲ ਆਪ ਨੂੰ ਇਕਸੁਰ ਕਰੋ।

ਤਾਂ ਉਸ ਮਾਲਕ ਨਾਲ ਬਣੀ ਰਹੇ, ਉਸ ਦੇ ਅਗੇ ਸਾਡਾ ਤਸਲੀਮ ਦਾ ਸਿਰ ਝੁਕਿਆ ਰਹੇ:

 www.sikhbookclub.com

**"ਤੇਰਾ ਕੀਆ ਮੀਠਾ ਲਾਗੈ।**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥"**
(ਆਸਾ ਘਰ ੭ ਮਹਲਾ ੫, ਪੰਨਾ ੩੯੪)

ਸ੍ਰੀ ਮਲਕ ਜੀ ਦੀ ਉਮਰ ਪਰਮ ਪਰਉਪਕਾਰਾਂ ਵਿਚ, ਨਾਮ ਬਾਣੀ ਦੀ ਅਰਾਧਨਾ ਵਿਚ ਬੀਤੀ। ਉਨਾਂ ਦੀ ਸਦਗਤੀ ਵਿਚ ਕੋਈ ਸੰਸਾ ਨਹੀਂ ਹੋ ਸਕਦਾ। ਤੁਸੀਂ ਅਪਨੀ ਬਾਕੀ ਆਯੂ ਨਾਮ ਬਾਣੀ ਵਿਚ ਸਫ਼ਲਾਓ ਜਿਸ ਤਰ੍ਹਾਂ ਪਿਛਲੀ ਸਫ਼ਲਾਈ ਜੇ।

ਮਰਦਾ ਕੁਛ ਨਹੀਂ।

ਮਰਦਾ ਕੋਈ ਨਹੀਂ। ਮਲਕ ਜੀ ਅਮਰ ਸੰਤ ਸਨ। ਸੰਤ ਤਾਂ ਅਪਨੇ ਘਰ ਜਾਂਦੇ ਹਨ।

ਉਨ੍ਹਾ ਪਰਤ ਕੇ ਏਥੇ ਨਹੀਂ ਆਉਣਾ।

ਪਰ ਤੁਸਾਂ ਅਸਾਂ ਸਭ ਨੇ ਓਥੇ ਜਾਣਾ ਹੈ। ਸੋ ਦਿਲ ਨੂੰ ਤਸਲੀ ਦੇ ਕੇ ਵਾਹਿਗੁਰੂ 'ਤੇ ਸਿਦਕ ਕਾਯਮ ਰਖ ਕੇ ਨਾਮ ਬਾਣੀ ਦੇ ਜੀਵਨ ਨੂੰ ਹੋਰ ਨਾਮ ਬਾਣੀ ਵਾਲਾ ਬਣਾਓ।

ਲਗੇ ਰਹੇ ਲਗੇ ਰਹੋ, ਜੋ ਜਦੋਂ ਸਚੇ ਘਰਾਂ ਨੂੰ ਜਾਣ ਦਾ ਸਮਾਂ ਆਵੇ ਤਾਂ ਐਉ ਟੁਰੀਏ ਜਿਵੇਂ ਬਦੇਸਾਂ ਤੋ ਵਤਨਾਂ ਨੂੰ ਜਾਈਦਾ ਹੈ ਤੇ ਜਾਕੇ ਗਏ ਪਯਾਰਿਆਂ ਨੂੰ ਮਿਲੀਏ।

ਤੁਸਾਂ ਨੂੰ ਤੇ ਸਾਰੇ ਪਰਵਾਰ ਨੂੰ ਵਾਹਿਗੁਰੂ ਸ਼ਾਂਤੀ ਸੁਖ, ਸਿਦਕ, ਭਾਣਾ ਮੰਨਣ ਦਾ ਬਲ ਤੇ ਨਾਮ ਦਾਨ ਬਖਸ਼ੇ।

ਸਚਾ ਪਾਤਸ਼ਾਹ ਅਪਨੇ ਪਯਾਰੇ ਨੂੰ, ਜੋ ਸਾਥੋਂ ਵਿਛੜ ਗਿਆ ਹੈ, ਅਪਨੇ ਚਰਨਾਂ ਵਿਚ ਨਿਵਾਸ ਦੇਵੇ।

ਰਾਜ ਜੀਓ! ਜਿਸ ਵੇਲੇ ਉਦਾਸੀ ਜੋਰ ਕਰੇ ਅਰਦਾਸ ਕਰਨੀ, ਗੁਰੂ ਨਾਨਕ ਦੇਵ ਜੀ ਨੂੰ ਅੰਗ ਸੰਗ ਸਹਾਈ ਸਮਝਣਾ। ਆਪ ਨੂੰ ਇਕਲਿਆਂ feel (ਮਹਿਸੂਸ) ਨਾ ਕਰਨਾ। ਓਹ ਅੰਗ ਸੰਗ ਹੈ। ਹਾਂ, ਗੁਰੂ ਅੰਗ ਸੰਗ ਹੈ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੪-੦੨-੧੯੫੩

ਸਤਿਕਾਰ ਯੋਗ ਸ੍ਰੀ ਰਾਜ ਜੀਓ,

ਸਵੇਰੇ ਫੋਨ ਕੀਤੀ ਸੀ, ਜੋ ਖਯਾਲ ਕੁਛ ਕਹੇ ਕੁਛ ਕਹਣੇ ਸਨ ਇਸ ਪਰਕਾਰ ਹਨ :

**"ਦੂਖ ਸੂਖ ਪ੍ਰਭ ਦੇਵਨਹਾਰੁ॥**
**ਅਵਰ ਤਿਆਗਿ ਤੂ ਤਿਸਹਿ ਚਿਤਾਰੁ॥"**

(ਗਉੜੀ ਸੁਖਮਨੀ ੧੫ ਮਹਲਾ ੫, ਪੰਨਾ ੨੮੩)

**"ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥"**

(ਰਾਗ ਸੂਹੀ ਅਸਟਪਦੀਆਂ ਮਹਲਾ ੪,ਘਰ ੨, ਪੰਨਾ ੭੫੭)

ਕਿਉਂਕਿ ਹਰ ਹਾਲ ਅਪਨਿਆਂ ਦਾ ਉਸਨੂੰ ਫਿਕਰ ਹੈ। ਸਾਨੂੰ ਸਾਈਂ ਬਲ ਦੇਵੇ ਕਿ ਅਸੀਂ ਇਸ ਵਾਕ ਤੇ ਟੁਰੀਏ।

**"ਏਕਲ ਚਿੰਤਾ ਰਾਖੁ ਅਨੰਤਾ**
**ਅਉਰ ਤਜਹੁ ਸਭ ਆਸਾ ਰੇ॥"**

(ਮਾਲੀ ਗਉੜਾ, ਭਗਤ ਨਾਮਦੇਵ : ਪੰਨਾ ੯੮੮)

ਦੁਖ ਸਹਿਣ ਦੀ ਜੀਵਾਂ ਵਿਚ ਤਾਕਤ ਨਹੀਂ। ਜੋ ਦੁਖ ਘਲਦਾ ਹੈ ਸਹਿਣ ਸ਼ਕਤੀ ਉਹੋ ਦੇਂਦਾ ਹੈ। ਓਹ ਹਰ ਗਲ ਰਾਖਾ ਹੋ ਖੜੋਂਦਾ ਹੈ।

ਘੁਮਿਆਰ ਜਦ ਟਿੰਡ ਬਣਾਉਂਦਾ ਹੈ ਤਾਂ ਬਾਹਰੋਂ ਥਾਪੀ ਮਾਰਦਾ ਹੈ, ਜਦੋਂ ਬਾਹਰੋਂ ਥਾਪੀ ਮਾਰਦਾ ਹੈ ਤਦੋਂ ਦੂਜਾ ਹੱਥ ਟਿੰਡ ਨੂੰ ਅੰਦਰੋ ਦੇਂਦਾ ਹੈ ਤਾਂ ਹੀ ਟਿੰਡ ਬਣਦੀ ਹੈ।

**"ਅੰਤਰਿ ਖੂਹਟਾ ਅੰਮ੍ਰਿਤਿ ਭਰਿਆ**
**ਸਬਦੇ ਕਾਢਿ ਪੀਐ ਪਨਿਹਾਰੀ॥"**

(ਵਡਹੰਸ ਮ: ੩, ਪੰਨਾ ੫੭੦)

 www.sikhbookclub.com

ਇਸ ਖੂਹ ਤੋਂ ਅੰਮ੍ਰਿਤ ਕਢਣ ਦੀ ਟਿੰਡ ਬਣਾਉਣੇ ਲਈ, ਹਾਂ ਸਾਡੀ ਸੁਰਤ ਨੂੰ ਅੰਮ੍ਰਿਤ ਖੂਹ ਦੀ ਟਿੰਡ ਬਨਾਉਣ ਲਈ ਜਦ ਉਹ ਸੁਭਾਗ ਬਰਤਨ ਬਨਾਉਂਦਾ ਕੋਈ ਥਾਪੀ ਮਾਰਦਾ ਹੈ ਤਾਂ ਅੰਦਰ ਸਾਡੀ ਸੁਰਤ ਨੂੰ ਅਪਨਾ ਹਥ ਅਪਨੀ ਮੇਹਰ ਦੀ ਤੁਲਨਾ ਬੀ ਦੇਂਦਾ ਹੈ।

ਮੇਹਰਾਂ ਤੇ ਤਕੀਏ ਰਖੀਏ

ਆਖਰ ਜੋ ਕੁਛ ਮਾਲਕ ਕਰਦਾ ਹੈ ਸਾਡੇ ਕਿਸੇ ਸੁਧਾਰ ਤੇ ਭਲੇ ਲਈ ਹੁੰਦਾ ਹੈ, ਅਸੀਂ ਸਮਝ ਨਹੀਂ ਸਕਦੇ।

"ਸਾਨਥ ਮੇਰੀ ਆਪ ਖੜਾ" ਲਿਖਯਾ ਹੈ।

ਗੁਰੂ ਅੰਗ ਸੰਗ ਰਹੇ ਤੇ ਅਪਨੇ ਪਯਾਰ ਨਾਲ ਸੁਰਤ ਨੂੰ ਸਨਿਗਧ ਰਖੇ।

ਜਿਸ ਜਿਸ ਵੇਲੇ ਸੁਰਤ ਵਧੇਰੇ ਵੇਰਾਗ ਵਿਚ ਜਾਵੇ -

**"ਰਾਖੁ ਸਦਾ ਪ੍ਰਭ ਅਪਨੈ ਸਾਥ"**

(ਬਿਲਾਵਲ ਮ: ੫ ਪੰਨਾ ੮੨੮)

ਦੀ ਤੁਕ ਦਾ ਪਾਠ ਕਰਨਾ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ, ੫-੦੨-੧੯੫੩

ਪਵਿਤ੍ਰਾਤਮਾ ਸ੍ਰੀ ਰਾਜ ਜੀਓ ਜੀ,

**"ਅੰਤਰਿ ਮਨਤਨ ਬਸਿ ਰਹੇ ਈਤ ਊਤ ਕੇ ਮੀਤ"**

(ਗਉੜੀ ਬਾਵਨ ਅਖਰੀ ਮ: ੫ ਪੰਨਾ ੨੫੩)

ਸਾਡੇ ਦੋ ਜਹਾਨਾ ਦੇ ਮਿਤ੍ਰ ਸ੍ਰੀ ਗੁਰੂ ਨਾਨਕ ਦੇਵ ਜੀ ਤੁਸਾਡੇ ਸਿਰ 'ਤੇ ਹਨ ਤੇ ਸਾਰੀ ਉਮਰ ਬਾਣੀ ਪੜੀ ਨਾਮ ਜਪਿਆ ਨੇ ਉਹ ਤੁਹਾਡੇ ਸਿਰ ਤੇ ਹਨ:

**"ਸਿਰ ਊਪਰਿ ਠਾਢਾ ਗੁਰੁ ਸੂਰਾ"**

(ਗਉੜੀ ਸੁਖਮਨੀ ੨੨ ਮ: ੫, ਪੰਨਾ ੨੯੩)

ਸਮਝੋ: ਸ੍ਰੀ ਗੁਰੂ ਜੀ ਦਾ ਧਿਆਨ ਧਰੋ, ਚਰਨਾਂ ਵਿਚ ਬੈਠੇ ਮਲਕ ਜੀ ਨੂੰ ਤਕੋ। ਅੱਗੇ ਸ੍ਰੀ ਮਲਕ ਜੀ ਦੇ ਸਰੀਰ ਤੇ ਆਤਮਾ ਦੋਹਾਂ ਦਾ ਧਿਆਨ ਮਿਲਦਾ ਸੀ ਹੁਣ ਉਨ੍ਹਾਂ ਦੇ ਆਤਮਾ ਨੂੰ ਗੁਰੂ ਚਰਨਾਂ ਵਿਚ ਬੈਠੇ ਤਕ ਕੇ ਅਮਰ ਸਮਝੋ। ਚਿਤ ਦੀ ਬਿਰਤ ਨੂੰ ਡੋਲਣ ਨਾ ਦਿਓ।

ਗੁਰੂ ਅੰਗ ਸੰਗ ਹੋਕੇ ਰਖਿਆ ਕਰੇ। ਚਿਤ ਦੀ ਬ੍ਰਿਤੀ ਮਹਾਰਾਜ ਨੂੰ ਅੰਗ ਸੰਗ ਰਖੇ ਤੇ ਸਿਮਰਨ ਭਜਨ ਜਾਰੀ ਰਹੇ। ਟੇਕ ਉਸੇ ਦੀ ਪਕੜੋ ਜੋ ਜਨਮ ਤੋਂ ਪਹਲੋਂ ਤੁਸਾਡੇ ਨਾਲ ਸੀ ਜੋ ਹੁਣ ਬੀ ਨਾਲ ਹੈ ਤੇ ਸਦਾ ਨਾਲ ਹੋਸੀ।

ਮੈਂ ਸਾਰੀ situation (ਸਥਿਤੀ) ਤੁਸਾਡੇ ਅਤਿ-ਪਯਾਰ ਤੇ ਵਿਛੋੜੇ ਨੂੰ ਸਮਝਦਾ ਹਾਂ। ਪਰ ਦਾਰੂ ਹੁਣ ਕਰਨਾ ਹੈ ਇਹ ਕਿ ਸਾਡਾ ਨੇਂਹੁ ਵਾਹਿਗੁਰੂ ਜੀ ਨਾਲੋਂ ਨਾ ਟੁਟੇ। ਉਹੀ ਮਲਕ ਜੀ ਦੀ ਆਤਮਾ ਨੂੰ ਸੁਖ ਦੇਣੇ ਵਾਲਾ ਹੈ, ਉਹੀ ਤੁਹਾਡੀ ਬਾਕੀ ਜਿੰਦਗੀ ਨੂੰ ਅਪਨੀ ਹਜ਼ੂਰੀ ਨਾਲ ਭਰਕੇ ਭਗਤੀ ਤੇ ਪ੍ਰੇਮ ਭਗਤੀ ਵਾਲਾ ਸਫਲ ਜੀਵਨ ਬਣਾ ਸਕਦਾ ਹੈ ਤੇ ਤੁਸਾਨੂੰ ਸਾਰੇ ਸੁਖ ਦੇ ਸਕਦਾ ਹੈ। ਉਹ ਤੁਹਾਡੇ ਅੰਗ ਸੰਗ ਰਹੇ, ਇਹ ਅਰਦਾਸ ਹੈ।

ਆਸ ਹੈ ਪਹਲੇ ਦੋ ਪਤ੍ਰ ਪੁਜ ਗਏ ਹੋਣਗੇ। ਜਵਾਬ ਦੀ ਲੋੜ ਨਹੀਂ ਵਾਚ ਕੇ ਸੁਖੀ ਹੋ ਜਾਓ।

ਹਿਤਕਾਰੀ ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੬-੦੨-੧੯੫੩

ਪਵਿਤ੍ਰਾਤਮਾ ਰਾਜ ਜੀਓ,

**"ਸੰਜੋਗੁ ਵਿਜੋਗੁ ਧੁਰਹੁ ਹੀ ਹੂਆ"**
(ਮਾਰੂ ਅੰਜੁਲੀ ਮ: ੫ ਘਰ ੭, ਪੰਨਾ ੧੦੦੭)

ਇਹ ਵਾਕ ਪੰਜਾਵੇਂ ਸਤਿਗੁਰਾਂ ਦਾ ਹੈ। ਆਦਿ ਪਾਤਸ਼ਾਹ ਜੀ ਫੁਰਮਾਉਂਦੇ ਹਨ:

**"ਸੰਜੋਗ ਵਿਜੋਗੁ ਮੇਰੈ ਪ੍ਰਭਿ ਕੀਏ॥**
**ਸ੍ਰਿਸਟਿ ਉਪਾਇ ਦੁਖਾ ਸੁਖ ਦੀਏ॥**
**ਦੁਖ ਸੁਖ ਹੀ ਤੇ ਭਏ ਨਿਰਾਲੇ**
**ਗੁਰਮੁਖਿ ਸੀਲੁ ਸਨਾਹਾ ਹੇ।"**
(ਮਾਰੂ ਮ:੧, ਪੰਨਾ ੧੦੩੨)

ਅਰਥਾਤ

ਗੁਰਮੁਖ ਜੋ ਸੀਲ ਧਾਰਨ ਕਰਦਾ ਹੈ ਉਹ ਉਸਦਾ ਲੋਹੇ ਦਾ ਕੋਟ ਬਣ ਜਾਂਦਾ ਹੈ ਜਿਸਨੂੰ ਕੋਈ ਤੋੜ ਨਹੀਂ ਸਕਦਾ। ਸੀਲ ਧਰਮ ਤੋਂ ਏਥੇ ਭਾਵ ਦੈਵੀ ਗੁਣ, ਬਾਣੀ ਤੇ ਨਾਮ ਦੀ ਧਾਰਨਾ ਹੈ।

ਫਿਰ ਦਸਿਆ ਹੈ ਕਿ ਗੁਰਮੁਖ ਦੀ ਰਹਿਣੀ ਕੀ ਹੁੰਦੀ ਹੈ :

**"ਅੰਤਰਿ ਪ੍ਰੇਮ ਪਰਾਪਤਿ ਦਰਸ਼ਨੁ॥**
**ਗੁਰਬਾਣੀ ਸਿਉ ਪ੍ਰੀਤਿ ਸੁ ਪਰਸੁਨ॥**
**ਅਹਿਨਿਸਿ ਨਿਰਮਲ ਜੋਤਿ ਸਬਾਈ**
**ਘਟਿ ਦੀਪਕੁ ਗੁਰਮਖਿ ਜਾਤਾ ਹੇ।"**
(ਮਾਰੂ ਮ: ੧ ਪੰਨਾ ੧੦੩੨)

ਮਲਕ ਜੀ ਬਾਣੀ ਨਾਮ ਦੇ ਪਜਾਰੇ ਤੇ ਸਚੇ ਵਿਸ਼ਵਾਸੀ ਸਨ। ਉਹ


www.sikhbookclub.com

ਹਰਿ ਕੇ ਲੋਗ ਸਨ ਜਿਨ੍ਹਾਂ ਬਾਬਤ ਲਿਖਯਾ ਹੈ:

**"ਹਰਿ ਕੇ ਲੋਗ ਨਹੀ ਜਮੁ ਮਾਰੈ॥
ਨਾ ਦੁਖੁ ਦੇਖਹਿ ਪੰਥਿ ਕਰਾਰੈ॥
ਰਾਮਨਾਮੁ ਘਟ ਅੰਤਰਿ ਪੂਜਾ ਅਵਰੁ ਨ ਦੂਜਾ ਕਾਹਾ ਹੇ॥"**
(ਮਾਰੂ ਮ: ੧ ਪੰਨਾ ੧੦੩੩)

ਇਕ ਨੇ ਨਹੀਂ ਏਥੋਂ ਜਾਣਾ, ਸਭ ਨੇ ਜਾਣਾ ਹੈ ਪਰ ਸਫ਼ਲ ਜਾਣਾ ਕਿਸਦਾ ਹੈ:

**"ਸਭਨਾਂ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ॥
ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ॥"**
(ਸਿਰੀ ਰਾਗ ਮ: ੫ ਪੰਨਾ ੫੧)

ਵਾਹਿਗੁਰੂ ਪ੍ਰੇਮ ਵਿਚ ਤਕੜੇ ਰਹੋ।

ਸਰੀਰ ਏਥੇ ਰਹਿ ਜਾਂਦੇ ਹਨ, ਗੁਰਮੁਖਾਂ ਦੀਆਂ ਆਤਮਾ ਸਾਈਂ ਕੋਲ ਜਾਂਦੀਆਂ ਹਨ ਜਿਵੇਂ ਸਭ ਨਦੀਆਂ ਸਮੁੰਦਰ ਵਿਚ ਜਾਂਦੀਆਂ ਆਪੋ ਵਿਚ ਮਿਲ ਬੀ ਪੈਂਦੀਆਂ ਹਨ।

ਮਲਕ ਜੀ ਲਈ ਭੋਗ, ਸ੍ਰੀ ਗੁਰੂ ਜੀ ਦੇ ਅਰਦਾਸੇ, ਪਾਠ ਸੁਹਣੇ ਤੋਂ ਸੁਹਣੇ ਕਰੋ। ਇਨ੍ਹਾਂ ਦਾ ਲਾਭ ਮਲਕ ਜੀ ਨੂੰ ਬੀ ਤੇ ਪਰਵਾਰ ਨੂੰ ਬੀ ਹੈ। ਇਹ ਦੀਵਾ ਦੋਂਹੀ ਥਾਈਂ ਚਾਨਣ ਦੇਂਦਾ ਹੈ।

ਵਿਛੋੜੇ ਦਾ ਹਿਰਖ ਹੁੰਦਾ ਹੈ, ਵੈਰਾਗ ਆਉਂਦਾ ਹੈ, ਏਹ ਕੁਦਰਤੀ ਗਲ ਹੈ। ਪਿਪਲ ਦਾ ਪਤਾ ਤੋੜੋ ਵਿਛੋੜੋ ਤਾਂ ਦੁਧ ਦੀਆਂ ਬੂੰਦਾਂ ਕਿਰਦੀਆਂ ਹਨ। ਪਰ ਪ੍ਰਪਕਤਾ ਇਹ ਰਹੇ ਕਿ ਸਾਡੀ ਵਾਹਿਗੁਰੂ ਜੀ ਨਾਲ ਬਣੀ ਰਹੇ, ਜੋ ਨਾਮ ਬਾਣੀ ਦਾ ਜੀਵਨ ਬਸਰ ਕਰਦੇ ਆਏ ਹੋ ਉਹ ਜਾਰੀ ਰਹੇ ਤੇ ਵਾਹਿਗੁਰੂ ਜੀ ਤੇ ਸਿਦਕ ਕਾਯਮ ਰਹੇ।

ਬਾਕੀ ਰਹੀ ਤੁਸਾਂ ਜੀ ਦੀ ਸੰਸਾਰ ਯਾਤ੍ਰਾ ਵਿਚ ਸਹਾਯਤਾ ਉਹ ਗੈਬ ਤੋਂ ਇਕ ਤਾਂ ਆਉਂਦੀ ਹੈ ਸੋ ਸਾਂਈ ਸਾਹਿਬ ਜੀ ਦਾ ਹਥ ਤੁਸਾਂ ਦੇ ਸਿਰ ਤੇ ਹੈ। ਫਿਰ ਜਿਨਾਂ ਮਹਾਂ ਪੁਰਖਾਂ ਨੇ ਸਾਈਂ ਸਾਹਿਬ ਨੂੰ ਤਾਰਿਆ ਸੀ ਪਰਬਤਾਂ ਵਾਲੇ ਮਹਾਂ ਪੁਰਖ ਉਨ੍ਹਾਂ ਦਾ ਸਿਰ ਹਥ ਹੈ ਅਸਾਂ ਸਾਰਿਆਂ ਦੇ। ਤਾਂ ਤੇ ਕਿਉ ਡੋਲਨਾ।

ਦੂਜੀ ਜਗਤ ਸਹਾਯਤਾ - ਜੇ ਹੁਣ ਜਗਤ ਦੇ ਜੀਵਨ ਵਿਚ ਤਕੀਏ ਤਾਂ ਸ੍ਰੀ ਮਲਕ ਸਾਹਿਬ ਆਪ ਜੀ ਲਈ ਪ੍ਰਫਲਤ ਬਗੀਚਾ ਲਾ ਗਏ ਹਨ। ਬਰਖੁਦਾਰ ਕਿਸ਼ਨ ਸਿੰਘ ਜੀ ਦਾਨੇ ਤੇ ਪਯਾਰ ਵਾਲੇ ਸ਼ੁਭ ਜੀ ਵਰਗੇ ਆਗਿਆਕਾਰੀ ਤੇ ਮਾਂ ਪ੍ਰੇਮ ਦੇ ਪੁਤਲੇ, ਸਤਵੰਤੀ ਕਾਕੀ ਕਵਲ, ਤੁਸਾਂ ਦੇ ਪਯਾਰ ਪ੍ਰੋਤੀ -ਹੋਣਹਾਰ ਪੋਤੇ ਤੇ ਸ੍ਰੀ ਲੀਲਾ ਜੀ ਵਰਗੀ ਦਰਦਣ ਭੈਣ, ਪਰਮ ਪਯਾਰੀ ਪ੍ਰਕਾਸ਼ ਤੇ ਸੁਹਣੇ ਬੀਬੇ ਹਰਦਿਤ ਸਿੰਘ ਜੀ, ਕਿਆ ਸੁਹਣੀ ਵਾੜੀ ਵਿਚ ਤੁਹਾਨੂੰ ਬਿਠਾ ਗਏ ਹਨ। ਸ਼ੁਕਰ ਕਰੋ।

ਆਰਦਸ ਹੈ ਕਿ ਵਾਹਿਗੁਰੂ ਤੁਹਾਡਾ ਸਹਾਈ ਰਹੇ। ਤੁਸੀਂ ਇਸ ਸੁਹਣੇ ਬਗੀਚੇ ਵਿਚ ਬੈਠੇ ਨਾਮ ਜਪੋ, ਬਾਣੀ ਪੜ੍ਹੋ, ਕੀਰਤਨ ਸੁਣੋ, ਸੁਹਣੇ ਭਿਜਵੇਂ ਅਰਦਾਸੇ ਕਰੋ ਜੋ ਤੁਸਾਂ ਦੀ ਬੀ, **"ਸਫਲ ਸਫਲ ਭਈ ਸਫਲ ਯਾਤ੍ਰਾ"** ਹੋਵੇ।

ਗਰੂ ਅੰਗ ਸੰਗ ਰਹੇ। ਨਾਮ ਦਾ ਰੰਗ ਲਗਾ ਰਹੇ। ਬਾਣੀ ਦੀ ਮੀਂਹ ਫੁਹਾਰ ਵਸਦੀ ਬਹੇ।

ਹਿਤਕਾਰੀ
ਵੀਰ ਸਿੰਘ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੭-੨-੧੯੫੩

ਪਿਆਰੇ ਪਿਤਾ ਜੀ ਨੂੰ ਅੰਮੀ ਜਾਣ ਕੇ

ਗਲੇ ਲਗ ਲਗ ਕੇ ਪਯਾਰਨ ਵਾਲੇ ਬੱਚਾ ਕੰਵਲ ਜੀਓ।

ਕਦੇ ਨ ਵਿਛੜੋ ਅਪਨੇ ਸੋਹਣੇ ਬਾਬਲ ਦੀ "ਯਾਦ" ਤੋਂ ਪਰ ਸਦਾ ਤੱਕੋ ਬੀਬੇ ਬਾਬਲ ਨੂੰ ਉਨ੍ਹਾਂ ਦੇ ਆਪਣੇ ਬਾਬਲ - ਵਾਹਿਗੁਰੂ ਜੀ ਦੀ ਗੋਦ ਵਿਚ ਖੇਲਦੇ ਤੇ ਲਾਡੀਆਂ ਕਰਦੇ।

ਹਾਂ ਉਨ੍ਹਾਂ ਨੂੰ ਤੱਕੋ ਬੱਚਾ ਜੀਓ, ਤੁਸਾਨੂੰ ਅਸੀਸਾਂ ਦੇ ਰਹੇ:

**"ਨਿਮਖ ਨ ਬਿਸਰਉ ਤੁਮ੍ ਕਉ**
**ਹਰਿ ਹਰਿ ਸਦਾ ਭਜਹੁ ਜਗਦੀਸ॥"**

(ਗੂਜਰੀ ਮਹਲਾ ੫, ੪੯੬)

ਹਾਂ ਤੇ ਤੁਸੀਂ ਦਿਸੋ ਸਾਨੂੰ ਸਾਰਿਆਂ ਨੂੰ ਇਹ ਗੀਤ ਗਾਉਂਦੇ:

**"ਬਲਿ ਤਿਸੁ ਬਾਪੈ ਜਿਨਿ ਹਉ ਜਾਇਆ॥"**

(ਆਸਾ ਬਾਣੀ ਭਗਤ ਕੀ, ਭਗਤ ਕਬੀਰ ਜੀ, ਪੰਨਾ ੪੭੬)

ਤੁਸਾਂ ਜੀ ਕੀ ਪਤ੍ਰਿਕਾ ਪੁਜ ਗਈ ਸੀ। ਥੈਂਕਸ।

ਪਯਾਰ ਸਹਿਤ

ਤੁਸਾਂ ਦਾ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ

੭-੨-੧੯੫੩

ਪਵਿਤ੍ਰਾਤਮਾ ਜੀਓ,

ਤੁਸੀਂ ਪੁਜ ਗਏ ਹੋ, ਭਲਾ ਹੋਇਆ। ਮੈਂ ਨਹੀਂ ਪੁਜਿਆ ਪਤਾ ਨਹੀਂ ਕਿਉਂ? ਭਾਣੇ ਵਰਤਦੇ ਹਨ ਤੇ ਉਪਰੋ ਥਲੀ। ਸਾਲ ਵਿਚ ਤੀਸਰਾ ਕੌਤਕ ਕਰਤਾਰ ਦਾ ਹੈ।

ਰਾਜ ਜੀ ਬੜੇ ਹੌਸਲੇ ਨਾਲ ਭਾਣੇ ਨਾਲ ਇਕ ਸੁਰ ਹੁੰਦੇ ਹਨ ਪਰ ਬਿਰਹੇ ਦਾ ਹੋਣਾ, ਵੈਰਾਗ ਆਉਣਾ ਕੁਦਰਤੀ ਗਲ ਹੈ। ਜਿਸ ਤਰਾਂ ਦਾ ਅਤਯੰਤ ਪ੍ਰੇਮ ਸੀ ਉਸਦਾ ਇਕ ਦਮ ਵਿਘਨ ਵਿਚ ਆ ਜਾਣਾ ਸਾਈਂ ਅੰਦਰ ਆ ਬੈਠੇ ਤਾਂ ਹੀ ਝਲ ਹੁੰਦਾ ਹੈ। ਤੁਸਾਂ ਲਈ ਬੀ ਘਟ ਵਿਯੋਗ ਨਹੀਂ। ਸਾਰੇ ਪਯਾਰਿਆਂ ਸਨਬੰਧੀਆਂ ਦੇ ਵਿਯੋਗ ਸਮਝੇ ਪੈ ਜਾਂਦੇ ਹਨ ਕਿ ਅਤਿ ਦੇ ਹਨ। ਪਰ ਮੇਰਾ ਵਿਯੋਗ ਕੋਈ ਦੂਸਰਾ ਨਹੀਂ ਸਮਝ ਸਕਦਾ। ਮੇਰੇ ਸਾਈਆਂ ਜੀਓ ਅਰਸ਼ਾਂ ਦੇ ਮਾਲਕ ਦੇ ਕਰਨੇ ਹਨ ਜਿਨ੍ਹਾਂ ਦੀ ਸੋਝੀ ਨਹੀਂ ਪਰ ਮਾਝੱਲ ਨੂੰ ਝਲਣ ਦੇ ਤੇ ਝਲਾ ਦੇਣ ਦੇ ਕੌਤਕ ਉਸ ਦੇ ਹੀ ਹਥ ਹਨ।

ਸੋ ਯਤਨ ਕਰੋ ਕਿ ਸਾਰੇ ਤੁਸੀਂ ਸਾਈਆਂ ਜੀ ਨਾਲ ਇਕ ਸੁਰ ਰਹੋ ਤਾਂ ਜੋ

**"ਹਰਖ ਸੋਗ ਬੈਰਾਗ ਅਨੰਦੀ ਖੇਲ ਰੀ ਦਿਖਾਇਓ॥੧॥"**

(ਆਸਾ ਮਹਲਾ ੫, ਪੰਨਾ ੪੦੯)

ਦੀ ਸੋਝੀ ਕਦੇ ਆ ਜਾਵੇ।

ਆਪ ਸਵਾਧਾਨ ਰਹੋ ਤੇ ਭੈਣੀ ਨੂੰ in tune with (ਇਕਸੁਰ) ਸਾਈਆਂ ਜੀ ਰਹਿਣ ਵਿਚ ਬਾਂਹ ਬੇਲੀ ਹੋ ਖਲੋਵੋ।

ਸਾਡੀ ਤਾਂ ਅਰਦਾਸ ਹੀ ਗੁਰੂ ਮੂਹਰੇ ਹੈ।

ਟੁਰ ਗਏ ਸੁਹਣੇ ਨੂੰ ਕੋਲ ਸਦਕੇ ਬਹਾਲੀ ਰਖੇ, ਸੱਦਿਆਂ ਜੁ ਸੂ ਤੇ ਪਿਛੇ ਰਿਹਾਂ ਨੂੰ ਸਬਰ ਜਮੀਲ ਤੇ ਅਪਨਾ ਪਯਾਰ ਵਾਫਰ ਬਖ਼ਸ਼ੇ।

ਹਿਤਕਾਰੀ

ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ, ੭-੨-੧੯੫੩

ਪਵਿਤ੍ਰਾਤਮਾ ਲੀਲਾ ਜੀਓ,

੬ ਦਾ ਪਤ੍ਰ ਪਹੁੰਚਾ। ਇਸ ਤੋਂ ਪਹਲੋਂ ਅਜ ਇਕ ਪਤ੍ਰ ਤੁਸਾਨੂੰ ਲਿਖ ਚੁਕਾ ਹਾਂ।

ਇਤਨੇ ਕਹਰ ਦੇ ਪਯਾਰ ਵਿਚ ਅਚਾਨਕ ਬਿਰਹ ਦੀ ਸਟ ਆ ਵਜਣੀ, ਜੋ ਰਾਜ ਜੀ ਨੂੰ ਵਜੀ ਹੈ, ਇਕ ਅਸਹ ਗਲ ਹੈ। ਜਿਨ੍ਹਾਂ ਕੁ ਓਹ ਸਹਾਰ ਰਹੇ ਤੇ ਰਬ ਜੀ ਨਾਲ ਇਕ ਸੂਰ ਰਹਣੇ ਦਾ ਜਤਨ ਕਰਦੇ ਹਨ wonderful (ਅਚੰਭਾਦਾਇਕ) ਹੈ। ਗੁਰੂ ਦੀ ਅਪਨੀ ਮੇਹਰ ਹੈ ਜੋ ਕਸ਼ਟ ਬੀ ਘਲਦਾ ਹੈ ਤੇ ਸਹਣ ਦਾ ਬਲ ਬੀ ਬਖਸ਼ਦਾ ਹੈ।

ਮੈਨੂੰ ਲਿਖਦਿਆਂ ਤੇ ਫੋਨ ਵਿਚ ਕਹਿੰਦੀਆਂ ਸੰਗ ਆਉਂਦੀ ਹੈ ਪਰ ਦਰਦ ਵੰਡਾਉਣ ਦੇ ਸਿਵਾ ਇਨਸਾਨ ਕਰ ਬੀ ਕੀਹ ਸਕਦਾ ਹੈ। ਭਾਣਾ ਅਟਲ ਵਰਤ ਚੁਕਾ। ਹੁਣ ਦੋ ਗਲਾਂ ਬਾਕੀ ਹਨ :

ਵਿਛੜੇ ਪ੍ਰੀਤਮ ਲਈ ਅਰਦਸੇ, ਪਾਠ, ਭੋਗ, ਕੀਰਤਨ ਜੋ ਉਸ ਅਗੇ ਗਏ ਸੁਖੀ ਦਾ ਹੋਰ ਸੁਖ ਵਧੇ ਤੇ ਕਰਨ ਵਾਲੀਆਂ ਨੂੰ ਸੁਖ ਹੋਵੇ। ਦੂਜੇ ਵਿਛੜੇ ਪਰਵਾਰ ਨੂੰ ਭਾਣਾ ਮੰਨਣ ਦੀ ਸ਼ਕਤੀ ਪ੍ਰਾਪਤ ਹੋਵੇ ਤੇ ਰਜ਼ਾ ਨਾਲ ਰਾਜ਼ੀ ਹੋਣ ਤੇ ਰਹਣ ਦਾ ਜਤਨ ਕਰਨ ਤੇ ਸਜਨ ਉਨ੍ਹਾਂ ਦੇ ਸਹਾਈ ਹੋਣ।

ਬਾਕੀ ਪਰਮਾਰਥ ਤੇ ਟੁਰਨ ਵਾਲੇ ਬੰਦੇ ਇਕਲੇ ਨਹੀਂ ਹੁੰਦੇ, ਉਨ੍ਹਾਂ ਦੇ **"ਸਿਰ ਊਪਰਿ ਠਾਢਾ ਗੁਰੁ ਸੂਰਾ"** (ਗਉੜੀ ਸੁਖਮਨੀ ਮ:੫,ਪੰਨਾ ੨੯੩) ਹੁੰਦਾ ਹੈ ਉਨ੍ਹਾਂ ਦੀ ਲਿਵ ਲਗੀ ਰਹੇ ਉਨ੍ਹਾਂ ਦਾ ਸਨਬੰਧ ਅਣਦਿਸਦੇ ਵਿਚ ਸਾਈਆਂ ਜੀ ਨਾਲ ਲਗਾ ਰਹਿੰਦਾ ਹੈ। ਗੁਰੂ ਏਹ ਭ੍ਰੋਸਾ ਤੇ ਸਿਦਕ ਬਖਸ਼ੇ। ਤੁਸੀਂ ਇਸ ਪ੍ਰਕਾਰ ਦੀ ਸਹਾਯਤਾ ਕਰੀ ਰਖਣੀ। ਦੁਇ ਭੈਣਾਂ ਤੁਸੀਂ ਦੋ ਕਾਲਬ* ਵਿਚ ਇਕ ਜਾਨ ਹੋਕੇ ਵਰਤੇ ਹੋ ਸਾਰੀ ਉਮਰ। ਮੇਰਾ ਸਰੀਰ ਤਾਂ ਨਹੀਂ ਪੁਜ ਸਕਿਆ, ਪਰ ਮੇਰੀ ਅਰਦਾਸ ਹੈ ਕਿ ਗੁਰੂ ਆਪ ਰਾਜ ਜੀ ਦੇ ਪਾਸ ਹੀ ਰਹਿੰਦਾ ਹੈ, ਉਹ ਸਦਾ ਸਹਾਈ ਰਹੇ ਤੇ ਪਯਾਰ ਦੇਂਦਾ ਰਹੇ।

ਹਿਤਕਾਰੀ - ਵੀਰ ਸਿੰਘ

---

* ਕਾਲਬ : temporary structure, Body.

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੭-੨-੧੯੫੩

ਸ੍ਰੀ ਕਾਕੀ (ਦੀਪ) ਜੀਓ,

ਆਪ ਦਾ ਪਤ੍ਰ ਪਹੁੰਚਾ।

ਆਪ ਦੀ ਬਜ਼ੁਰਗ ਮਾਤਾ ਜੀ ਨੂੰ, ਤੁਸਾਂ ਨੂੰ, ਬਰਖੁਰਦਾਰ ਕ੍ਰਿਸਨ ਜੀ ਨੂੰ ਤੇ ਸ਼ੁਭ ਜੀ ਨੂੰ ਜੋ ਵਿਯੋਗ ਹੋਇਆ ਹੈ ਬੜਾ ਸਖਤ ਹੈ। ਉਸ ਭਾਣੇ ਦੇ ਵਰਤਣ ਦੀ ਜੋ ਅਚਾਨਕਤਾ ਹੈ ਉਸ ਨੇ ਉਸ ਨੂੰ ਹੋਰ ਅਸਹਿ ਕਰ ਦਿਤਾ ਹੈ, ਪਰ ਏਹ ਭਾਣੇ ਕਰਤਾਰ ਦੇ ਹਨ :

**"ਸੰਜੋਗੁ ਵਿਜੋਗੁ ਧੁਰਹੁ ਹੀ ਹੂਆ"**
(ਮਾਰੂ ਅੰਜਲੀ ਮਹਲਾ ੫ ਘਰ ੭, ਪੰਨਾ ੧੦੦੭)

ਆਪ ਦੇ ਬਜ਼ੁਰਗ ਪਿਤਾ ਜੀ ਨੇ ideal (ਆਦਰਸ਼ਕ) ਜੀਵਨ ਬਸਰ ਕੀਤਾ ਹੈ। ਰਾਜ ਵਿਚ ਯੋਗ ਕਮਾਯਾ ਹੈ ਤੇ ਪਰਉਕਾਰੀ ਨੂੰ ਜੀਉਦੀਆਂ ਕਰ ਦਿਤਾ ਹੈ, ਆਪ ਸਾਰਿਆਂ ਨੂੰ ਅਸਹਿ ਵਿਛੋੜਾ ਹੈ, ਪਰ ਆਪ ਸਹਿੰਦੇ ਹੋਏ ਜੋ ਖ਼ਬਰਦਾਰੀ ਅਪਨੀ ਮਾਤਾ ਜੀ ਦੀ ਕਰ ਰਹੇ ਹੋ ਤੇ ਜੀਕੂੰ ਪਯਾਰ ਨਾਲ ਸਹਾਰੇ ਦੇ ਰਹੇ ਹੋ ਉਹ ਸੁਹਣੇ ਸ਼ਲਾਘਾ ਜੋਗ ਹਨ। ਵਾਹਿਗੁਰੂ ਆਪ ਸਾਰਿਆਂ ਨੂੰ ਸਿਖੀ ਸਿਦਕ ਤੇ comfort (ਧੀਰਜ) ਬਖਸ਼ੇ।

ਰਾਜਯੋਗੀ ਸ੍ਰੀ ਮਲਕ ਜੀ ਦੀ ਕਲਯਾਣ ਵਿਚ ਕੋਈ ਸ਼ਕ ਨਹੀਂ। ਇਹੋ ਜੇਹੀਆਂ ਹੀ ਰੂਹਾਂ ਹਨ ਜੋ ਸਚੇ ਦਰਬਾਰ ਆਦਰ ਪਾਉਂਦੀਆਂ ਹਨ ਤੇ ਦਰਗਹਿ ਪੈਂਧੀਆਂ ਜਾਂਦੀਆਂ ਹਨ। ਗੁਰੂ ਆਪ ਸਾਰਿਆਂ ਦੇ ਅੰਗ ਸੰਗ ਰਹੇ।

ਤੁਸਾਂ ਜੀ ਦਾ ਹਿਤਕਾਰੀ

ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੋ
੮-੨-੧੯੫੩

ਪਵਿਤ੍ਰਾਤਮਾ ਸ੍ਰੀ ਰਾਜ ਜੀਓ

ਅਜ ਸਵੇਰੇ ਫੋਨ ਤੇ ਆਪ ਜੀ ਨੇ ਸ੍ਰੀ ਮਲਕ ਜੀ ਸਾਹਿਬ ਜੀ ਬਾਬਤ ਕੋਈ ਗਲ ਪੁਛੀ ਸੀ। ਉਸ ਪੁਛ ਦਾ ਉਤਰ ਮੈਂ ਤਾਂ ਸਵੇਰੇ ਆਪ ਨੂੰ ਦਿਤਾ ਸੀ, ਪਰ ਹੁਣ ਸ਼ਾਮਾ ਵੇਲੇ ਜਦ ਉਨ੍ਹਾਂ ਦੇ ਨਮਿਤ ਜੁੜੀ ਸੰਗਤ ਵਿਚ ਰਾਗੀ ਸੁਰਜਨ ਸਿੰਘ ਦੇ ਪ੍ਰਭਾਵਸ਼ਾਲੀ ਕੀਰਤਨ ਦੇ ਬਾਦ ਸੰਤ ਸਜਨ ਸਿੰਘ ਦਾ ਦਿਲ ਜੁੜਵਾਂ ਅਰਦਾਸਾ ਸੋਧਿਆ ਜਾ ਕੇ ਜੋ ਵਾਕ ਗੁਰੂ ਮਹਾਰਾਜ ਜੀ ਦਾ ਮਿਲਿਆ ਉਸ ਵਿਚ ਤੁਸਾਡੀ ਪੁਛਦਾ ਉਤਰ ਸਤਿਗੁਰ ਜੀ ਨੇ ਬੀ ਦੇ ਦਿਤਾ ਹੈ। ਉਸ ਦਾ ਉਤਾਰਾ ਇਸਦੇ ਨਾਲ ਇਸੇ ਖਤ ਵਿਚ ਘਲ ਰਿਹਾ ਹਾਂ। *

ਗੁਰੂ ਤੁਹਾਡੇ ਅੰਗ ਸੰਗ ਰਹੇ। ਸਾਰੇ ਪਰਵਾਰ ਜੋਗ ਅਸੀਸ।

ਹਿਤਕਾਰੀ
ਵੀਰ ਸਿੰਘ

ਸਾਰੀ ਜੁੜੀ ਸੰਗਤ ਨੇ ਸ੍ਰੀ ਮਲਕ ਜੀ ਨਮਿਤ ਰਲਕੇ ਜਪੁਜੀ ਸਾਹਿਬ ਦਾ ਸਾਰਾ ਭੋਗ ਪਾਇਆ ਤੇ ਹੁਣ ਚੰਗੇ ਚੰਗੇ ਲੋਕ ਮਿੰਨਤਾਂ ਕਰ ਰਹੇ ਹਨ ਕਿ ਸਾਨੂੰ ਪਾਠ ਵਿਚ ਸ਼ਾਮਲ ਹੋਣ ਦੀ ਆਗਿਆ ਦਿਓ।

---

* ਇਹ ਸ਼ਬਦ ਅਗਲੇ ਪੰਨੇ ਉਤੇ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ - ਸੰਪਾਦਕ


www.sikhbookclub.com

ਸੂਹੀ ਮਹਲਾ ੫

ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ
ਓਇ ਰਾਮ ਨਾਮ ਰੰਗਿ ਰਾਤੇ॥
ਤਿਨ੍ ਕੀ ਸੋਭਾ ਸਭਨੀ ਥਾਈ
ਜਿਨ੍ ਪ੍ਰਭ ਕੇ ਚਰਣ ਪਰਾਤੇ॥੧॥

ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ॥
ਭਗਤਾ ਬਣਿ ਆਈ ਪ੍ਰਭ ਅਪਨੇ
ਸਿਉ ਜਲਿ ਥਲਿ ਮਹੀਅਲਿ ਸੋਈ॥੧॥ ਰਹਾਉ॥

ਕੋਟਿ ਅਪ੍ਰਾਧੀ ਸੰਤਸੰਗਿ ਉਧਰੈ
ਜਮੁ ਤਾ ਕੈ ਨੇੜਿ ਨ ਆਵੈ॥
ਜਨਮ ਜਨਮ ਕਾ ਬਿਛੁੜਿਆ ਹੋਵੈ
ਤਿਨ੍ ਹਰਿ ਸਿਉ ਆਣਿ ਮਿਲਾਵੈ॥੨॥

ਮਾਇਆ ਮੋਹ ਭਰਮੁ ਭਉ ਕਾਟੈ
ਸੰਤ ਸਰਣਿ ਜੋ ਆਵੈ॥
ਜੇਹਾ ਮਨੋਰਥੁ ਕਰਿ ਆਰਾਧੇ
ਸੋ ਸੰਤਨ ਤੇ ਪਾਵੈ॥੩॥

ਜਨ ਕੀ ਮਹਿਮਾ ਕੇਤਕ ਬਰਨਉ
ਸੋ ਪ੍ਰਭ ਅਪਨੇ ਭਾਣੇ॥
ਕਹੁ ਨਾਨਕ ਜਿਨ ਸਤਿਗੁਰੁ ਭੇਟਿਆ
ਸੇ ਸਭ ਤੇ ਭਏ ਨਿਕਾਣੇ॥੪॥੪॥੫੧॥

(ਪੰਨਾ-੭੪੮)

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੯-੨-੧੯੫੩

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚੇ।

ਪਯਾਰ-ਸਚੇ ਪਯਾਰ-ਬਿਨ ਜੀਵਨ ਕਠਨ ਹੈ, ਪਰ ਪਯਾਰ ਦੇ objects (ਪਾਤਰ) ਜਿਨ੍ਹਾਂ ਤੇ ਪਯਾਰ ਗਡੀਦਾ ਹੈ ਜਦ ਵਿਛੜਦੇ ਹਨ ਤਦ suffereing (ਪੀੜਾ) ਹੁੰਦੀ ਹੈ। ਜਿਨ੍ਹਾਂ ਪਿਆਰ ਗੂੜ੍ਹਾ ਉਨੀ suffering (ਪੀੜਾ) ਡੂੰਘੀ।

ਇਹ ਸਾਡੇ ਵਿਚ ਹਿੰਮਤ ਨਹੀਂ ਬੱਝਦੀ ਕਿ "ਅਵਿਛੜ" ਤੇ ਪਯਾਰ ਗਡੀਏ।

ਸਿਮਰਨ ਇਸੇ ਗਲ ਦਾ ਤਰਲਾ ਹੈ ਕਿ

**"ਨਾ ਓਹ ਮਰੈ ਨ ਹੋਵੈ ਸੋਗੁ॥"**

(ਆਸਾ ਮਹਲਾ ੧-ਪੰਨਾ ੯)

ਨਾਲ ਪਯਾਰ ਪਵੈ। ਪੈਂਦਾ ਹੈ ਤਾਂ ਸਟਾਂ ਆ ਆ ਪੈਂਦੀਆਂ ਹਨ, ਪਰ ਸਚ ਇਹੋ ਹੈ:

**"ਅਬਿਨਾਸੀ ਖੇਮ ਚਾਹਹਿ ਜੇ ਨਾਨਕ
ਸਦਾ ਸਿਮਰਿ ਨਾਰਾਇਣ॥"**

(ਟੋਡੀ ਮਹਲਾ ੫, ਪੰਨਾ ੭੧੪)

ਰਾਤ ਪਾਠ ਰਖਿਆ ਸੀ। ਜਦ ਅਨੰਦ ਸਾਹਿਬ ਦਾ ਪਾਠ ਹੋ ਰਿਹਾ ਸੀ ਤਾ ਭਰਮ ਪੈਂਦਾ ਸੀ ਕਿ ਮਾਨੋਂ ਮਲਕ ਜੀ ਆ ਗਏ ਹਨ ਏਥੇ ਪਰ ਗ਼ੈਬ ਦੀਆਂ ਗੈਬਦਾਨ ਆਪ ਜਾਣੇ।

ਅਜ ਸਾਰਾ ਦਿਨ ਪਾਠ ਹੋ ਰਿਹਾ ਹੈ। ਪ੍ਰੇਮੀ ਆਪੇ ਆ ਰਹੇ ਤੇ ਪਾਠ ਕਰ ਰਹੇ ਹਨ। ਆਖਣਾ ਸੌਖਾ ਪਰ ਸਚ ਇਹੋ ਹੈ ਕਿ ਸਿਵਾ ਵਾਹਿਗੁਰੂ

ਤੇ ਭ੍ਰੋਸਾ ਧਾਰਨ ਤੇ ਉਸਨੂੰ ਪਰਮ ਮਿਤ੍ਰ ਸਮਝ ਕੇ ਉਸ ਨਾਲ ਨੇਹੁ ਵਧਾਉਣ ਦੇ there is no hope for us mortals (ਅਸਾਂ ਨਾਸ਼ਮਾਨਾ ਲਈ ਕੋਈ ਚਾਰਾ ਨਹੀਂ ਹੈ)

ਮੈਂ ਕੀ ਲਿਖਾਂ ਜਿਸ ਨੇ ਇਕ ਸਾਲ ਵਿਚ ਤ੍ਰੈ ਬਿਖਮ ਭਾਣੇ ਵੇਖੇ ਹਨ।

**"ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ॥"**

(ਭੈਰਉ ਬਾਣੀ ਨਾਮ ਦੇਉ ਜੀਉ ਕੀ ਘਰ, ਪੰਨਾ ੧੧੬੪)

ਤੁਸੀਂ ਅਸੀਂ ਇਹੋ ਯਤਨ ਕਰੀਏ ਕਿ unperishable (ਅਵਿਨਾਸ਼ੀ) ਨਾਲ ਸਾਡਾ ਨੇਹੁੰ ਵਧੇ।

ਸ੍ਰੀ ਰਾਜ, ਸਾਰੇ ਪਰਵਾਰ ਜੋਗ

ਗੁਰੂ ਚਿਤ ਆਵੈ।

ਹਿਤਕਾਰੀ

ਵੀਰ ਸਿੰਘ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੦-੨-੧੯੫੩

ਪਵਿਤ੍ਰਾਤਮਾ ਜੀਓ

੮-੨-੧੯੫੩ ਦਾ ਪਤ੍ਰ ਅਜ ਪੁਜਾ ਹੈ। ਕਲ ਰਾਤ ਫੋਨ ਤੇ ਦਰਸ਼ਨ ਮੇਲੇ ਹੋਏ ਸਨ।

ਸ੍ਰੀ ਰਾਜ ਜੀ ਨੇ ਅਪਨੀ ਟਿਕੀ ਅਵਸਥਾ ਦਸੀ ਸੀ, ਤੁਸੀ ਬੀ ਕੋਲ ਹੀ ਸਾਓ।

ਭਾਣਾ ਬਿਖਮ ਹੈ, ਝਲਣਾ ਕਠਨ ਹੁੰਦਾ ਹੈ ਪਰ ਦਾਰੂ ਬੀ ਹੋਰ ਕੋਈ ਨਹੀਂ। ਇਸ ਕਰਕੇ ਬਾਰ ਬਾਰ ਫੋਨਾਂ ਤੇ ਪਤ੍ਰਾਂ ਵਿਚ ਸਹਾਰਾ ਦੇਣ ਦਾ ਯਤਨ ਹੈ। ਦਿਲ ਢੈਂਦੇ ਹਨ ਤਾਂ ਛਪਰਾਂ ਨੂੰ ਤੁਲਹਾ ਦੇ ਕੇ ਚਾਣਾ ਹੁੰਦਾ ਹੈ। ਦਿਲ ਖੜੇ ਕਰਨੇ ਦੇ ਕਈ ਤ੍ਰੀਕੇ ਹੁੰਦੇ ਹਨ। ਇਕ ਤ੍ਰੀਕਾ ਹੈ- ਭੁਲ ਜਾਓ, ਕਦੇ ਨਹੀਂ ਸਾਂ ਕੱਠੇ, ਤਦੋਂ ਬੀ ਵਕਤ ਲੰਘਦਾ ਸੀ, ਚਲੋ ਹੁਣ ਫੇਰ ਨ ਰਹੇ ਇਕਠੇ। ਇਹ ਤ੍ਰੀਕਾ ਸਬਰ ਕਰਨ ਦਾ ਇਕ ਪ੍ਰਕਾਰ ਦਾ ਅੰਦ੍ਰਲੇ ਸੂਖਮ ਭਾਵਾਂ ਦੀ ਮੌਤ ਹੁੰਦੀ ਹੈ।

ਜੇ ਸਦਮੇ ਤੇ ਵਿਯੋਗ ਨਾਲ ਆਪਾ ਹਲਾਲ ਕੀਤਾ ਜਾਏ, ਨਾ ਸ਼ੁਕਰ ਹੋ ਹੋ ਰੋਣ ਕੁਰਲਾਣ ਵਿਚ ਲਗਿਆ ਜਾਵੇ ਤਾਂ ਮਨ ਤੇ ਤਨ ਦੁਇ ਰੋਗੀ ਹੋ ਜਾਂਦੇ ਹਨ ਤੇ ਸੋਹਣੇ ਵਾਹਿਗੁਰੂ ਤੇ ਗੁਰੂ ਨਾਲ ਵਿਥ ਪੈ ਜਾਂਦੀ ਹੈ।

ਸਿਖੀ ਇਹ ਹੈ ਕਿ ਮਨ ਦ੍ਰਵੇ, ਵੈਰਾਗ ਵਿੱਚ ਆਵੇ ਕੋਮਲਤਾ ਅੰਦਰ ਪਯਾਰੇ ਦੀ ਯਾਦ ਤੇ ਪਯਾਰ ਨਾਲ ਆ ਆ ਕੇ ਟੁੰਬੇ ਤੇ ਵੈਰਾਗ ਛੇੜੇ ਪਰ Feeling (ਭਾਵਾਂ) ਦੇ ਇਸ ਪ੍ਰਵਾਹ ਨੂੰ ਵਾਹਿਗੁਰੂ ਅਰਪਨ ਕੀਤਾ ਜਾਵੇ। ਉਸ ਵੇਲੇ ਅਰਦਾਸ ਵਿਚ ਪੈ ਜਾਈਏ, ਹੇ ਦਾਤਾ! ਜਿਤਨੇ ਦੁਖ ਹਨ ਤੇਰੇ ਤੋਂ ਵਿਛੜੇ ਹਰਣ ਵਿਚ ਜੋ ਜਨਮ ਜਨਮਾਂਤ੍ਰਾਂ ਵਿਚ ਭੁਲਾਂ ਕੀਤੀਆਂ ਹਨ ਉਨ੍ਹਾਂ ਦਾ ਫਲ ਹੈ। ਤੁਸੀਂ ਪਯਾਰ ਪੁੰਜ ਹੋ। ਹੁਣ ਸਾਡੇ ਅਵਗੁਣ ਬਖਸ਼ੋ, ਹੁਣ ਸਾਥੋਂ ਨ ਵਿਛੜੋ, ਸਦਾ ਸਾਡੇ ਨਾਲ ਰਹੋ। ਸਾਡੇ ਵਿਛੁੜੇ ਪਯਾਰੇ ਨੂੰ ਅਪਨੀ ਗੋਦ ਵਿਚ ਸੰਭਾਲੋ, ਸਾਨੂੰ ਨਾਮ ਦਾਨ ਬਖਸ਼ੋ। ਤੇਰੇ ਗੁਣ ਗਾਉਂਦੇ ਅਸੀਂ ਬੀ ਆਪ ਦੀ ਚਰਨ ਸਰਣ ਆ ਕੇ ਵਸਣ ਜੋਗ ਹੋ ਜਾਵੀਏ।

 www.sikhbookclub.com

ਉਸ ਪੰਘਰੇ ਮਨ ਵਿਚ ਇਸ ਪ੍ਰਕਾਰ ਦੀ ਅਰਦਾਸ ਸਾਈਂ ਦਰ ਅਪੜਦੀ ਹੈ ਤੇ ਮੇਹਰਾਂ ਹੁੰਦੀਆਂ ਹਨ।

ਸੋ ਤੁਸਾਂ ਨੂੰ ਇਹ ਹਰਫ ਰਾਜ ਜੀ ਨੂੰ ਸੁਨਾਉਣ ਲਈ ਲਿਖੇ ਹਨ। ਰਾਜ ਜੀ ਜਾਣਦੇ ਹਨ ਕੇਵਲ ਯਾਦ ਕਰਾਉਣੇ ਦੀ ਲੋੜ ਹੈ। ਸੋ ਗੁਰੂ ਕੀ ਮੇਹਰ ਅੰਗ ਸੰਗ ਰਹੇ।

ਇਥੇ ਪਾਠ ਪਯਾਰ ਨਾਲ ਕਈ ਲੋਕੀ ਆ ਆ ਕੇ ਕਰ ਰਹੇ ਹਨ। ਸਾਰਾ ਦਿਨ ਘਰ ਵਿਚ ਰੂਹਾਨੀ ਪ੍ਰਭਾਵ ਛਾਯਾ ਰਹਿੰਦਾ ਹੈ।

ਤੁਸਾਂ ਜੀ ਨੇ ਮਲਕ ਹਰਦਿਤ ਸਿੰਘ ਜੀ ਵਲ ਖਤ ਲਿਖਣੇ ਲਈ ਲਿਖਯਾ ਹੈ। ਯਤਨ ਕਰਸਾਂ ਅਜ ਕਲ ਲਿਖਣੇ ਦਾ।

ਸਾਰੇ ਪਰਵਾਰ ਜੋਗ ਅਸੀਸ।

ਹਿਤਕਾਰੀ

ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੧-੨-੧੯੫੩

ਪਵਿਤ੍ਰਾਤਮਾ ਬਰਖ਼ੁਰਦਾਰ ਜੀਓ

ਆਪ ਜੀ ਦੀ ੯ ਤ੍ਰੀਕ ਦੀ ਚਿਠੀ ਅਜ ਪਹੁੰਚੀ ਹੈ। ਪਯਾਰੇ ਮਲਕ ਜੀ ਦਾ ਚਲਾਣਾ, ਅਚਾਨਕ ਚਲਾਣਾ ਤਾਂ ਹਰੇਕ ਨੇ ਡਾਢੇ ਦਰਦ-ਏ-ਦਿਲ ਨਾਲ feel (ਮਹਿਸੂਸ) ਕੀਤਾ ਹੈ ਤੇ ਤੁਸੀਂ ਤਾਂ ਉਨ੍ਹਾਂ ਦੇ ਆਤਮਜ ਹੋਏ, ਤੁਸਾਂ ਤੇ ਸ਼ੁਭ ਜੀ ਨੇ, ਦੀਪ ਜੀ ਨੇ ਤੇ ਬਚੀ ਕੇਵਲ ਨੇ ਤਾਂ ਡਾਢੇ ਡੂੰਘੇ ਸਦਮੇ ਨਾਲ feel (ਮਹਿਸੂਸ) ਕਰਨਾ ਹੀ ਸੀ। ਤੁਸਾਂ ਦੇ ਅਗੇ ਫੇਰ ਆਪਨੇ ਦਿਲੀ ਡੂੰਘੇ ਸਦਮੇ ਦੇ ਨਾਲ ਅਪਨੀ ਪਯਾਰੀ ਤੇ ਬਜ਼ੁਰਗ ਮਾਤਾ ਜੀ ਦੇ ਅਸਹਿ ਸਦਮੇ ਨੂੰ ਦੇਖਣਾ ਤੇ ਉਨ੍ਹਾਂ ਨੂੰ ਅਪਨੇ ਪਯਾਰ ਦੇ ਤੁਲਹੇ ਦੇ ਦੇ ਕੇ ਸੰਭਾਲਣਾ ਹੋਰ ਔਖਾ ਸੀ ਜੋ ਤੁਸਾਂ ਨੇ ਬੜੀ ਬਰਖੁਰਦਾਰੀ ਤੇ ਦਿਲੀ ਦਰਦ ਤੇ ਪਯਾਰ ਨਾਲ ਕੀਤਾ ਤੇ ਕਰ ਰਹੇ ਹੋ। ਇਨ੍ਹਾਂ ਦੋ ਭਾਰੀ ਮੁਸ਼ਕਲਾਂ ਦੇ ਨਾਲ ਮੈਨੂੰ ਉਨ੍ਹਾਂ ਵਿਗੋਚਿਆਂ ਦਾ ਬੀ ਅਹਸਾਸ ਹੈ ਜੋ ਉਸ ਅਦੁਤੀ ਵਯਕਤੀ ਦੇ ਚਲੇ ਜਾਣ ਨਾਲ ਤੁਹਾਡੇ ਅਗੇ ਖੜੇ ਹਨ।

ਸ੍ਰੀ ਮਲਕ ਜੀ ਦੀ ਹਸਤੀ ਕੇਵਲ ਪਰਿਵਾਰ ਲਈ ਹੀ ਇਕ ਬਰਕਤ ਦਾ ਸੋਮਾ ਨਹੀਂ ਸੀ। ਉਨ੍ਹਾਂ ਦੇ ਚਲੇ ਜਾਣ ਨਾਲ ਮੇਰੀ ਜਾਚੇ ਤਾਂ ਸਿਖ ਕੌਮ ਨੂੰ ਅਮਿਤ ਨੁਕਸਾਨ ਪਹੁੰਚਾ ਹੈ।

ਮੇਰੀ ਅਪਨੀ ਮਿਤ੍ਰਤਾ ਜੋ ਕੋਈ ੪੫ ਕੁ ਬਰਸ ਹੋਏ ਤਾਂ ਸ਼ੁਰੂ ਹੋਈ ਸੀ ਇੰਨੀ ਡੂੰਘੀ ਹੋ ਚੁਕੀ ਸੀ ਕਿ ਮੈਨੂੰ ਓਹ ਸਰਦਾਰ ਤਿਰਲੋਚਨ ਸਿੰਘ ਜੀ ਵਾਂਙੂ ਅਵਿਛੜ ਪਯਾਰੇ ਸਨ। ਫਿਰ ਇਕ ਸਾਲ ਦੇ ਅੰਦਰ ਮੈਨੂੰ ਇਹ ਤੀਸਰਾ ਸਦਮਾ ਹੈ ਜੋ ਦਿਲ ਦੀਆਂ ਡੂੰਘਾਣਾਂ ਵਿਚ ਲਹ ਕੇ ਸੱਟ ਮਾਰੂ ਹੈ।

ਪਰ ਮੇਰਾ ਵਿਸ਼ਵਾਸ ਤੇ ਮੇਰਾ bereavement (ਮਾਤਮ) ਦਾ ਲੰਮਾ ਸਿਲਸਿਲਾ ਮੈਨੂੰ ਇਹ ਸਿਖਯਾ ਦੇਂਦਾ ਹੈ ਕਿ ਦ੍ਰਵਣਾ ਹੈ, ਫੀਲ ਕਰਨਾ ਹੈ, ਪਰ ਅਪਣੀ ਦ੍ਰਵਣਤਾ ਨੂੰ ਵਾਹਿਗੁਰੂ ਜੀ ਨਾਲ ਜੁੜੇ ਰਹਣ ਦਾ ਤੇ

 www.sikhbookclub.com

ਹੋਰ ਕਰੀਬੀ ਰਿਸ਼ਤਾ ਵਧਾਉਣ ਦਾ ਕਾਰਣ ਬਨਾਉਣਾ ਹੈ। ਇਹੋ ਮੇਰੇ ਪਾਸ ਹਮਦਰਦੀ ਹੈ ਜੋ ਮੈਂ ਸਜਣਾਂ ਨਾਲ ਵੰਡਣੀ ਹੈ। ਇਹੋ ਮੇਰੇ ਪਾਸ ਪਯਾਰ ਹੈ ਜੋ ਮੈਂ ਅਪਨੀ ਗ੍ਰੀਬੀ ਵਿਚ ਪਯਾਰਿਆਂ ਨੂੰ offer (ਪੇਸ਼) ਕਰ ਸਕਦਾ ਹਾਂ ਕਿ ਸਾਈਆਂ ਵਾਹਿਗੁਰੂ ਜੀ ਨਾਲ ਮਿਲੇ ਜੁੜੇ ਰਹੋ। ਉਸ ਦੇ ਕੀਤੇ ਨੂੰ, ਯਤਨ ਕਰੋ ਕਿ ਅਸੀਂ ਸੁਚੱਜਤਾ ਨਾਲ ਉਸਦੀ ਰਜ਼ਾ ਵਿਚ ਅਪਨੀ ਮਰਜ਼ੀ ਨੂੰ in tune (ਇਕਸੁਰ) ਕਰਦੇ ਹੋਏ ਮੰਨੀਏ।

ਵਾਹਿਗੁਰੂ ਤੁਸਾਂ ਸਾਰਿਆਂ ਦਾ ਸਹਾਈ ਹੋਵੇ। ਤੁਹਾਨੂੰ ਭਾਣੇ ਨਾਲ ਇਕ ਸੁਰ ਰਖੇ, ਤੁਹਾਡਾ ਸਹਾਈ ਹੋਵੇ, ਖਾਨਦਾਨ ਨੂੰ ਉਨ੍ਹਾਂ ਦੇ ਚਲਾਣੇ ਨਾਲ ਪਈਆਂ ਘਾਟਾਂ ਤੇ ਵਿਗੋਚਿਆਂ ਨੂੰ ਆਪ ਪੂਰਾ ਕਰੇ। ਤੁਹਾਨੂੰ ਸਾਰਿਆਂ ਨੂੰ ਬਰਕਤ ਦੇਵੇ ਕਿ ਤੁਸੀਂ ਮਿਲਕੇ ਅਪਨੀ ਬਜੁਰਗ ਤੇ ਪਰਮ ਸਤਿਕਾਰਯੋਗ ਭਜਨ ਮੂਰਤੀ ਮਾਤਾ ਜੀ ਦੀ ਸੇਵਾ ਕਰੋ। ਇਸ ਤਰ੍ਹਾਂ ਕਿ ਓਹ ਸੁਖ ਵਿਚ ਰਹਕੇ ਨਾਮ ਜਪਣ ਤੇ ਤੁਹਾਨੂੰ ਅਪਨੀਆਂ ਅਸੀਸਾਂ ਨਾਲ ਮਾਲ ਕਰ ਦੇਣ।

ਵਾਹਿਗੁਰੂ ਸਾਡੇ ਅੰਦਰ ਬਾਹਰ ਹੈ, ਸਾਡੇ ਅੰਗ ਸੰਗ ਹੈ, ਸਾਨੂੰ ਇਹ ਗਲ Realize (ਅਨੁਭਵ) ਕਰ ਲੈਣ ਦੀ ਦਾਤ ਬਖਸ਼ੇ ਤੇ ਤੁਸੀਂ ਸਾਰੇ ਅਪਨੇ ਸੰਤ ਪਿਤਾ ਦੇ ਨਕਸ਼ੇ ਕਦਮ ਤੇ ਚਲਕੇ ਸੁਖੀ ਤੇ ਸੁਹੇਲੇ ਹੋਵੋ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੧-੨-੧੯੫੩

ਪਵਿਤ੍ਰਾਤਮਾ ਜੀਓ

ਸਾਡਾ ਖਯਾਲ ਸੀ ਕਿ ਅਸੀਂ ਕਲ ਸਵੇਰੇ ਫੋਨ ਕਰਾਂਗੇ ਪਰ ਹੁਣੇ ਰਾਤ ੯ ਦੇ ਕ੍ਰੀਬ ਤੁਸਾਂ ਦੀ ਫੋਨ ਆ ਗਈ ਤੇ ਆਪ ਜੀ ਨਾਲ ਗਲਬਾਤ ਹੋ ਗਈ। ਜੋ ਮੈਂ ਕਿਹਾ ਸੀ ਓਹ ਮੁਫੱਸਲ (Detail ਵਿੱਚ) ਨਹੀਂ ਸੀ। ਫੋਨ ਵਿਚ ਮੁਖਤਸਰ (brief) ਹੀ ਗਲ ਹੁੰਦੀ ਹੈ।

ਉਹ ਖਯਾਲ ਇਹ ਸੀ ਕਿ ਤੁਹਾਡੀ ਜੋੜੀ ਵਿਛੜਨੀ ਨਹੀਂ ਸੀ ਚਾਹੀਦੀ। ਵਿਛੜੀ ਹੈ ਤਾਂ ਕੋਈ purpose (ਪ੍ਰਯੋਜਨ) ਹੋਸੀ। ਹੋ ਸਕਦਾ ਹੈ ਕਿ ਕੁਛ ਇਸ ਪ੍ਰਕਾਰ ਦਾ ਪ੍ਰਯੋਜਨ ਹੋਵੇ:

ਇਹ ਲੋਕ ਜਿਸ ਵਿਚ ਰਹਿੰਦੇ ਹਾਂ ਇਹ 'ਕਰਮ ਭੂਮੀ ਹੈ, ਇਥੇ ਦਾ ਬੀਜਿਆ ਉਗਦਾ ਤੇ ਫਲਦਾ ਹੈ। ਮਲਕ ਜੀ ਇਕ ਖਾਸ ਤ੍ਰਕੀ ਕਰ ਕੇ ਗਏ ਹਨ। ਮੁਮਕਿਨ ਹੈ ਤੁਹਾਡੀ ਰੂਹਾਨੀ ਤ੍ਰਕੀ ਉਨ੍ਹਾਂ ਨਾਲੋਂ ਇਕ ਡਿਗਰੀ ਘਟ ਸੀ। ਏਹ ਅਗੇ ਜਾ ਕੇ ਪੂਰੀ ਨਹੀਂ ਹੋ ਸਕਦੀ ਹੋਣੀ, ਕਿਉਂਕਿ ਲਿਖਿਆ ਹੈ:

**"ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ॥"**
(ਵਡਹੰਸ ਮ: ੧, ਪੰਨਾ ੫੮੧)

ਅਰਥਾਤ ਅਗੇ ਜਾ ਕੇ ਬੀਜੇ ਕਰਮ ਨਹੀਂ ਉਗਦੇ ਕਿਉਂਕਿ ਉਹ 'ਫਲ ਭੂਮੀ' ਹੈ ਉਹ 'ਕਰਮ ਭੂਮੀ' ਨਹੀਂ। ਤੇ ਲਿਖਿਆ ਹੈ

**"ਕਰਮ ਭੂਮਿ ਮਹਿ ਬੋਅਹੁ ਨਾਮੁ॥"**
(ਗਉੜੀ ਮ: ੫, ਪੰਨਾ ੧੭੬)

ਸੋ ਤੁਸੀਂ ਇਸ ਲਈ ਰਖ ਲੀਤੇ ਗਏ ਹੋ ਕਿ ਇਸ ਕਰਮ ਭੂਮੀ ਵਿਚ ਰਹਿ ਕੇ ਜਿਤਨੀ ਹੋਰ ਲੋੜ ਨਾਮ ਦੀ ਪੂਰੀ degree (ਹੱਦ) ਤੇ ਅਪੜਨ ਲਈ ਚਾਹੀਦੀ ਹੈ ਹਾਸਲ ਕਰ ਲਵੋ ਤੇ ਜਦ ਚੋਲਾ ਛੋੜੋ ਤਾਂ ਵਾਛਤ ਟਿਕਾਣੇ ਅਪੜੋ।

 www.sikhbookclub.com

ਸੋ ਹਰਖ ਸ਼ੋਕ, ਦੁਖ ਦਰਦ, ਹਾਵਾ ਰੋਣਾ ਵਿਸਾਰ ਕੇ ਸਹਜ ਬੈਰਾਗ ਵਿਚ ਸ਼ਾਂਤਿ ਤੇ ਸੁਖੀ ਟਿਕੇ ਰਹਿ ਕੇ ਸਿਮਰਨ ਦੀ ਕਮਾਈ ਕਰ ਕੇ ਉਚੀ ਤੋਂ ਉਚੀ ਪਦਵੀ ਪ੍ਰਾਪਤ ਕਰਕੇ ਟੁਰੋ, ਜਦੋਂ ਕਿ ਵੇਲਾ ਆਵੇ ਟੁਰਨ ਦਾ। ਆਖਰ ਦਿਨ ਹਨ ਨਾ ਇਕ ਦਿਨ ਮੁਕਣੇ ਹਨ। ਸੋ ਜਿਨੇ ਬਾਕੀ ਹਨ ਤੁਸਾਂ ਜੀ ਦੀ ਕਮਾਈ ਨੂੰ ਸੰਪੂਰਨ ਕਰ ਦੇਣ।

ਵਾਹਿਗੁਰੂ ਸਚਾ ਪਾਤਸ਼ਾਹ ਸਹਾਈ ਰਹੇ

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ, ੧੨-੨-੧੯੫੩

ਸਾਈਂ ਸਵਾਰੇ, ਸਾਈਂ ਸਾਹਿਬ ਦੇ ਵੰਸ਼ਜ,
ਵਾਹਿਗੁਰੂ ਲੀਲਾ ਰਚਨਹਾਰੇ ਦੇ ਲੀਲਾ ਜੀਓ।

ਸਤਿ ਸ੍ਰੀ ਅਕਾਲ

ਜੁੜੇ ਰਹੇ "ਸਾਈਆਂ ਜੀ ਨਾਲ" ਜਿਨ੍ਹਾਂ ਦੇ ਸੁਹਲੇ ਪੜ੍ਹਦੇ ਤੇ ਉਤਾਰਦੇ ਰਹੇ ਹੋ। ਪਤ੍ਰ ਤਸਾਡਾ ਪਹੁੰਚਾ। ਮੇਰੀ ਦ੍ਰਵਣਤਾ ਬਣੀ ਰਹੇ ਪਰ ਸਾਈਆਂ ਜੀ ਨੂੰ ਚੰਬੜੀ ਰਹੇ। ਸ੍ਰੀ ਰਾਜ ਜੀ ਦਾ ਸਾਈਂ ਸਹਾਈ ਹੋ ਕੇ ਚੰਮੋੜੀ ਰਖੇ ਉਸ ਨੂੰ ਅਪਨੇ ਨਾਲ।

ਇਸ ਲਿਫਾਫੇ ਵਿਚ ਕਿਨੇ ਹੀ ਖਤ ਹਨ, ਸਭ ਨੂੰ ਵਾਚ ਲੈਣਾ। ਯੋਗ ਸਮਝੋ ਤਾਂ ਅਡ੍ਰੈਸੀਆਂ ਨੂੰ ਪਹੁੰਚਾ ਦੇਵੋ, ਫ੍ਰਾਂਸ ਵਾਲਾ ਡਾਕ ਪਾ ਦੇਣਾ। ਪਰ ਆਪ ਸਭ ਦੀ ਵਿਚਾਰ ਕਰ ਲੈਣੀ। ਖਤ ਕਲ ੧੧ ਨੂੰ ਸ਼ੁਰੂ ਕੀਤੇ ਹਨ। ਰਾਤ ਰਾਜ ਤੇ ਤੁਸਾਂ ਦੀ ਫੋਨ ਹੋਈ ਸੀ। ਉਸ ਮਗਰੋਂ ਕੁਛ ਰਾਤੀ ਲਿਖੇ ਤੇ ਕੁਛ ਅੰਮ੍ਰਿਤ ਵੇਲੇ।

ਜਦ ਕੁਛ ਪੇਸ਼ ਨਾ ਜਾਵੇ ਤਾਂ ਯਾ 'ਕਾਫਰ' ਬਣੇ ਬੰਦਾ ਯਾ 'ਵਧੀਕ' ਸਾਦਿਕਾ ਬਣੇ। ਪਰ ਬਨਾਉਣਾ ਸਿਦਕਾਂ ਵਾਲੇ ਦਾਤੇ ਦੀ ਮਿਹਰ ਹੈ। ਮਾਲਕ ਕਾਫਰ ਕਿਸੇ ਨੂੰ ਨਾ ਬਣਾਵੇ। ਸਭ ਤੇ ਪਯਾਰ ਦੀ ਨਜ਼ਰ ਪਾਵੇ ਤੇ ਅਪਨਾ ਬਨਾਵੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਦੇ ਉਦਾਸੀ ਜਾਣ ਵੇਲੇ ਰਾਇ ਬੁਲਾਰ ਨੂੰ ਕਿਹਾ ਸੀ:

"ਜਦ ਕੋਈ ਗਲ ਤੇਰੇ ਵਿਤੋਂ ਵਧੀਕ ਆ ਬਣੇ ਤਾਂ ਕੀਹ ਕਰਿਆ ਕਰ? ਤਾਂ ਤਦੋਂ ਦੁਇ ਹਥ ਜੋੜਕੇ ਕਰਤਾ ਪੁਰਖ ਨਿਰੰਕਾਰ ਦੀ ਪੈਰੀ ਪੈ ਜਾਯਾ ਕਰ।"

ਸੋ ਉਸੇ ਦੀ 'ਚਰਨ ਚੰਬੜ' ਗੁਰੂ ਸਾਰਿਆਂ ਨੂੰ ਬਖਸ਼ੇ।

ਸਾਰੇ ਪਰਿਵਾਰ ਜੋਗ ਗੁਰੂ ਚਿਤ ਆਵੇ।

ਹਿਤਕਾਰੀ
ਵੀਰ ਸਿੰਘ


www.sikhbookclub.com

ਚੰਬੜੇ ਰਹੋ ਚੰਬੜੇ ਰਹੋ ਅਵਿਨਾਸ਼ੀ ਦੇ ਚਰਨਾਂ ਨੂੰ

**"ਅਬਿਨਾਸ਼ੀ ਖੇਮ ਚਾਹਹਿ ਜੇ**
**ਨਾਨਕ ਸਦਾ ਸਿਮਰਿ ਨਾਰਾਇਣ॥"**
(ਟੋਡੀ ਮ:੫, ਪੰਨਾ ੭੧੪)

ਹਿਤਕਾਰੀ
ਵੀਰ ਸਿੰਘ

ਡਾਕ ਅਜੇ ਬੰਦ ਨਹੀਂ ਸੀ ਕੀਤੀ ਕਿ ਤੁਸਾਂ ਜੀ ਦੀ ੧੦-੨-੫੩ ਦੀ ਚਿੱਠੀ ਪਹੁੰਚੀ ਹੈ। ਤੁਹਾਡੀਆਂ, ਸ੍ਰੀ ਅਨੰਤ ਜੀ ਦੀਆਂ ਸ੍ਰੀ ਰਾਜ ਜੀ ਦੀਆਂ ਮੇਰੇ ਲਈ ਕੀਤੀਆਂ 'ਪਯਾਰ ਫ਼ਿਕਰਮੰਦੀਆਂ' ਦਾ ਧੰਨਵਾਦ। ਕਰਤਾ ਪੁਰਖ ਦੁਖ ਸੁਖ ਦਾ ਦਾਤਾ ਪ੍ਰੀਤਮ ਤੁਸਾਂ ਸਾਰਿਆਂ ਦਾ ਸਹਾਈ ਹੋਵੇ ਤੇ ਮੈਨੂੰ ਬੀ ਆਪਨੇ ਵਿਸ਼ਾਲ ਹ੍ਰਿਦੇ ਵਿਚ ਕਿਸੇ ਖੂੰਜੇ ਸੰਭਾਲੀ ਰਖੇ।

ਹਿਤਕਾਰੀ
ਵੀਰ ਸਿੰਘ

ਹੁਣੇ ਦੂਸਰੀ ਡਾਕ ਆਈ ਹੈ ੩ ਵਜੇ ਦੇ ਲਾਗੇ। ਤੁਸਾਂ ਦਾ ੧੧ ਦਾ ਪਤ੍ਰ ਪੁਜਾ ਹੈ, ਹਾਲ ਵਾਚਿਆ ਹੈ, ਗੁਰੂ ਅੰਗ ਸੰਗ ਹੋਵੇ। ਸ੍ਰੀ ਰਾਜ ਜੀ ਦੀ ਆਤਮਾ ਸੁਖੀ ਹੋਵੇ।

ਏਥੇ ਅਜ ਭੋਗ ੭ ਕੁ ਵਜੇ ਪਏਗਾ। ਪਾਠ ਬੜੇ ਸੁਆਦ ਨਾਲ ਹੋ ਰਿਹਾ ਹੈ, ਪਾਠ ਸੁਣਦਾ ਹੀ ਅੰਦਰ ਆਯਾ ਹਾਂ।

ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੨-੨-੧੯੫੩

ਪਰਮ ਪਯਾਰੇ ਜੀਓ ਜੀ ਸ੍ਰੀ ਮਲਕ ਜੀਓ

ਤੁਸੀਂ ਦੂਰ ਪਰਦੇਸਾਂ ਵਿਚ ਹੋ, ਚਾਹੇ ਵਾਹਿਗੁਰੂ ਜੀ ਦੀ ਮੇਹਰ ਨਾਲ ਆਪ ਜੀ ਦੇ ਉਦਾਲੇ ਸਾਰੇ ਸੁਖ ਸਾਮਾਨ ਹਨ ਪਰ ਪਰਿਵਾਰਿਕ ਲਿਹਾਜ਼ ਨਾਲ ਇਕੱਲੇ ਹੋ। ਆਪ ਜੀ ਲਈ ਪਯਾਰੇ ਵੀਰ ਮਲਕ ਤੇਜਾ ਸਿੰਘ ਜੀ ਦਾ ਅਚਾਨਕ ਵਿਛੋੜਾ ਕਿਤਨਾ ਕੁ ਭਾਰਾ ਦੁਖਦਾਈ ਹੋਊ ਆਦਮੀ ਖਯਾਲ ਹੀ ਕਰ ਸਕਦਾ ਹੈ।

ਮੇਰਾ ਖਯਾਲ ਸੀ ਕਿ ਆਪ ਜੀ ਨੂੰ ਦੋ ਹਰਫ਼ ਪਯਾਰ ਦੇ ਲਿਖਾਂ ਪਰ ਫਿਰ ਸੋਚਦਾ ਸਾਂ ਕਿ ਇਨ੍ਹਾਂ ਅਸਹਿ ਵਿਛੋੜਿਆਂ ਦੇ ਘਾਉ ਅੰਦਰ ਡੂੰਘੇ ਦਿਲ ਵਿਚ ਜਾਂਦੇ ਹਨ। ਉਨ੍ਹਾਂ ਦਾ heal (ਰਾਜ਼ੀ) ਹੋਣਾ ਦੋ ਦਸ ਉਚਾਰੇ ਯਾ ਲਿਖੇ ਵਾਕਾਂ ਨਾਲ ਕਠਨ ਹੈ। ਪਰ ਫੇਰ ਫੁਰਦਾ ਸੀ ਕਿ ਇਨਸਾਨ ਪਾਸ ਹੋਰ ਹੈ ਬੀ ਕੀਹ ਸਿਵਾ 'ਇਜ਼ਹਾਰ ਪਿਆਰ' ਤੇ 'ਦਰਦ ਵੰਡਾਈ' ਦੇ ਜੋ ਉਹ ਲਫਜ਼ਾਂ ਨਾਲ ਹੀ ਕਰ ਸਕਦਾ ਹੈ।

ਤੁਹਾਡਾ ਦੁਹਾਂ ਵੀਰਾਂ ਦਾ ਜੋ ਭ੍ਰਾਤੀ ਮੇਰੇ ਦੇਖਣ ਵਿਚ ਆਉਂਦਾ ਰਿਹਾ ਹੈ ਅਦੁਤੀ ਸੀ। ਸ੍ਰੀ ਰਾਜ ਜੀ ਦਾ ਪ੍ਰੇਮ ਅਵਿਛੜ ਸੀ। ਇਸੀ ਤਰਾਂ ਸਾਰੇ ਪਰਿਵਾਰ ਦਾ ਪਰਸਪਰ ਪਯਾਰ ਸੁਹਣਾ ਸੀ ਤੇ ਪਰਵਾਰ ਤੋਂ ਬਾਹਰ ਤਾਂ ਮੈ ਸਮਝਣਾ ਹਾਂ ਕਿ ਉਨ੍ਹਾਂ ਦੇ ਚਲਾਣੇ ਨਾਲ ਦਿਲੀ ਵਿਚ Sikh Community has been bled white (ਸਿਖ ਭਾਈਚਾਰਾ ਡਾਢਾ ਸੋਗਵਾਨ ਹੋ ਗਿਆ ਹੈ)। ਪਰ ਪਯਾਰੇ ਜੀਓ ਜੀ ਭਾਣਾ ਵਰਤ ਚੁਕਾ ਹੈ ਤੇ ਓਹ ਹੁਣ undo (ਅਣਕੀਤਾ) ਨਹੀ ਹੋ ਸਕਦਾ। ਅਸੀ ਵਹਿਗੁਰੂ ਜੀ ਦੇ ਪਯਾਰ ਵਾਲੇ ਬੰਦੇ ਹਾਂ। ਸਾਡਾ ਧਰਮ ਹੈ ਕਿ ਜੋ ਕੁਛ ਵਰਤਿਆ ਹੈ, ਉਸ ਦਾ ਅਟੱਲ ਭਾਣਾ ਸਮਝੀਏ ਤੇ ਅਪਨੀ 'ਮਰਜ਼ੀ' ਨੂੰ 'ਰਜ਼ਾ' ਵਿਚ ਇਕ ਸੂਰ ਕਰੀਏ। ਤਾਂ ਹੀ ਸਾਡੀ ਸਾਡੇ ਸਾਈਆਂ ਜੀ ਨਾਲ ਬਣ ਆਉਂਦੀ ਹੈ।

ਹੁਣ ਜੇ ਅਸੀਂ ਅਪਨੇ ਆਪ ਨੂੰ ਇਸ ਪ੍ਰਕਾਰ ਦੀਆਂ ਢਾਰਸਾਂ ਦੇਈਏ ਕਿ ਚਲੋ ਹੋ ਗਿਆ ਜੋ ਹੋਣਾ ਸੀ, ਹੁੰਦਾ ਹੀ ਆਇਆ ਹੈ, ਅਸਾਂ ਬੀ ਚਲਣਾ


www.sikhbookclub.com

ਹੈ, ਕਾਹਨੂੰ ਵੈਰਾਗ ਵਿਚ ਆਕੇ ਦੁਖੀਏ ਤੇ ਰੋਈਏ। ਤਦ ਇਸ ਪ੍ਰਕਾਰ ਦੀਆਂ ਤਸਲੀਆਂ ਇਖਲਾਕੀ ਤੇ emotional (ਭਾਵਕੁ) ਮੌਤ ਬ੍ਰਾਬਰ ਹੁੰਦੀਆਂ ਹਨ ਤੇ ਸਾਡੀ fine (ਸੂਖਮ) ਤੇ ਉਚੀ nature (ਪ੍ਰਕਿਰਤੀ ਯਾ ਸੁਭਾਵ) ਨੂੰ blunt (ਖੁੰਡਾ) ਕਰ ਸੁਟਦੀਆਂ ਹਨ।

ਜੇ ਅਸੀਂ ਰੋਈਏ ਕੁਰਲਾਈਏ, ਦੁਖ ਤੇ ਗਮ ਕਰ ਕਰ ਕੇ ਅਪਨੇ ਆਪੇ ਨੂੰ ਕੋਹੀਏ ਤੇ ਸਾਈਆਂ ਰਬ ਜੀ ਨੂੰ ਉਲਾਂਭੇ ਦੇਵੀਏ ਯਾ ਕਰਮਾਂ ਨੂੰ ਫਿਟਕਾਰੀਏ ਤਦ ਇਹ ਬੀ ਇਕ ਅੰਦਰਲੇ ਦੀ ਮੌਤ ਹੈ ਜੋ ਉਚ ਭਾਵਾਂ ਨੂੰ morbidity (ਅਸਵਸਥਤਾ) ਵਿਚ ਲੈ ਜਾਂਦੀ ਹੈ ਤੇ ਵਾਹਿਗੁਰੂ ਸਾਈਂ ਨਾਲ ਸਾਡੀ ਵਿਥ ਵਧਾਕੇ ਦੂਰੀਆਂ ਤੇ ਲੈ ਜਾਂਦੀ ਹੈ।

ਮੈਂ bereavement (ਮਾਤਮ) ਦੇ ਸਦਮੇ ਜਿੰਦਗੀ ਵਿਚ ਅਪਨੇ ਵਿਤ ਤੋਂ ਵਧੀਮਕ ਦੇਖੇ ਹਨ। ਇਸੇ ਹੀ ਸਾਲ ਵਿਚ ਸ੍ਰ. ਸੁੰਦਰ **ਸਿੰਘ** ਜੀ ਦਾ ਵਿਛੋੜਾ, ਤ੍ਰੈ ਕੁ ਮਹੀਨੇ ਹੋਏ ਹਨ ਤਾ ਅਪਨੇ ਭਤੀਜੇ ਸ੍ਰ. ਭੂਪਿੰਦਰ ਸਿੰਘ ਮਾਲਕ ਵਜ਼ੀਰ ਹਿੰਦ ਪ੍ਰੈਸ ਦਾ ਵਿਛੋੜਾ ਤੇ ਹੁਣ ਅਪਨੇ ਪੰਜਤਾਲੀ ਵਰਹੇ ਦੇ ਪਰਮ ਸਨੇਹੀ ਮ੍ਰਿਤ ਮਲਕ ਸਾਹਿਬ ਦਾ ਬਿਰਹਾ ਦੇਖੇ ਹਨ।

ਮੈਨੂੰ ਹੁਣ ਤੇ ਇਸ ਤੋਂ ਪਹਿਲੇ ਅਪਨੇ ਸਾਰੇ ਬਿਰਿਹਾ ਵਿਚ ਗੁਰਸਿਖੀ ਦਾ ਇਨ੍ਹਾਂ ਮੌਕਿਆਂ ਤੇ ਕੰਮ ਆਉਣ ਵਾਲਾ ਆਦਰਸ਼ ਇਹ ਸਹਾਇਤਾ ਦਿੰਦਾ ਰਿਹਾ ਹੈ।

"ਕਿ ਪਯਾਰ ਦੇ ਵਿਛੋੜੇ ਦੀ ਸਟ ਨਾਲ ਮਨ ਦੀ ਹਾਲਤ ਦ੍ਰਵਣਤਾ ਵਾਲੀ ਹੋ ਜਾਂਦੀ ਹੈ। ਉਸਨੂੰ ਨਾ ਮਾਰਿਆ ਨਾ ਦੂਰ ਕੀਤਾ ਜਾਵੇ, ਸਗੋਂ ਉਸ ਕੋਮਲਤਾ ਦੇ 'ਬਿਰਹੇ-ਆਵੇਸ਼' ਦੀ ਹਾਲਤ ਵਿਚ ਮਨ ਦਾ ਰੁਖ ਵਾਹਿਗੁਰੂ ਵਿਚ ਪਲਟਿਆ ਜਾਵੇ ਤੇ ਬੰਦਾ ਅਰਦਾਸ ਵਿਚ ਪੈ ਜਾਵੇ। ਕੁਛ ਇਸ ਪ੍ਰਕਾਰ ਕਿ ਹੇ ਦਾਤਾ ਜਿਨ੍ਹਾਂ ਨੇ ਨਹੀਂ ਰਹਿਣਾ ਉਨ੍ਹਾਂ ਨਾਲ ਪਯਾਰ ਦਾ ਫਲ ਵਿਛੋੜੇ ਵੇਲੇ suffering (ਪੀੜਾ) ਹੁੰਦਾ ਹੈ ਤੇ ਹੋਇਆ ਹੈ, ਮੇਹਰ ਕਰ ਸਾਨੂੰ ਸੋਗ ਵਿਚ ਨਹੀਂ ਲਿਜਾਏਂਗਾ। * ਸਾਨੂੰ ਤੂੰ ਅਪਨਾ, ਹੇ ਅਵਿਨਾਸ਼ੀ। ਪ੍ਰੇਮ ਬਖਸ਼। ** ਸਾਡੇ ਪਯਾਰੇ ਨੂੰ, ਜਿਸਨੂੰ ਆਪ ਦੀ ਅਭੁਲ ਰਜ਼ਾ ਸਾਥੋਂ

---

* ਨਾ ਉਹ ਮਰੇ ਨ ਹੋਵੇ ਸੋਗ॥ (ਆਸਾ ਮ:੧, ਪੰਨਾ ੩੫੧)

** ਅਬਿਨਾਸ਼ੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥
(ਟੋਡੀ ਮ:੫, ਪੰਨਾ ੭੧੪)

 www.sikhbookclub.com

ਵਿਛੜ ਲਿਗਈ ਹੈ, ਅਪਨੇ ਚਰਨਾਂ ਵਿਚ ਨਿਵਾਸ ਦਿਓ ਤੇ ਸਾਨੂੰ ਨਾਮ ਦਾਨ ਤੇ ਭਾਣਾ ਮੰਨਣ ਦੀ ਦਾਤ ਬਖ਼ਸ਼ੋ। ਇਸ ਪ੍ਰਕਾਰ ਦੀਆਂ ਅਰਦਾਸਾਂ ਕਰਦਿਆਂ, ਨਾਮ ਸਿਮਰਨ ਵਿਚ ਲੰਘ ਜਾਈਏ ਤੇ ਫੇਰ ਪ੍ਰਭੂ ਦੇ ਚਰਨਾਂ ਵਿਚ ਟਿਕ ਜਾਈਏ ਜਿਨਾਂ ਚਿਰ ਕਿ ਸਾਥੋਂ ਟਿਕਿਆ ਜਾ ਸਕੇ।

ਇਸ ਪ੍ਰਕਾਰ ਦੇ ਯਤਨਾਂ ਨਾਲ ਜੋ ਚਿਤ ਨੂੰ ਸ਼ਾਂਤਿ ਤੇ comfort (ਧੀਰਜ) ਮਿਲਦਾ ਹੈ ਉਹ ਸਾਡੇ ਅਪਨੇ ਅੰਦਰਲੇ ਆਪੇ ਨੂੰ ਠੰਢ ਪਾਉਂਦਾ ਹੈ ਤੇ ਅੱਗਾ ਸੰਵਾਰਦਾ ਹੈ।

ਮਤਲਬ ਇਹ ਹੈ ਕਿ ਮਨ ਦੇ ਪੰਘਰ ਕੇ ਵਹ ਤੁਰਨ ਵੇਲੇ ਇਸ ਪੰਘਾਰ ਨੂੰ kill (ਤਬਾਹ) ਨਾ ਕੀਤਾ ਜਾਵੇ। ਝਟ ਵਾਹਿਗੁਰੂ ਜੀ ਨੂੰ ਇਸਦਾ object ਬਣਾ ਲਿਆ ਜਾਵੇ ਕਿ ਅਪਨੀ ਬੰਦਗੀ ਦੇ ਅਭਯਾਸੇ ਰੌਂ ਨੂੰ ਢੁਕ ਆਵੇ। ਜਿਉਂ ਹੀ ਅਸੀਂ ਵਿਛੁੜੇ ਪਯਾਰੇ ਦੇ ਦੁਖ ਪਰੇ ਅਹਸਾਸ ਨੂੰ ਵਾਹਿਗੁਰੂ ਜੀ ਦੀ ਯਾਦ ਨਾਲ ਲਾ ਦਿਆਂਗੇ ਤੇ ਪਯਾਰੇ ਨੂੰ ਬੀ ਉਸ ਵੇਲੇ ਅਪਨੀ 'ਨਿਕੀ ਅਪਨਤ' ਵਿਚ ਨਾ ਸਗੋਂ ਸਾਈਆਂ ਜੀ ਦੀ 'ਵਿਸ਼ਾਲ ਅਪਨਤ' ਵਿਚ ਤਕਾਂਗੇ, ਸਾਡੇ ਮਨ ਨੂੰ ਅਕਾਲ ਪੁਰਖ ਵਲੋਂ ਸਿਧੀ ਸ਼ਾਂਤੀ ਮਿਲੇਗੀ ਜੋ ਸਾਡੇ ਜ਼ਖਮੀ ਮਲ ਨੂੰ soothing (ਠੰਡ ਪਾਉਣ ਵਾਲੀ) ਮਰਹਮ ਦਾ ਕੰਮ ਦੇਵੇਗੀ ਤੇ ਸਾਡੇ ਭਗਤੀ ਭਾਵ ਨੂੰ ਸੱਟ ਵਜਣ ਦੀ ਥਾਂ ਸਹਾਯਤਾ ਮਿਲੇਗੀ ਕਿਉਂਕਿ ਜਿਵੇਂ ਪੰਘਰੀ ਲਾਖ ਵਿਚ ਮੁਹਰ ਠੀਕ ਠਗਦੀ ਹੈ ਤਿਵੇਂ ਪੰਘਰੇ ਦਿਲ ਦੀ ਅਰਦਾਸ ਤੇ ਪ੍ਰੇਮ ਭਾਵਨਾ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਪੜਦੀ ਹੈ ਤੇ ਸਾਡੇ ਮਲ ਵਿਚ ਓਹ ਭਾਵ ਠੀਕ ਅੰਕਿਤ ਹੁੰਦੇ ਹਨ। ਨਾਮ ਦਾ ਨਿਵਾਸ ਬੀ ਇਉਂ ਮਲ ਵਿਚ ਡੂੰਘਾ ਉਤਰ ਜਾਂਦਾ ਹੈ।

ਇਸ ਪ੍ਰਕਾਰ ਦੇ ਖਯਾਲ ਤੁਹਾਡੇ ਵਾਹਿਗੁਰੂ ਪਯਾਰ ਤੇ ਆਸਤਕ ਮਲ ਨੂੰ ਜੇ ਕੁਛ ਸੁਖਦਾਈ ਲਗ ਜਾਣ ਤਾ ਨਾਂ ਹਰੀ ਜਾਣ ਵਾਲੀ ਪੀੜਾ ਕੁਛ 'ਵਾਹਿਗੁਰੂ-ਵੈਰਾਗ' ਤੇ 'ਵਾਹਿਗੁਰੂ-ਪ੍ਰੇਮ' ਵਿਚ ਬਦਲ ਜਾਵੇਗੀ ਤੇ ਸਦਾ ਅੰਗ ਸੰਗ ਵਾਹਿਗੁਰੂ ਦੀ ਹੋਂਦ ਵਧੇਰੇ ਨੇੜੇ feel (ਮਹਿਸੂਸ) ਹੋ ਆਵੇਗੀ।

ਇਸ ਤੋਂ ਛੁਟ ਅਰਦਾਸ ਹੈ, ਜੋ ਫ਼ਕੀਰਾਂ ਦੀ ਦੌਲਤ ਹੈ ਜਿਸ ਨਾਲ ਓਹ ਰਬ ਜੀ ਤੇ ਤਕੀਏ ਰਖਦੇ ਹਨ।

ਸਾਈਆਂ ਜੀਓ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਓਹ ਇਸ 'ਵੀਰ ਵਿਛੋੜੇ' ਵੇਲੇ ਆਪ ਦਾ ਸਹਾਈ ਹੋਵੇ, ਆਪ ਸਾਰਿਆਂ ਨੂੰ ਬੀਬੀ ਪ੍ਰਕਾਸ਼ ਜੀ ਦੇ ਕੂਲੇ ਮਨ ਨੂੰ ਤੇ ਬੀਬੀਆਂ ਬਚਿਆਂ ਦੇ ਅਭੋਲ ਮਨਾਂ ਨੂੰ ਅਪਨੇ

 www.sikhbookclub.com

ਪਯਾਰ ਨਾਲ ਸੁਖੀ ਕਰੇ। ਇਧਰ ਸ੍ਰੀ ਰਾਜ ਜੀ ਤੇ ਸਾਰੇ ਪਰਿਵਾਰ ਨੂੰ ਅਪਨੀ 'ਪਯਾਰ-ਕਲਾਈ' ਵਿਚ ਰਖ ਕੇ ਨਾਮ ਦਾਨ ਦੀਆਂ ਮੇਹਰਾਂ ਕਰੇ।

ਇਹ ਅਰਦਾਸ ਤਾ ਤੁਰੀਂ ਹੀ ਰਹਿੰਦੀ ਹੈ ਕਿ ਵਿਛੁੜੇ ਪਯਾਰੇ ਮਲਕ ਜੀ ਵਾਹਿਗੁਰੂ ਸਾਈਆਂ ਜੀਓ ਜੀ ਚਰਨ ਸਰਨ ਪ੍ਰਾਪਤ ਰਹਿਣ ਅਤੇ ਉਨ੍ਹਾਂ ਦਾ ਜੀਵਨ ਪਕੀ ਦਲੀਲ ਹੈ ਕਿ ਓਹ ਅਗੇ ਜਾ ਕੇ ਸੁਖੀ ਹਨ।

ਅਜ ਏਥੇ ਸੇਠ ਢੇਟਾ ਰਾਮ ਦੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਹੈ ਜੋ ਇਥੋਂ ਦੇ ਮਿਤ੍ਰਾਂ, ਸਤ ਸੰਗੀਆਂ, ਵੀਰਾਂ ਤੇ ਭੈਣਾਂ ਨੇ ਦਿਲੀ ਪਯਾਰ ਨਾਲ ਤੇ ਮਲਕ ਜੀ ਨੂੰ ਯਾਦ ਕਰ ਕਰ ਕੇ ਉਸ ਦਿਲੀ ਕੋਮਲਤਾ ਨਾਲ ਕੀਤਾ ਹੈ ਜੋ ਦੋ ਇਕ ਵਾਰੀ ਇਥੇ ਆਕੇ ਓਹ ਦਿਲਾਂ ਵਿਚ ਅਪਨੇ ਸ਼ੁਭ ਵਰਤਾਓ ਨਾਲ ਭਰ ਗਏ ਸਨ।

ਗੁਰੂ ਅੰਗ ਸੰਗ ਰਹੇ ਤੇ ਸਤਿਗੁਰੂ ਸਾਰੇ ਪਰਿਵਾਰ ਦਾ ਸਹਾਈ ਰਹੇ।

ਆਪਦਾ ਹਿਤਕਾਰੀ
ਵੀਰ ਸਿਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੨-੨-੧੯੫੩

ਪਯਾਰੇ ਭਾਈ ਸਾਹਿਬ ਜੀਓ ਭਾਈ ਸੁਧ ਸਿੰਘ ਜੀਓ

ਤੁਸਾਂ ਦਾ ਪਤ੍ਰ ਪਹੁੰਚਾ। ਸ੍ਰੀ ਮਲਕ ਜੀ ਦਾ ਵਿਛੋੜਾ ਸਾਡੇ ਦ੍ਰਿਸ਼ਟਮਾਲ ਪਯਾਰ ਵਾਲੇ ਮਨਾਂ ਲਈ ਇਕ ਅਸਹਿ ਸੱਟ ਹੈ ਤੇ ਖਾਸ ਮੇਰੇ ਮਨ ਲਈ ਜਿਸ ਤੇ ਸਟ ਤੇ ਸੱਟ ਵਜੀ ਹੈ।

ਪਰ ਸਾਈਂ ਬਰਕਤ ਦੇਵੇ ਅਸੀਂ ਘਾਬਰੀਏ ਨਾ। ਦਿਲ ਤਰਬਾਂ ਨੂੰ ਸਾਈਂ-ਰਜ਼ਾ ਦੀ ਸੁਰ ਨਾਲ ਸੁਰ ਕਰੀ ਰਖੀਏ। ਜ਼ਰਾ ਢਿਲੀਆਂ ਹੋਣ ਤਾਂ ਕਸ ਲਈਏ, ਤੁਹਾਨੂੰ ਤਾਂ ਢਿੱਲੀ ਕਿੱਲੀ ਦੇ ਕੱਸਣ ਦੀ ਜਾਚ ਹੈ ਤੇ ਅੰਦਾਜ਼ੇ ਸਿਰ ਕੱਸਣ ਦੀ ਜਾਚ ਹੈ। ਮੈਨੂੰ ਸਾਈਆਂ ਜੀ ਨੇ ਖੇਚਲੇ ਦੇਣੇ ਹਨ, ਤਾਂਹੀਓ ਸਬਰ ਦੇ ਹੁਜਰੇ ਵਿਚ ਵਾਸਾ ਦਿਤਾ, ਚਾਹੇ ਹੁਜਰਾ ਕੇਰੂ ਪਹਾੜ ਦੇ ਲਾਗੇ ਬਣਿਆ। ਸ਼ੁਕਰ ਹੈ ਕਿ ਸਟਾਂ ਸਹਿੰਦਿਆਂ ਮਨ ਪੱਥਰ ਨਹੀਂ ਹੋ ਗਿਆ। ਇਸ ਦੀ ਲਚਕ, ਇਸਦੀ ਦ੍ਰਵਣਤਾ ਕਾਯਮ ਹੈ। ਇਹ ਦ੍ਰਵਦਾ ਹੈ ਤਾਂ ਹੀ ਤਾਂ 'ਜੀ ਭਿਆਣੇ' ਬਾਲ ਵਾਂਙੂ ਆਪਦੀ ਮਾਂ-ਵਾਹਿਗੁਰੂ ਜੀ - ਨੂੰ ਚੰਬੜ ਜਾਂਦਾ ਹੈ। ਜੇ ਮਾਂ ਮਾਰੇ ਤਾਂ ਮਾਂ ਨੂੰ ਹੀ ਚੰਬੜੀਦਾ ਹੈ ਨਾ? ਹਾਂ ਇਹ ਚੰਬੜ ਬੀ ਉਸ ਦੀ ਮੇਹਰ ਹੈ, ਉਹੀ ਦੇਂਦਾ ਹੈ।

ਵਿਛੋੜੇ ਪਤਾ ਨਹੀਂ ਕਿਉਂ ਹਨ। ਪਰ ਹਨ ਉਸ ਦੇ ਦਿਤੇ ਜੋ ਅਭੁਲ ਹੈ ਤੇ ਪ੍ਰੇਮ ਪੁੰਜ ਹੈ। ਇਸ ਕਰਕੇ ਉਸ ਦੀ ਰਜ਼ਾ ਸਾਡੀ ਮਰਜ਼ੀ ਸਦਾ ਮੇਲ ਖਾਵੇ। ਹਾਂ 'ਰਜ਼ਾ' ਦੀ ਸੁਰ ਨਾਲ 'ਮਰਜ਼ੀ' ਦੀ ਤਰਬ ਮਿਲੀ ਰਹੇ। ਅਪਣੀ ਵਖਰੀ ਝੀਣੀ ਬਾਣ ਨਾ ਦੇਵੇ ਪਰ ਸਾਈਆਂ ਜੀਓ ਮੇਹਰ ਕਰਨ-ਇਸ ਮਨ ਦੀ ਦ੍ਰਵਣਤਾ, ਕੋਮਲਤਾ, ਪੰਘਰ ਕਾਯਮ ਰਹੇ ਤੇ ਵਿਛੋੜੇ ਦੇ ਦੁਖ ਵਿਚ ਬੀ ਨਾ ਜਾਵੇ। ਪਰ ਪਯਾਰੇ ਰਬ ਜੀ ਦੇ ਚਰਨਾਂ ਨੂੰ ਜਫੀ ਪਾਈ ਰਖੇ:

**"ਰਾਖੁ ਸਦਾ ਪ੍ਰਭ ਅਪਨੈ ਸਾਥ॥**
**ਤੂ ਹਮਰੋ ਪ੍ਰੀਤਮੁ ਮਨਮੋਹਨੁ**
**ਤੁਝ ਬਿਨੁ ਜੀਵਨੁ ਸਗਲ ਅਕਾਥ॥੧॥ ਰਹਾਉ॥**

(ਬਿਲਾਵਲ ਮਹਲਾ ੫, ਪੰਨਾ ੮੨੮)


www.sikhbookclub.com

ਦੇਖੋ ਗੁਰੂ ਕੀ ਮੇਹਰ ਤੁਹਾਨੂੰ ਦਿੱਲੀ ਲੈ ਆਈ ਹੈ ਕਿ ਸਭ ਤੋਂ ਵਧ ਰੰਜ ਜਿਸ ਰਾਜ ਨੂੰ ਹੋਣਾ ਹੈ ਜਿਸਨੇ ਕੂੰਜ ਵਾਂਙੂ ਵਿਲਪਨਾ ਹੈ ਉਸਨੂੰ ਸਬਦ ਦੀ ਗੁੰਜਾਰ, ਕੀਰਤਨ ਦੀ ਮਿਠੀ ਮਿਠੀ ਸਦ ਮਿਲੇ। ਉਹ ਅਰਸੇ ਲਈ ਆਪਣੇ ਸਰੀਰਕ ਮਾਲਕ ਤੋਂ ਵਿਛੜੀ ਹੈ ਪਰ ਉਹ ਆਪਨੇ ਰਬ ਮਾਲਕ ਤੋਂ ਇਸ ਸੱਟ ਨਾਲ ਉਂਗਲ ਭਰ ਬੀ ਵਿਥ ਨਾ ਕਰੇ। ਤੁਹਾਡੀ ਸਬਦ ਗੂੰਜ ਨੇ ਉਸ ਪਵਿਤ੍ਰ ਗੁਰੂ ਭਗਤ ਤੇ ਵਾਹਿਗੁਰੂ ਪ੍ਰੇਮਣ ਨੂੰ ਠੰਢਾਂ ਪਈਆਂ ਤੇ ਮਾਨਸਿਕ ਸੁਖ ਦਿਤੇ।

ਵਾਹਿਗੁਰੂ ਤੁਹਾਡਾ ਤੇ ਅਜ਼ੀਜ਼ ਪ੍ਰਧਾਨ ਸਿੰਘ, ਅਜ਼ੀਜ਼ ਠਾਕਰ ਸਿੰਘ, ਅਜ਼ੀਜ਼ ਮਖਣ ਸਿੰਘ ਦਾ ਭਲਾ ਕਰੇ।

ਕੀਰਤਨ ਕਰਦੇ ਠੰਢਾ ਪਾਂਦੇ ਰਹੋ।

ਹਿਤਕਾਰੀ
ਵੀਰ ਸਿੰਘ


www.sikhbookclub.com

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੨-੨-੧੯੫੩

ਪਵਿਤ੍ਰਾਤਮਾ ਜੀਓ

ਸ੍ਰੀ ਮਲਕ ਜੀ ਦਾ ਵਿਛੋੜਾ ਇਕ ਅਸਹਿ ਘਟਨਾ ਹੈ ਪਰ ਕਿਉਂਕਿ ਹੋਈ ਕਰਤਾ ਪੁਰਖ ਵਲੋਂ ਹੈ ਜਿਸ ਦੇ ਅਸੀਂ ਪੁਜਾਰੀ ਤੇ ਪ੍ਰੇਮੀ ਹਾਂ, ਇਸ ਕਰਕੇ ਅਸਾਂ ਅਪਨੀ 'ਮਰਜ਼ੀ' ਉਸਦੀ 'ਰਜ਼ਾ' ਵਿਚ ਮੇਲਣੀ ਹੈ ਪਰ ਇਹ ਕੰਮ ਕਠਨ ਹੈ।

ਤੁਹਾਡੀ ਭੈਣ ਰਾਜ ਜੀ ਲਈ ਇਹ ਸਦਮਾ ਬੜੀ ਕਠਨਤਾ ਨਾਲ ਝਲਿਆ ਜਾਣ ਵਾਲਾ ਹੈ। ਵਾਹਿਗੁਰੂ ਉਨ੍ਹਾਂ ਦੀ ਸਹਾਯਤਾ ਕਰੇ। ਤੁਸੀਂ ਉਨ੍ਹਾਂ ਨਾਲ 'ਭੈਣੀ ਪ੍ਰੇਮ' ਕਰ ਰਹੇ ਹੋ, ਮੈਂ ਸੁਣਿਆ ਹੈ।

ਬੀਬਾ ਜੀਓ ਭਜਨ ਬੰਦਗੀ ਦਾ ਏਹ ਇਕ ਵਡਾ ਫਲ ਹੈ ਕਿ ਅਪਨੇ ਪਯਾਰਿਆਂ ਨੂੰ ਬਿਰਹ ਪੀੜਾ ਦੇ ਵੇਲਿਆਂ ਤੇ ਸਹਾਰਾ ਦੇਈਏ। ਸਾਡਾ ਪਯਾਰ ਉਨ੍ਹਾਂ ਦੇ ਦਿਲਾਂ ਉਤੇ ਠੰਢੀ ਠੰਢੀ ਮਲਹਮ ਦਾ ਕੰਮ ਕਰੇ।

ਤੁਸਾਡਾ ਤੇ ਰਾਜ ਮਲਕ ਜੀ ਦਾ ਜੋ ਦੈਵੀ ਪਯਾਰ ਮੈਂ ਅੰਮ੍ਰਿਤਸਰ ਡਿਠਾ ਹੈ ਠੰਢਾ ਪਾਉਣ ਵਾਲਾ ਹੈ। ਜੋ ਪਯਾਰ ਹੁਣ ਕੀਤਾ ਨੇ ਸ਼ੁਭ ਹੈ। ਇਸੇ ਤਰ੍ਹਾਂ ਆਪਨੀ ਪਯਾਰੀ ਭੈਣ ਰਾਜ ਜੀ ਨੂੰ ਪਯਾਰ ਕਰੀ ਚਲਣਾ। ਪਯਾਰ ਦੁਵਲੀ ਬਰਕਤਾਂ ਦੇਂਦਾ ਹੈ, ਕਰਨ ਵਾਲੇ ਨੂੰ ਬੀ ਤੇ ਕੀਤੇ ਜਾਣ ਵਾਲੇ ਨੂੰ ਬੀ।

ਗੁਰੂ ਅੰਗ ਸੰਗ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੩-੨-੧੯੫੩

ਪਵਿਤ੍ਰਾਤਮਾ ਜੀਓ ਜੀ

ਆਪ ਜੀ ਦਾ ੫-੨-੫੩ ਦਾ ਪ੍ਰਤ ਪਹੁੰਚਾ।

ਮੈਂ ਜਲਦੀ ਨਹੀ ਜੁਾਬ ਦੇ ਸਕਿਆ ਕਿ ਹਰ ਵਕਤ ਕ੍ਰੀਬਨ ਰੋਜ ਦਿਲੀ ਫੋਨ ਤੇ ਵਿਛੁੜੀ ਕੂੰਜ ਨੂੰ ਸਹਾਰੇ ਦੇਣ ਦਾ ਯਤਨ ਹੁੰਦਾ ਸੀ ਫੇਰ Epistle (ਪੱਤਰ) ਕ੍ਰੀਬਨ ਰੋਜ਼ ਲਿਖਕੇ ਤੁਲਹਾ ਦੇਣ ਦੀ ਕੋਸ਼ਿਸ਼ ਹੁੰਦੀ ਸੀ। ਅਪਨੇ ਆਪੇ ਨੂੰ ਬੀ ਇਕ ਗੁਰਸਿਖੀ ਵਾਲੀ ਤੁਲਨਾ ਵਿਚ ਰਖਣਾ ਹੁੰਦਾ ਹੈ ਕਿਉਕਿ ਨਾਂ ਤਾਂ ਇਸ ਵੇਲੇ ਦੇ ਉਪਜੇ ਸੂਖਮ ਵਲਵਲਿਆਂ ਅਤੇ ਵੈਰਾਗ ਦੇ emotions (ਜਜ਼ਬਿਆਂ) ਨੂੰ ਖਰਤ ਗਯਾਨਾਂ ਨਾਲ ਕਤਲ ਕਰਨਾ ਹੁੰਦਾ ਹੈ ਨਾ ਉਨ੍ਹਾਂ ਦੇ ਵੇਗ ਵਿਚ ਰੁੜ੍ਹ ਕੇ ਮਨ ਨੂੰ ਨਾ-ਸ਼ੁਕਰੀ ਤੇ ਮਨਮੁਖਤਾ ਵਿਚ ਪਾਕੇ ਸਰੀਰ ਤੇ ਮਨ ਦੋਹਾਂ ਨੂੰ ਨਿਕਾਰਾ ਕਰ ਸੁਟਣਾ ਹੁੰਦਾ ਹੈ।

ਉਸ ਦ੍ਰਵਣਤਾ ਨੂੰ ਜੋ ਐਸੀਆਂ ਅਸਹਿ ਸਟਾਂ ਦੇ ਵੱਜਿਆਂ ਕੁਦਰਤਨ ਪੈਦਾ ਹੁੰਦੀ ਹੈ sublimate (ਉਦਾਤ) ਕਰਨਾ ਹੁੰਦਾ ਹੈ। ਇਹ ਹੈ ਗੁਰ ਸਿਖੀ ਦੀ ਤਲਕੀਨ। ਜਿਸਦੀ ਵਿਉਂਤ ਇਹ ਹੈ ਕਿ ਜਦ ਵਿਛੜਿਆ ਪਯਾਰਾ ਯਾਦ ਆ ਕੇ ਕਲੇਜਾ ਕੰਬਦਾ ਤੇ ਨੈਣ ਭਰਦੇ ਹਨ, ਜਦੋਂ ਵੈਰਾਗ ਦੀਆਂ ਮਿਜ਼ਰਾਬਾਂ ਅੰਦਰ ਦੀਆਂ ਨਾਜ਼ਕ ਤਰਬਾਂ ਤਾਰਾਂ ਨੂੰ ਠੁਹਕਰਾਂ ਦੇਂਦੀਆਂ ਤੇ ਕੰਬਾ ਸੁਟਦੀਆਂ ਹਨ, ਉਸ ਵੇਲੇ ਦੇ ਦ੍ਰਵੇ ਮਨ ਨੂੰ ਹਰਿ, ਉਸ ਵੇਲੇ ਦੇ ਪੰਘਰੇ ਆਪੇ ਨੂੰ ਵਾਹਿਗੁਰੂ ਵਿਚ ਲਾਈਦਾ ਹੈ। ਅਰਥਾਤ ਅਪਨੇ ਵੈਰਾਗ ਦਾ object (ਲਕਸ਼) ਬਦਲ ਦੇਈਦਾ ਹੈ, ਪਯਾਰਾ ਜਿਸਦੇ ਵਿਛੋੜੇ ਨੇ ਕੰਬਾਯਾ ਹੈ ਉਸ ਦੀ ਥਾਂ ਵਾਹਿਗੁਰੂ ਅਗੇ ਅਰਦਾਸ ਵਿਚ ਪੈ ਜਾਈਦਾ ਹੈ।

ਹੇ ਦਾਤਾ! ਪਯਾਰਾ ਕਿਉਂ ਵਿਛੁੜਿਆ ? ਸਾਨੂੰ ਕਿਉਂ ਦੁਖ ਹੋ ਰਿਹਾ ਹੈ? ਇਹ ਨਤੀਜੇ ਸਾਡੇ ਤੁਸਾਨੂੰ ਭੁਲ ਜਾਣ ਦੇ ਹਨ। ਜਨਮਾਂ ਤੋਂ ਤੁਹਾਨੂੰ ਭੁਲ ਕੇ "ਅਵਰ ਦੂਜੇ" ਨੂੰ ਪਿਆਰ ਕਰਦੇ ਰਹੇ ਹਾਂ। ਮੇਹਰ ਕਰੋ, ਹੁਣ

 www.sikhbookclub.com

ਆਪਣਾ ਨਾਮ ਸਾਡੇ ਅੰਦਰ ਵਸਾ ਦਿਓ ਵਾਹਿਗੁਰ ! ਵਾਹਿਗੁਰੂ ! ਵਾਹਿਗੁਰੂ ! ਹੇ ਵਾਹਿਗੁਰੂ ਜੀ ਵਸ ਜਾਓ ਨਾ ਮੇਰੇ ਅੰਦਰ, ਹਾਂ ਮੇਰੇ ਅੰਦਰ। ਹੁਣ ਨਾ ਹਜ਼ੂਰੀ ਤੋਂ ਪਰੇ ਕਰਨਾ।

ਹੇ ਮੇਰੇ ਦਾਤਾ! ਜਿਸ ਪ੍ਰੀਤਮ ਨੂੰ ਵਿਛੋੜਿਆ ਜੇ ਉਸਨੂੰ ਅਪਨੀ ਚਰਨ ਸ਼ਰਨ ਲੈ ਲਓ। ਸਾਨੂੰ ਧੀਰਜ ਦਿਓ, ਤਸੱਲੀ ਸਾਨੂੰ ਬਨ੍ਹਾਓ ਕਿ ਸਾਡਾ ਵਿਛੜਿਆ ਪਯਾਰਾ ਆਪ ਦੀ ਚਰਨ ਸ਼ਰਨ ਹੈ।

ਹੇ ਮੇਹਰਾਂ ਦੇ ਸਾਈਂ। ਮੇਹਰ ਕਰੋ, ਹੁਣ ਨਾ ਵਿਛੜੋ, ਹੁਣ ਨਾ ਵਿਸਰੋ, ਦਾਤ ਕਰੋ ਕਿ ਆਪੇ ਨੂੰ ਹਜ਼ੂਰ ਦੀ ਹਜ਼ੂਰੀ ਵਿਚ ਰਖਿਆ ਕਰੀਏ।

ਇਨ੍ਹਾਂ ਖਾਸ ਲਫਜ਼ਾਂ ਵਿਚ ਹੀ ਨਹੀਂ ਆਪੋ ਆਪਣੀ ਸਮਝ ਲੋੜ ਤੇ ਭਾਵਨਾ ਦੇ ਅਨੁਸਾਰ ਉਸ mind, the melted on direction (ਆਦੇਸ਼ ਨਾਲ ਪਿਘਲੇ ਮਨ) ਵਿੱਚ ਰੱਬ ਜੀ ਨਾਲ ਜਿਵੇਂ ਕਿਵੇਂ ਹੋਵੇ ਲਗ ਜਾਈਏ ਅਰਦਾਸ, ਸਿਮਰਨ, ਗੁਣ ਗਯਾਨ ਵਿਚ।

ਤੁਸੀਂ ਜਾਣਦੇ ਹੋ ਕਿ ਪੰਘਰੀ ਲਾਖ ਵਿਚ ਮੁਹਰ ਚੰਗੀ ਲਗਦੀ ਹੈ। ਪੰਘਰੇ ਮਨ ਵਿਚ ਨਾਮ ਦੀ ਮੁਹਰ ਠੀਕ ਬੈਠਦੀ ਹੈ।

ਸੋ ਸਿਖ ਦਾ ਧਰਮ ਹੈ ਕਿ ਇਸ ਪ੍ਰਕਾਰ ਦਾ ਕੋਈ ਤ੍ਰੀਕਾ ਅਖਤਯਾਰ ਕਰੇ ਅਪਨੇ ਮਨ ਦੀ 'ਦ੍ਰਵਣਤਾ' ਵੇਲੇ ਤੇ ਕਦੇ ਆਪਾ ਵਿਛੋੜੇ ਦੇ ਹਾਵਿਆਂ ਤੇ ਚਿੰਤਾਂ ਗਮਾਂ ਦੇ ਸਪੁਰਦ ਨਾ ਕਰੇ। ਕਰਤਾ ਪੁਰਖ ਦੇ ਧਯਾਨ ਵਿਚ ਅਰਦਾਸ ਨਾਲ ਹੋ ਜਾਏ ਤੇ ਅਪਨਾ ਤੇ ਪਯਾਰੇ ਦਾ ਭਲਾ ਚਿਤਵੇ।

ਬਾਕੀ ਰਹੀ ਵਿਛੋੜੇ ਤੋਂ ਆਉਣ ਵਾਲੇ ਵਿਗੋਚੇ ਤੇ ਕਮੀਆਂ, ਥੁੜਾਂ ਤੇ ਲੋੜਾਂ ਵੇਲੇ ਨਿ੍ਰਾਸਤਾਈਆਂ ਦੀ ਗੱਲ। ਉਹ ਹੁੰਦੀਆਂ ਹਨ, ਪਰ ਉਨ੍ਹਾਂ ਦੇ ਪੂਰਾ ਕਰਨ ਦਾ ਬੀ ਉਹੋ ਅਕਾਲ ਪੁਰਖ ਹੀ ਕਾਰਕ ਹੈ। ਉਸਦਾ ਦਾਰੂ ਬੀ ਇਸ ਯਤਨ ਵਿਚ ਹੈ:

**ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥**
**ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਰਣਾ॥**
**ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥**
**ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥**
**ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥੨॥"**

(ਰਾਮਕਲੀ ਮਹਲਾ ੩, ਅਨੰਦ, ਪੰਨਾ ੯੧੭)

 www.sikhbookclub.com

ਫੇਰ ਕਿਹਾ ਹੈ ਸਚ ਨੂੰ ਦੇਖਣਾ। ਸਚ ਨੂੰ ਦੇਖਣਾ ਵਾਹਿਗੁਰੂ ਨੂੰ ਦੇਖਣਾ ਹੈ। ਕਿਉਂਕਿ ਉਹ ਹੈ :

**"ਆਦਿ ਸਚੁ ਜੁਗਾਦਿ ਸਚੁ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥"**

(ਜਪੁ, ਪੰਨਾ ੧)

ਉਸਦੇ ਦੇਖਣ ਦਾ ਤ੍ਰੀਕਾ ਸ੍ਰੀ ਗੁਰੂ ਅਮਰਦਾਸ ਜੀ ਨੇ ਲਿਖਿਆ ਹੈ-

**"ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ॥"**

(ਸਲੋਕ ਮਹਲਾ ੩, ਪੰਨਾ ੫੦੯)

ਫੇਰ ਫੁਰਮਾਉਂਦੇ ਹਨ:

**"ਸਚਾ ਨਾਮੁ ਧਿਆਇ ਤੂ ਸਭੋ ਵਰਤੈ ਸਚੁ॥**
**ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ॥"**

(ਸਲੋਕ ਮਹਲਾ ੩, ਪੰਨਾ ੯੫੦)

ਸੋ ਸਾਡਾ ਕਰਤਵਯ ਕੀ ਹੋਣਾ ਚਾਹੀਏ?

**"ਗੁਰਮੁਖਿ ਅਨਦਿਨੁ ਰਹੇ ਰੰਗਿ ਰਾਤਾ**
**ਹਰਿਕਾ ਨਾਮੁ ਮਨਿ ਭਾਇਆ॥"**

(ਸਲੋਕ ਮਹਲਾ ੩, ਪੰਨਾ ੫੧੨)

ਜੇ ਭਾਵ ਹੈ ਵਿਛੁੜੇ ਪਿਆਰੇ ਨੂੰ ਦੇਖਣ ਦਾ ਕਿ ਓਹ ਕਿਥੇ ਹੈ, ਤਾਂ ਉਸਦੇ ਲਛਣ ਤੇ ਕਰਤਵਯ ਜੋ ਦੇਖਦੇ ਰਹੇ ਹਾਂ, ਸਾਨੂੰ ਪਤਾ ਹਨ ਤੇ ਗੁਰਬਾਣੀ ਵਿਚ ਸਾਫ ਦਸਿਆ ਹੈ ਕਿ ਉਨ੍ਹਾਂ ਲਛਣਾਂ ਤੇ ਕਰਨੀਆਂ ਵਾਲੇ ਕਿਥੇ ਜਾਂਦੇ ਹਨ। ਸੋ ਗੁਰਬਾਣੀ ਦੀ ਰੋਸ਼ਨੀ ਵਿਚ ਅਸੀਂ ਤਸਲੀ ਪਾ ਸਕਦੇ ਹਾਂ ਕਿ ਮਲਕ ਸਾਹਿਬ 'ਸਦਗਤੀ' ਨੂੰ ਪ੍ਰਾਪਤ ਹੋਏ ਹਨ।

ਆਪ ਦਾ ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੩-੨-੧੯੫੩

ਪਵਿਤ੍ਰਾਤਮਾ ਜੀਓ

ਕਲ ਭੋਗ ਪਾਠ ਅਰਦਾਸੇ ਕੀਰਤਨ ਸਾਰੇ ਭਗਤੀ ਭਾਵ ਦੇ ਕਾਰਜ ਸ਼ਰਧਾ ਪ੍ਰੇਮ ਨਾਲ ਹੋ ਚੁਕੇ ਹੋਣਗੇ।

ਏਥੇ ਬੀ ਗੁਰੂ ਮੇਹਰਾਂ ਨਾਲ ਸ਼ਾਮ ੭.੩੦ ਵਜੇ ਭੋਗ ਦਾ ਕਾਰਜ ਸ਼ੁਰੂ ਹੋ ਗਿਆ ਸੀ। ਕੀਰਤਨ ਅਰਦਾਸੇ ਸਿਦਕਾਂ ਨਾਲ ਹੋਏ। ਹੁਣ ਲੋਕਾਂ ਦੀ ਆਵਾਜਾਈ ਘਟੇਗੀ ਤਾਂ ਸ੍ਰੀ ਰਾਜ ਜੀ ਕੁਛ ਇਕਾਂਤ feel (ਮਹਿਸੂਸ) ਕਰਨਗੇ। ਉਹ ਵਕਤ ਦਿਲ ਜੋੜਨ ਤੇ ਸਿਮਰਨ ਲਈ ਵਰਤਣਾ ਸੁਖਦਾਈ ਹੋਸੀ।

**"ਆਇਓ ਸੁਨਨ ਪੜਨ ਕਉ ਬਾਣੀ।"**
(ਸਾਰੰਗ ਮਹਲਾ ੫, ਪੰਨਾ ੧੨੧੯)

ਦਾ ਕਾਰਜ ਟੁਰਿਆ ਰਹੇ। ਏਹ ਦਿਨ ਜੋ ਮਨੁਖਾ ਦੇਹ ਵਿਚ ਮਿਲੇ ਹਨ ਸਿਮਰਨ ਵਿਚ ਸਫਲਦੇ ਤਾਂ ਹੀ ਠੀਕ ਹੈ।

ਬਾਕੀ ਦੁਨੀਆ ਕੀ ਹੈ? ਦੇਖ ਲਈ ਹੈ। ਦੁਨੀਆਂ ਦੇ ਲੋਕ ਕੀ ਹਨ? ਦੇਖ ਲਿਆ ਹੈ। ਸੋ ਕਰੀਏ ਕੀਹ?

**"ਜਨ ਆਵਨ ਕਾ ਇਹੈ ਸੁਆਉ॥**
**ਜਨ ਕੈ ਸੰਗਿ ਚਿਤਿ ਆਵੈ ਨਾਉ॥"**
(ਗਉੜੀ ਸੁਖਮਨੀ ਮਹਲਾ ੫, ਪੰਨਾ ੨੯੫)

ਕਲ ਇਕ ਰਜਿਸਟਰੀ ਖਤ ਘਲਿਆ ਹੈ ਤੁਸਾਂ ਜੀ ਦੇ ਨਾ ਤੇ। ਉਸ ਵਿਚ ੭-੮ ਖਤ ਸਨ। ਓਹ ਸਾਰੇ ਆਪ ਵਾਚ ਲੈਣੇ। ਠੀਕ ਸਮਝੋ ਤਾਂ ਜਿੰਨ੍ਹਾਂ ਦੇ ਨਾਮ ਦੇ ਹਨ ਉਨ੍ਹਾਂ ਨੂੰ ਪੁਚਾ ਦੇਣ ਦੀ ਖੇਚਲ ਕਰਨੀ। ਪੈਰਿਸ ਵਾਲਾ ਠੀਕ ਨਾ ਹੋਵੇ ਤਾਂ ਅਪਨੀ ਸਲਾਹ ਸਮੇਤ ਮੋੜ ਘਲਣਾ। ਅਜ ਇਕ ਖਤ ਇਕਬਾਲ ਸਿੰਘ ਦੇ ਜੁਾਬ ਵਿਚ ਕਲਕਤੇ ਬੀ ਘਲਿਆ ਹੈ।

ਸਾਰੀਆਂ ਜੋਗ ਸਤਿ ਸ੍ਰੀ ਅਕਾਲ-ਅਸੀਸ, ਨਾਮ ਚਿਤ ਰਹੇ।

ਹਿਤਕਾਰੀ, ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੪-੨-੧੯੫੩

ਸ੍ਰੀ ਪਵਿਤ੍ਰਾਤਮਾ ਰਾਜ ਜੀਓ
ਕਰਤਾ ਪੁਰਖ ਜੀ ਦੇ ਸੁਆਰੇ 'ਰਾਜ' ਜੀਓ
ਗੁਰੂ ਅੰਗ ਸੰਗ।

੧੨ ਤ੍ਰੀਕ ਲੰਘ ਗਈ ਓਥੇ ਬੀ ਹਰੀ ਗੁਣ ਗਾਉਂਦਿਆਂ ਤੇ ਏਥੇ ਬੀ ਹਰੀ ਜਸ ਕਰਦਿਆਂ।

ਜਿਸ ਕਰਤਾ ਪੁਰਖ ਨੇ "ਜੋ ਮਨਿ ਚਿਤਿ ਨ ਚੇਤੇ ਸਨਿ" ਸੋ ਗਲਾਂ ਵਰਤਾ ਕੇ, ਫੇਰ ਅਪਨੇ ਨਾਮ ਬਾਣੀ ਦੀ ਛਹਬਰ ਲਾਕੇ ਅਪਨੀ ਪਯਾਰ ਕਲਾਈ ਤੋਂ ਬਾਹਰ ਨਹੀਂ ਹੋਣ ਦਿਤਾ ਉਸਦੇ ਕੌਤਕ ਉਹੀ ਜਾਣੇ।

**"ਸਗਲ ਬਟਰੀਆ॥ ਬਿਰਖ ਇਕ ਤਰੀਆ॥**
**ਬਹੁ ਬੰਧਹਿ ਪਰੀਆ॥ ਥਿਰੁ ਸਾਧ ਸਫਰੀਆ॥**
**ਜਹ ਕੀਰਤਨੁ ਹਰੀਆ॥ ਨਾਨਕ ਸਰਨਰੀਆ॥੪॥੧॥"**
(ਰਾਗ ਬਿਹਾਗੜਾ ਚਉਪਦੇ ਮਹਲਾ ੫, ਪੰਨਾ ੫੩੭)

ਅਰਥਾਤ ਸਾਰੇ ਮੁਸਾਫ਼ਰ ਹਨ।

ਜਿਵੇਂ ਕਿਸੇ ਬਿਰਛ ਹੇਠ ਆ ਕਠੇ ਹੁੰਦੇ ਹਨ ਆਪੋ ਵਿਚ ਮੋਹ ਪਯਾਰ ਦੇ ਬੰਧਨਾਂ ਵਿਚ ਪੈ ਜਾਂਦੇ ਹਨ (ਪਰ ਸਭ ਥਿਰ ਨਹੀਂ)

ਥਿਰ ਸਾਧ ਸਭਾ ਹੈ ਜਿਥੇ ਹਰੀ ਕਾ ਕੀਰਤਨ ਹੁੰਦਾ ਹੈ। ਹਾਂ ਜੀਓ! ਨਾਨਕ ਨੇ ਉਸ ਸਾਧ ਸੰਗ ਦੀ ਸਰਨ ਲਈ ਹੈ।

ਸੋ ਸਰਨ ਗੁਰੂ ਨਾਨਕ ਦੇਵ ਜੀ ਦੇ ਚਰਨ ਹਿਰਦੇ ਵਸਾ ਕੇ ਫੜੀ ਰਖੋ। ਤੁਸੀਂ ਫੜੀ ਰਖੋ ਹੈਂ ਤੇ ਓਹ ਆਪ ਫੜਾਈ ਰਖੇ। ਇਹ ਹੈ ਦੁਆਇ ਫਕੀਰਾਂ - ਹਾਂ ਜੀਓ। ਤੈਨੂੰ ਰੱਬ ਨ ਭੁਲੇ ਦੁਆਇ ਫਕੀਰਾਂ ਦੀ ਏਹ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੪-੨-੧੯੫੩

ਪਵਿਤ੍ਰਾਤਮਾ ਜੀਓ

੧੨ ਦਾ Air mail (ਹਵਾਈ ਡਾਕ) ਪਤ੍ਰ ਤੇ ੧੩ ਦਾ ਪਤ੍ਰ ਦੁਇ ਅਜ ਇਕਠੇ ਪੁਜੇ ਹਨ।

੧੨ ਤ੍ਰੀਕ ਦੇ ਸਤਸੰਗ ਸਮਾਗਮ ਦੇ ਹਾਲ ਵਾਚੇ।

ਰਜਿਸਟਰੀ ਪ੍ਰਤ ਮਿਲੇ ਦੀ ਪਹੁੰਚ ਮਿਲ ਗਈ। ਤੁਸਾਂ ਸਾਰਿਆਂ ਐਡਰੇ ਸੀਜ਼ ਨੂੰ ਘਲ ਦਿਤੇ, ਖੇਚਲ ਹੋਈ, ਪਰ ਭਲਾ ਕੀਤੋਨੇ।

ਇਥੇ ਭੋਗ ੭.੩੦ ਸ਼ੁਰੂ ਹੋਇਆ ਸੀ। ਪਹਿਲਾਂ ਪਾਠ ਹੁੰਦਾ ਰਿਹਾ ਤੇ ਕੀਰਤਨ ਬੜਾ ਪ੍ਰਭਾਵਸ਼ਾਲੀ ਹੁੰਦਾ ਰਿਹਾ ਸੀ। ਗੁਰੂ ਅੰਗ ਸੰਗ ਰਹੇ। ਲੋੜ ਥੁੜਾਂ ਆਪ ਪੂਰੀਆਂ ਕਰੇ। ਹਰ ਕਿਸੇ ਦੀ ਬਾਕੀ ਸੰਸਾਰ ਯਾਤ੍ਰਾ ਸਿਮਰਨ - ਵਿਚ ਬੀਤੇ ਜੋ **"ਬਹੁੜ ਨ ਹੋਈਐ ਜਉਲਾ ਜੀਓ।"**

ਸ੍ਰੀ ਰਾਜ ਜੀ ਹੁਣ ਅਪਣੇ ਅਮਰ ਪਤੀ - ਸ੍ਰੀ ਵਾਹਿਗੁਰੂ ਜੀ ਦੀ ਸੇਵਾ ਵਿਚ ਲਗ ਪਏ, ਇਹੋ ਹੀ ਸਾਰ ਗਲ ਹੈ, ਇਸੇ ਲਈ ਜਨਮ ਹੈ।

ਸਾਰੇ ਪਰਵਾਰ ਜੋਗ ਅਸੀਸਾਂ

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੪-੨-੧੯੫੩

ਪਯਾਰੇ ਬਰਖੁਰਦਾਰ ਜੀਓ

ਮੇਰੇ ਚੁਪ ਚਾਪ ਬਰਖੁਰਦਾਰ ਜੀਓ

ਰਬ ਜੀ ਨੂੰ ਗੁੜੇ ਗੁੜੇ ਯਾਦ ਕਰਨ ਵਾਲੇ ਲਾਲ ਜੀਓ

ਲਗੇ ਰਹੋ ਅੰਦਰੋ ਅੰਦਰ ਬਾਣੀ ਦੇ ਪਯਾਰ ਤੇ ਸਾਈਂ ਦੀ ਯਾਦ ਵਿਚ। ਤੁਸਾਨੂੰ ਪਿਤਾ ਜੀ ਨਾਲ ਜੋ ਪਯਾਰ ਸੀ ਜੋ ਚੁਪ ਦੀ ਸਤਹ ਹੇਠ ਡੂੰਘਾ ਡੂੰਘਾ ਵਹਿੰਦਾ ਹੈ।

ਹੁਣ ਓਹ ਪਯਾਰ ਤੁਸਾਂ ਅੰਮੀ ਨੂੰ ਅਰਪਨ ਕਰਨਾ ਹੈ। 'ਅੰਮੀ ਪਯਾਰ' ਤੁਸਾਂ ਦਾ ਅਗੇ ਹੀ ਚੁਪ ਚਾਪ ਪਰ ਡੂੰਘੀ ਧਾਰਾ ਵਿਚ ਵਹਿੰਦਾ ਹੈ, ਹੁਣ ਪਿਤਾ ਪ੍ਰੇਮ ਬੀ ਉਸੇ ਵਿਚ ਰਲਾ ਦੇਣਾ ਹੈ। "ਦੁਇ ਪਯਾਰ" ਅੰਮੀ ਨੂੰ ਕਰਨੇ ਹਨ, ਬੇਟਾ!

'ਪਿਤਾ ਪ੍ਰੇਮ' ਨੂੰ ਨਿਰਾਸਤਾ ਵਿਚ ਨਹੀਂ ਪਾਉਣਾ। ਪਿਤਾ ਪ੍ਰੇਮ ਨੂੰ ਖਰੜ ਗਯਾਨ ਨਾਲ ਪਥਰਾ ਨਹੀਂ ਦੇਣਾ। ਸੁਹਣਾ ਸੁਹਣਾ ਕੂਲਾ ਕੂਲਾ 'ਪਿਤਾ ਪ੍ਰੇਮ' ਹੁਣ ਸਾਹਮਣੇ 'ਦੇਵੀ ਮਾਤਾ' - 'ਗੁਰਮੁਖ ਅੰਮੀ' - ਦੇ ਦੁਆਲੇ ਘੁਮਾਉਂਣਾ ਹੈ। ਅਤੇ ਚੁਪ ਚਾਪ ਰੰਗ ਵਿਚ ਨਿਕੀ ਜੇਹੀ ਅਰਦਾਸ ਪਯਾਰੇ ਪਿਤਾ, ਗੁਰਮੁਖ ਪਿਤਾ ਲਈ ਬੀ ਕਰਦੇ ਰਹਿਣਾ ਹੈ। ਤੁਹਾਨੂੰ ਅਪਨੀ ਉਪਜੀਵਕਾ ਜੋਗ ਕਰ ਜਾਣ ਵਾਲੇ, ਸਤ ਸੰਗ ਵਿਚ ਲਾ ਜਾਣ ਵਾਲੇ ਬਾਬਲ ਦਾ ਸ਼ੁਕਰ ਤੁਹਾਡੀ ਪ੍ਰੇਮਾ ਭਗਤੀ ਹੋਵੇਗੀ।

ਗੁਰੂ ਅੰਗ ਸੰਗ ਰਹੇ, ਸੁਖੀ ਰਖੇ ਤੇ ਤੁਹਾਡੀ ਰਹਬਰੀ ਆਪ ਕਰੇ। ਉਸ ਦੇ ਆਸਰੇ ਤਕੀਏ ਰਹੋ।

ਤੁਸਾਂ ਜੀ ਦਾ ਹਿਤਕਾਰੀ
ਵੀਰ ਸਿੰਘ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ

੧੬-੨-੧੯੫੩

ਪਿਆਰੇ ਜੀਓ

ਪਤ੍ਰ ਪਹੁੰਚੇ। ਮੈਨੂੰ Sustain (ਥੰਮ੍ਹਣ) ਕਰਨੇ ਵਾਲਾ ਉਹ ਘੁਮਿਆਰ ਆਪ ਹੈ ਜੋ ਟਿੰਡ ਬਣਾਉਂਦਿਆਂ ਬਾਹਰੋਂ ਜਦ ਥਾਪੀ ਮਾਰਦਾ ਹੈ ਤਾਂ ਟਿੰਡ ਦੇ ਅੰਦਰ ਆਪਣਾ ਦੂਸਰਾ ਹੱਥ ਦੇਂਦਾ ਹੈ।

ਉਸ ਦੀ ਟੇਕ, ਉਸੇ ਦਾ ਆਸਰਾ ਹੈ।

ਮਲਕ ਜੀ ਸੌਖੇ ਗਏ, ਭਰਿਆ ਮੇਲਾ ਛੱਡ ਗਏ, ਨੇਕ ਕਾਮ ਕਰ ਗਏ, ਨਾਮ ਸਿਮਰਦੇ ਗਏ, ਅਗੇ ਸੁਰਖਰੂ ਗਏ। **"ਤਾਂ ਦਰਗਹ ਪੈਧਾ ਜਾਇਸੀ"** (ਆਸਾ ਦੀ ਵਾਰ, ਪੰਨਾ ੪੭੧) ਦੀ ਮੇਹਰ ਦੇ ਹਕਦਾਰ ਗਏ।

ਪਰ ਪਿਛੇ ਸਭ ਤੋਂ ਅਝਲ ਵਿਯੋਗ ਰਾਜ ਜੀ ਨੂੰ ਹੈ ਜੋ ਜਿਤਨੇ devoted (ਸਮਰਪਤ) ਸਨ ਉਤਨੀ ਡੂੰਘੀ ਸੱਜ ਜਾਣੀ ਸੀ। ਪਰ ਸ਼ੁਕਰ ਹੈ ਕਿ ਸੰਭਲ ਰਹੇ ਹਨ ਤੇ ਆਪਣੇ ਆਪ ਨੂੰ ਵਾਹਿਗੁਰੂ ਜੀ ਤੋਂ ਵਿੱਥ ਤੇ ਨਹੀਂ ਹੋਣ ਦੇਂਦੇ।

ਵਾਹਿਗੁਰੂ ਮੇਹਰ ਕਰੇ ਤੇ ਤੁਸਾਂ ਵਰਗੇ ਸਜਨਾਂ ਨੂੰ ਸਹਾਰਾ ਦੇਣ ਦਾ ਤਾਣ ਬਖਸ਼ੇ।

ਸ੍ਰੀ ਬਾਈਂ ਜੀ, ਗਯਾਨ ਜੀ ਜੋਗ ਅਸੀਸ।

ਹਿਤਕਾਰੀ

ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੬-੨-੧੯੫੩

ਪਵਿਤ੍ਰਾਤਮਾ ਸ੍ਰੀ ਰਾਜ ਜੀਓ, ਸ੍ਰੀ ਲੀਲਾ ਜੀਓ

੧੪, ੧੫ ਦੇ ਦੋ ਖਤ ਲੀਲਾ ਜੀ ਦੇ ਤੇ ੧੫ ਦਾ ਇਕ ਖਤ ਸ੍ਰੀ ਰਾਜ ਜੀ ਦਾ ਪੁਜੇ ਹਨ। ਜ੍ਵਾਬ ਫੇਰ ਘਲਸਾਂ, ਹੁਣ ਡਾਕ ਦਾ ਵਕਤ ਹੈ ਤੇ ਆਦਮੀ ਡਾਕਖਾਨੇ ਚੱਲਿਆ ਹੈ।

ਜੀਵਨ ਦਾ ਮਨੋਰਥ ਨਾਮ ਹੈ। ਜਗਤ perishable (ਵਿਨਾਸ਼ੀ) ਹੈ ਮੋਹ unperishable (ਅਵਿਨਾਸ਼ੀ) ਨਾਲ ਚਾਹੀਏ।

ਰੂਹਾਂ unperishable (ਅਮਰ) ਹਨ ਓਹ unperishable (ਅਵਿਨਾਸ਼ੀ) ਦੇ ਮੰਡਲ ਜਾਂਦੀਆਂ ਹਨ ਤਾਂ ਤੇ **'ਨਾ ਓਹੁ ਮਰੈ ਨ ਹੋਵੈ ਸੋਗੁ॥'** (ਆਸਾ ਮਹਲਾ ੧, ਪੰਨਾ ੯) ਨੂੰ ਪਯਾਰ ਕਰਨਾ ਚਾਹੀਏ।

In haste (ਕਾਹਲੀ ਵਿਚ)

ਹਿਤਕਾਰੀ
ਵੀਰ ਸਿੰਘ

ਮੇਰਾ ਸੰਕਲਪ ਫਰਵਰੀ ਦੇ ਅਖੀਰ ਤਕ ਠਹਰਨੇ ਦਾ ਹੈ। ਮਾਰਚ ਚੜ੍ਹੇ ਟੁਰਨੇ ਦਾ ਪਰ, **'ਨਕਿ ਨਥ ਖਸਮ ਹਥ'** ਹੈ, ਪਕਾ ਨਹੀਂ ਕਿਹਾ ਜਾ ਸਕਦਾ।

ਵੀਰ ਸਿੰਘ

 www.sikhbookclub.com

•

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ, ੧੭-੨-੧੯੫੩

ਪਵਿਤ੍ਰਾਤਮਾ ਜੀਓ

ਹੁਣ ਜਦ ਲੋਕ ਆਏ ਬਾਹਰੋ ਚਲੇ ਗਏ, ਸ਼ਹਰ ਦੀ ਆਵਾਜਾਈ ਘਟੀ, ਪਾਠ ਸਾਧਾਰਣ ਹੋ ਗਏ ਹਨ, ਇੱਕਲ ਮਿਲਦੀ ਹੈ। ਇਸ ਵੇਲੇ ਫੇਰ ਵਿਛੋੜੇ ਦੀ ਉਦਾਸੀ ਆ ਛਾਯਾ ਕਰਦੀ ਹੈ। ਇਹ ਇਨਸਾਨੀ ਦਿਲ ਦੀ ਸਾਈਕਾਲੋਜੀ ਹੈ ਕਿ ਇਕਲ ਜੇਹੀ ਦੇ ਹੋਇਆਂ ਉਦਾਸੀ ਦੌਰਾ ਕਰੇ।

ਹੁਣ ਸ੍ਰੀ ਰਾਜ ਜੀ ਨੂੰ ਸੰਭਾਲਣੇ ਦੀ ਵਧੇਰੇ ਲੋੜ ਹੈ। ਗੁਰੂ ਕਰੇ ਕਿ ਇਹ ਉਦਾਸੀ ਵੈਰਾਗ ਨਾ ਪਵੇ। ਪਰ ਜੇ ਤੁਸੀਂ ਵਧੇਰੇ ਸੰਭਾਲੋ ਤਾ ਚੰਗਾ ਰਹੇਗਾ। ਮੇਰੀ ਵਲੋਂ ਤਾਂ ਫਕੀਰਾਂ ਦੀ ਦੁਆ ਹੀ ਇਕ ਸ਼ੈ ਹੈ। ਮਨਜ਼ੂਰ ਕਰਨੀ ਮਾਲਕ ਦੇ ਵਸ ਹੈ।

ਮੈਂ ਪਾਸ ਕਿਉਂ ਨਹੀਂ? ਮੈਂ ਇਥੇ ਕਿਉਂ ਹਾਂ? ਕਿਸੇ ਖੁਦੀ ਦੇ ਫਿਕਰ ਵਿਚ ਨਹੀਂ ਰਹਿ ਰਿਹਾ। ਸਮਝ ਨਹੀਂ ਪੈਂਦੀ। ਕਰਤੇ ਦੇ ਕੌਤਕ ਲਖੇ ਨਹੀਂ ਜਾਂਦੇ। ਅਜੀਬ ਹਾਲਤਾਂ ਹਨ ਜਿਨ੍ਹਾਂ ਨੇ ਇਸ ਤੋਂ ਪਹਲੋਂ ਟੁਰਨ ਨਹੀਂ ਦਿਤਾ। ਇਹੋ ਸਮਝੀਦਾ ਹੈ ਕਿ **"ਮੇਰੀ ਮਤ ਥੋਰੀ ਰਾਮ"**। ਜੋ ਕਰਤਾ ਪੁਰਖ ਕਰਦਾ ਹੈ ਉਸ ਦੀ ਸੋਝੀ ਉਸੇ ਨੂੰ ਹੈ ਤੇ ਓਹ ਜੋ ਕਰਦਾ ਹੈ higher wisdom (ਉਚੇਰੀ ਸਿਆਣਪ) ਦਾ ਹੁੰਦਾ ਹੈ। ਚਿਤ ਕਰਦਾ ਹੈ, ਜੋ ਸਾਰੀ ਉਮਰ ਯਤਨ ਬੀ ਰਿਹਾ ਹੈ, ਏਕਾਂਤ ਵਾਸੀ ਰਹਨੇ ਦਾ। ਹੁਣ ਮਨ ਵਧੇਰੇ ਏਕਾਂਤ ਲੋਚਦਾ ਹੈ ਪਰ ਹੁਕਮ ਦਾ ਥਹੁ ਨਹੀਂ ਪੈਂਦਾ, ਕਿਵੇਂ ਹੈ? **'ਨਕਿ ਨਥ ਖਸਮ ਹਥ'** ਹੀ ਸਹੀ ਹੁੰਦੀ ਹੈ। ਸੋ ਅਰਦਾਸ ਕਰੋ ਸਾਨੂੰ ਕਰਤਾਰ ਨਾ ਭੁਲੇ।

ਕਰਤਾਰ ਦਾ ਪਯਾਰ ਨਾ ਭੁਲੇ। ਜਿਉ ਮਾਤ ਸੁਤੇ (ਪੂਤਹਿ ਹੇਤ) ਤਿਵੇਂ ਕਰਤਾਰ ਨਾਲ ਪਯਾਰ ਆਵੇ। ਉਸ ਦਾ ਭਾਣਾ ਸਾਡਾ ਜੀਵਨ ਹੋਵੇ। ਹਾਂ ਪਯਾਰਾ ਲੱਗੇ ਪਯਾਰਨ, ਪਯਾਰੂਆ ਵਾਹਿਗੁਰੂ, ਪਿਆਰਾ ਵਾਹਿਗੁਰੂ, ਪ੍ਰੀਤਮ ਵਾਹਿਗੁਰੂ ਸਭ ਤੋਂ ਪਿਆਰਾ ਲਗੇ ਵਾਹਿਗੁਰੂ।

ਹਿਤਕਾਰੀ, ਵੀਰ ਸਿੰਘ

ਮਾਰਚ ਸ਼ੁਰੂ ਟੁਰਨ ਦਾ ਖਯਾਲ ਹੈ। ਤੁਸਾਨੂੰ ਘਰ ਜਾਣੇ ਦਾ ਅਰਥਾਤ ਨੰ-੩ ਵਿਚ ਜਾਣੇ ਦਾ ਕੰਮ ਹੁੰਦਾ ਹੋਸੀ। ਪਰ ਕੁਛ ਦਿਨ ਰਾਜ ਜੀ ਦਾ ਹੁਣ ਫਿਕਰ ਵਧੇਰੇ ਰਖਣਾ।



www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ, ੧੭-੨-੧੯੫੩

ਪਵਿਤ੍ਰਾਤਮਾ ਸ੍ਰੀ ਰਾਜ ਜੀਓ,

ਕਲ ਪਹੁੰਚਾ ਸੀ ੧੫ ਦਾ ਖਤ ਤੇ ਵੇਲਾ ਸੀ ਡਾਕ ਦਾ। ਕਾਹਲੀ ਵਿਚ ਪਾਇਆ ਸੀ ਇਕ ਪਹੁਤੀ ਦਾ ਪਤਰ ਸੰਖੇਪਾ ਜੇਹਾ।

**"ਹਰਿ ਕਾ ਨਾਮੁ ਧਿਆਇਕੈ ਹੋਹੁ ਹਰਿਆ ਭਾਈ॥"**

(ਬਸੰਤ ਕੀ ਵਾਰ ਮਹੱਲ ੫, ਪੰਨਾ ੧੧੯੩)

ਅਸੀਂ ਨਾਮ ਜਪਣ ਆਏ ਹਾਂ—

ਜਿਤਨੇ ਸਾਂਗੇ ਬਣੇ ਪ੍ਰਭੂ ਨੇ ਇਸ ਨਮਿਤ ਬਣਾਏ। ਜੇ ਵਿਛੋੜੇ ਵਿਚ ਰਖ ਲਿਆ, ਤਾਂ ਇਸ ਰੰਗ ਵਿਚ ਨਾਮ ਨੂੰ ਪੂਰਿਆਂ ਕਰਨ ਲਈ ਤੇ ਬਾਕੀ ਕਸਰ ਕਢਣ ਲਈ ਰਖ ਲਿਆ ਕਿ ਸਬਕ ਪੂਰਾ ਹੋ ਜਾਏ।

ਫਿਕਰ! ਫਿਕਰ ਸਾਰੇ ਓਸ ਨੂੰ ਹਨ। ਜਿਸਨੇ ਜੰਮਣ ਤੋਂ ਪਹਲੋਂ ਦੁਧ ਮੁਹਯਾ ਕੀਤਾ ਜਿਸਨੇ ਖਾਣ ਦੀ ਲੋੜ ਤੋਂ ਪਹਲੋਂ ਦੰਦ ਉਗਾਏ। ਜਿਸਨੇ ਵਿਦਯਾ ਦੇ ਪ੍ਰਬੰਧ ਕੀਤੇ। ਜਿਸਨੇ ਜਵਾਨ ਹੋਣ ਤੋਂ ਪਹਲੋਂ ਸੰਗੀ ਸਾਥੀ ਪ੍ਰੀਤਮ ਪੈਦਾ ਕਰ ਦਿਤਾ। ਜਿਸਨੇ ਗੁਰੂ ਸਿੰਘਾਂ ਦੇ ਘਰ ਵਸਾ ਦਿਤਾ। ਜਿਸਨੇ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਯਾ। ਜਿਸਨੇ ਸਤ ਸੰਗ ਮੇਲਿਆ ਜੋ ਹੁਣ ਤਾਈਂ ਗੁਰਬਾਣੀ ਦਾ ਮੀਂਹ ਵਸਾ ਰਿਹਾ ਹੈ। ਉਹ, ਹਾਂ ਓਹੋ ਅਗਲੀ ਯਾਤ੍ਰਾ ਅਪਨੇ ਨਾਮ ਰੰਗ ਵਿਚ ਸਫਲਾਏਗਾ।

ਹਾਂ ਉਹੋ ਸਾਰੇ ਫਿਕਰ ਕਰੇਗਾ :

**"ਸਿਰ ਊਪਰਿ ਠਾਢਾ ਗੁਰੁ ਸੂਰਾ॥**
**ਨਾਨਕ ਤਾਕੇ ਕਾਰਜ ਪੂਰਾ॥੭॥"**

(ਗਉੜੀ ਸੁਖਮਨੀ ਮਹਲਾ ੫, ਪੰਨਾ ੨੯੩)

ਓਸੇ ਦਾ ਲੜ ਫੜੀ ਰਖੋ। ਓਹੋ ਪ੍ਰਭ ਜਨ ਕੇ ਸਾਸ ਨਿਹਾਰੇ ਹੈ। ਓਹੋ **"ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥**

(ਧਨਾਸਰੀ ਮਹਲਾ ੫ - ਪੰਨਾ ੬੮੨)

ਓਹ ਪ੍ਰਭੂ, ਓਹ ਗੁਰੂ ਨਾਨਕ ਤੁਸਾਂ ਦਾ ਸਦਾ ਸਹਾਈ ਰਹੇ।

ਹਿਤਕਾਰੀ, ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੯-੨-੧੯੫੩

ਪਵਿਤ੍ਰਾਤਮਾ ਜੀਓ,

੧੭ ਦਾ ਪਤ੍ਰ ਅਜ ਪੁਜਾ। ਕਲ ੧੬ ਨੂੰ ਫੋਨ ਕੀਤੀ ਸੀ। ਪਤ੍ਰਕਾ ਕਲ ਦੀ ਪੁਜੀ ਹੋਸੀ।

ਕਲ ਸ਼ਾਮਾਂ ਦੇ ਸਾਗਰ-ਦਰਸ਼ਨ ਨੇ ਇਕ ਤੜਪਵੀਂ ਕਵਿਤਾ ਦਿਤੀ ਜਿਸਦੀ ਕਾਪੀ ਨਾਲ ਹੈ।* ਇਹ ਅਗੇ ਗਈਆਂ ਕਵਿਤਾਵਾਂ ਵਿਚ ਸੰਭਾਲ ਰਖਣੀ।

ਜੇ ਸਮਝੋ ਕਿ ਰਾਜ ਜੀ ਸੁਣ ਪੜ੍ਹ ਕੇ ਵਧੇਰੇ ਵੈਰਾਗ ਵਿਚ ਨਾ ਜਾਣਗੇ ਤਾਂ ਸੁਣਾ ਦੇਣੀ ਨਹੀਂ ਤਾਂ ਸਾਂਭ ਰਖਣੀ। ਯੋਗ ਸਮਝੋ ਤਾਂ ਕਾਕਾ ਜੀ ਨੂੰ ਬੀ ਤੇ ਰਾਗੀ ਸਿੰਘਾਂ ਨੂੰ ਬੀ ਸੁਣਾਉਣੀ। ਪਰ ਜੇ ਰਾਜ ਜੀ ਨੂੰ ਨਾ ਸੁਣਾਓ ਤਾਂ ਫੇਰ ਸਾਂਭ ਹੀ ਰਖਣੀ।

ਆਪ ਬੀ ਧਯਾਨ ਦੇ ਕੇ ਸਮਝਣੀ।

ਸ਼ੁਰੂ ਮਾਰਚ ਵਿਚ ਦਿਲੀ, ਫੇਰ ਅੰਮ੍ਰਿਤਸਰ ਜਾਣੇ ਦਾ ਖਯਾਲ ਵਿਸ਼ੇਸ਼ ਹੈ। ਕਾਨਪੁਰ ਦਾ ਵੀਚਾਰ ਅੰਮ੍ਰਿਤਸਰ ਜਾ ਕੇ ਕਰਸਾਂ।

ਗੁਰੂ ਅੰਗ ਸੰਗ।

ਰੂਹ ਦੀ ਤੜਪ ਹੀ ਤਾਂ ਜੀਵਨ ਦਾਤੀ ਹੈ ਤੇ ਤੜਪ ਝਲਣੀ ਖਾਲਾ ਜੀ ਦਾ ਵਾੜਾ ਨਹੀਂ।

ਹਿਤਕਾਰੀ
ਵੀਰ ਸਿੰਘ

---

* 'ਤੜਫਨ' ਨਾ ਦੀ ਇਹ ਕਵਿਤਾ ਅਗਲੇ ਪੰਨੇ ਤੇ ਹੈ। ਇਹ ਕਵਿਤਾ "ਮੇਰੇ ਸਾਂਈਆਂ ਜੀਓ" ਪੁਸਤਕ ਵਿਚ ਪ੍ਰਕਾਸ਼ਿਤ ਹੈ। (ਸੰਪਾਦਕ)

 www.sikhbookclub.com

## ਤੜਫਣ

ਮੈਂ
ਪਰਬਤਾਂ ਤੋਂ ਪਈ ਟੁਰ,
ਮਦਾਨਾਂ ਨੂੰ ਕੱਛਦੀ,
ਥਲਾਂ ਰੇਤੇ ਉਲਾਂਘਦੀ,
ਆ ਖਲੋਤੀ ਕਿਨਾਰੇ
ਸਾਵੇ ਸਾਗਰ ਸੁਹਾਵੇ ਦੇ।

ਲਗਾ ਸੂਰਜ ਸੀ ਨ੍ਹਾਉਣ
ਪੱਛੋਂ ਦੂਰ ਕਿਨਾਰੇ ਸਾਗਰ ਵਿਚ।
ਹੋ ਹਰਿਆਨ ਗਈ ਮੈਂ
ਤੱਕ ਕੇ ਲਹਿਰ ਪਛਾੜ,
ਹਾਂ ਆਪਣੀਆਂ ਅੱਖਾਂ ਦੇ ਕੋਲ,
ਤੱਕ ਕੇ ਲਹਿਰ ਦੀ ਤੜਫਣ
ਅਪਣੇ ਨੈਣਾਂ ਦੇ ਪਾਸ।

ਪੁੱਛਾਂ ਲਹਿਰਾਂ ਨੂੰ ਹਾਇ।
ਕਿਥੋਂ ਲਈ ਨੇ ਤੜਫਨ ਚੁਰਾਇ?
ਕਿ ਲੱਗ ਗਈ ਮੇਰੀ ਏ ਛੋਹ-
ਤੜਫਨ ਮੇਰੀ ਦੀ ਛੋਹ?

'ਸਾਇਂ ਸਾਇਂ' ਕਰੇਂਦੀ ਏ ਲਹਿਰ
ਉਛਲ ਡਿਗੇ ਟਕਰਾਂਦੜੀ ਜਾਇ,
ਘੁੰਮ ਜਾਇ ਤੇ, ਤੜਫ ਤੜਫਾਉ,
ਸ਼ੋਰ ਕਰਦੀਏ ਸਾਇਂ ਸਾਂ ਹਾਇ,


www.sikhbookclub.com

ਮੇਰੀ ਸੱਦ ਸੁਣੇਂਦਾ ਏ ਕੌਣ
ਏਸ ਤੜਫਵੇਂ ਸ਼ੋਰ ਵਿਚਕਾਰ।

ਤਦ ਮੈਂ ਸੂਰਜ ਨੂੰ ਕੀਤੀ ਪੁਕਾਰ
ਅਵੇ ਚਾਨਣੇ ਵੀਰਾ! ਵੇ ਵੀਰ।
ਏਸ ਲਹਿਰ ਦਾ ਤੜਪ ਤੜਪਾਉ
ਹੈ ਕਦੋਕਣਾਂ* ? ਆਇਆ ਏ ਕਿਥੋਂ?
ਦੱਸ ਮੁੱਕਮੀ ਕਦੋਂ ਏ ਵੀਰ?

ਸੂਰਜ- ਮੈਂ ਹੀ ਹਾਂ ਦੋਸ਼ੀ, ਸੁਣ ਨਾਰ।
ਖਿਚ ਲਹਿਰ ਨੂੰ ਪਾਂਦਾ ਹਾਂ ਮੈਂ
ਉਹ ਉਛਲੇ ਤੜਪੇ ਮਿਲਨ ਨੂੰ ।
ਮਿਲ ਸਕੇ ਵਿਚਾਰੀ ਨ ਹਾਇ।
ਵਿਚ ਪਈ ਏ 'ਦੂਰੀ' ਵਿਸ਼ਾਲ।
ਦੂਰੀ ਦੂਤੀ ਏ ਬਿਰਹੋਂ ਦੀ ਖਾਸ।

ਮੈ- ਦੱਸ ਸੁਹਣਿਆਂ ਮੈਨੂੰ ਇਕ ਗੱਲ:
ਲਗੈਂ ਵੜਨ ਕਲਾਈ ਦੇ ਵਿੱਚ
ਇਸ ਤੜਫਦੀ ਲਹਿਰ ਦੇ ਤਾਂਈਂ
ਲਗਨੈਂ ਛੁਹੰਦਾ ਤੂੰ ਲਹਿਰ ਦੇ ਨਾਲ
ਮੁਕ ਚੱਲੀ ਏ 'ਦੂਰੀ' ਹੋ ਦੂਰ,
ਜੋ ਤੂੰ ਦੱਸਨੈਂ ਤੜਫਨੀ ਲਾਇ।
ਸੂਰਜ- ਜਿਥੇ ਖੜੀ ਏਂ ਸੁਹਣੀਏ ਨਾਰ।
ਜਿਥੇ ਮੈਂ ਪਿਆ ਦਿੱਸਨਾਂ ਨਾਲ-
ਇਕੋ ਜੇਹੀ ਹੈ "ਦੂਰੀ" ਵਿਚਾਲ-
ਇਸ ਲਹਿਰ ਤੇ ਮੇਰੇ ਵਿਚਕਾਰ;
ਹਾਂ, ਤੜਫਦੀ 'ਲਹਿਰ' ਮੈਂ ਵਿਚ।

---

* ਕਦੋਕਣਾਂ – ਕਿਤਨੀ ਦੇਰ ਤੋਂ?


www.sikhbookclub.com

ਹੈ ਦੂਰੀ ਹੀ ਦੂਰੀ ਹੇ ਨਾਰ।
ਤੇਰਾ 'ਨਜ਼ਰ-ਭੁਲੇਵਾਂ' ਮੁਟਿਆਰ।
ਤੈਨੂੰ ਦੱਸ ਰਿਹਾ ਹੋਰ ਤੋਂ ਹੋਰ।

ਮੈਂ- ਕਿਉਂ ਤੜਫਨੀ, ਸੂਰਜ! ਕਿਉ,
ਕਿਸ ਸਾਜੀ ਏ ਉਛਲ ਓਛਾਲ?
ਹਿੱਸੇ ਬਖਰੇ ਅਸਾਡੇ ਇਹ "ਤੜਫਣ"
ਕਿਵੇਂ ਪਈ ਏ ਚਾਨਣਾਂ! ਆਇ।

ਸੂਰਜ- ਖਿੱਚ ਲਾਓਣੀ ਆਈ ਮੈਂ ਹਿੱਸੇ
ਹਾਂ ਅਜ਼ਲ ਤੋਂ ਆਈ ਏ, ਨਾਰ।
ਖਾਣੀ ਲਹਿਰ ਦੇ ਹਿੱਸੇ ਹੈ ਖਿੱਚ
ਇਹ ਬੀ ਅਜ਼ਲ ਤੋਂ ਆਈ, ਮੁਟਿਆਰ।

ਮੈਂ- ਕਿਸਨੇ ਸਾਜੀ ਏ ਤੜਫਵੀਂ ਖਿੱਚ?

ਸੂਰਜ- ਖਿੱਚਾਂ ਵਾਲੇ ਨੇ ਘੜੀ ਦੇ ਖਿੱਚ,
ਖਿੱਚ ਖਾਕੇ ਤੜਫਨ ਤੇ ਉਛਲਨ
ਇਹ ਭੀ ਉਸੇ ਨੇ ਸਾਜਿਆ ਸੀਗ।
ਮੱਥੇ ਲਹਿਰ ਦੇ ਲਿਖੀ ਉਸ ਤੜਫਨ,
ਤੇਰੇ ਕਾਲਜੇ ਤੜਫਨੀ ਪਾਈ।
'ਤੜਫਨ-ਚੀਸ' ਦੇ ਹਈ ਵਿਚਾਲ
'ਜਿੰਦ-ਰਾਣੀ' ਦਾ ਕੁਈ ਨੀ ਭੇਦ।
ਇਸ ਨੂੰ ਝਲਦਿਆਂ ਸੁਹਣੀਏ! ਸ਼ਾਯਦ
ਖੁੱਲ੍ਹ ਪਵੇ ਲੁਕੋਇਆ ਓ ਭੇਦ।
ਝੱਲ ਝੱਲ ਜੇ ਸਕਨੀਏ ਝੱਲ
ਖੁੱਲ ਪਏ ਓ ਅਜ਼ਲ ਦਾ ਭੇਦ।

(ਮੇਰੇ ਸਾਂਈਆਂ ਜੀਓ)

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੯-੨-੧੯੫੩

ਪਵਿਤ੍ਰਾਤਮਾ ਜੀਓ,

੧੭ ਦਾ ਪਤ੍ਰ ਅਜ ਪੁਜਾ। ਕਲ ਸਵੇਰੇ ਫੋਨ ਕੀਤੀ ਸੀ। ਤੁਸਾਂ ਸੁਣੀ ਸੀ। ਹੋਰ ਕੀਹ ਕਹਿਆ ਜਾਏ।

**"ਨਦਰਿ ਕਰੇ ਤਾ ਸਿਮਰਿਆ ਜਾਏ॥
ਆਤਮਾ ਦ੍ਰਵੈ ਰਹੈ ਲਿਵਲਾਇ॥"**

(ਧਨਾਸਰੀ ਮਹਲਾ ੧, ਪੰਨਾ ੬੬੧)

ਮਨ ਦ੍ਰਵਣ ਦਾ ਵੇਲਾ ਲਿਵ ਲਾਉਣ ਦਾ ਵੇਲਾ ਹੁੰਦਾ ਹੈ। ਮਨ ਕਠੋਰ ਨਹੀਂ ਕਰਨਾ। ਪਰ ਜਦ ਦ੍ਰਵੇ ਉਸ ਵੇਲੇ ਨਾਮ ਦੀ ਲਿਵ ਲਾਵੇ।

**"ਅਜਰੁ ਜਰੈ ਤ ਨਉ ਕੁਲ ਬੰਧੁ॥"**

(ਸਲੋਕ ਮਹਲਾ ੧, ਪੰਨਾ ੧੨੮੯)

ਸਾਈਂ ਦੇ ਪਯਾਰੇ ਸਾਈਂ ਨਾਲੋਂ ਨਹੀਂ ਵਿਛੜਦੇ। ਓਹ ਸੰਗ-ਦਿਲ ਨਹੀਂ ਜੋ ਪਯਾਰਿਆਂ ਨੂੰ ਭੁਲ ਜਾਣ। ਓਹ ਕਾਗਜ਼ ਦੀ ਨਾਉ ਨਹੀਂ ਜੋ ਰੁੜ ਜਾਣ।

ਓਹ ਸਾਈ-ਲਿਵ ਜਾਗੇ ਸਦਾ ਜੀਉਂਦੇ, ਜੀਉਂਦੀਆਂ ਤ੍ਰਬਕਾਂ ਵਾਲੇ ਸਾਈਂ ਪਯਾਰ ਵਿਚ ਹੁਲਾਰੇ ਲੈਂਦੇ ਹਨ।

**"ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥
ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥"**

(ਵਾਰ ਆਸਾ, ਸਲੋਕ ਮਹਲਾ ੧, ਪੰਨਾ ੪੭੩)

ਗੁਰੂ ਅੰਗ ਸੰਗ

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੨੧-੨-੧੯੫੩

ਪਵਿਤ੍ਰਾਤਮਾ ਜੀਓ,

**"ਮਨ ਹਰਿ ਕੀਰਤਿ ਕਰਿ ਸਦਹੂੰ"**
(ਦੇਵਗੰਧਾਰੀ, ਪੰਨਾ ੫੨੯)

੧੮ ਦਾ ਪਤ੍ਰ ਪਹੁੰਚਾ। ਤੁਸਾਂ ਦੀ ਸੁਰਤ ਹੁਣ ਟਿਕਾਣੇ ਆ ਰਹੀ ਹੈ, ਇਹ ਮੇਹਰ ਹੈ।

**ਕਿਸ ਕੰਮ ਆਏ ਹਾਂ ਏਥੇ?**
**"ਆਇਓ ਸੁਨਨ ਪੜਨ ਕਉ ਬਾਣੀ"**
(ਸਾਰਗ ਮਹਲਾ ੫, ਪੰਨਾ ੧੨੧੯)

ਸੋ ਲਗੇ ਰਹੋ। ਸਮਾਂ ਇਸੇ ਲਗਨ ਵਿਚ ਸਫਲਾ ਰਹੇ ਹੋ। ਗੁਰੂ ਅੰਗ ਸੰਗ ਰਹੇ। ਏਥੇ ਸਬਕ ਪਕਾਕੇ ਡਿਗਰੀ ਲੈ ਕੇ ਟੁਰਨਾ ਹੈ। ਇਹ ਜਗ ਪਾਠਸ਼ਾਲਾ ਹੈ, ਪੜਨ ਆਏ ਹੋਏ ਹਾਂ।

**"ਗੁਰਮੁਖਿ ਲਾਹਾ ਲੈ ਗਏ।**
**ਮਨਮੁਖ ਚਲੇ ਮੂਲੁ ਗਵਾਇ ਜੀਓ"**
(ਸਿਰੀ ਰਾਗ ਮਹਲਾ ੫, ਪੰਨਾ ੭੪)

ਅਸੀਸ - ਨਾਮ ਚਿਤ ਰਹੇ।
ਸਾਰੇ ਪਰਵਾਰ ਜੋਗ ਅਸੀਸ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੨੧-੨-੧੯੫੩

ਪਵਿਤ੍ਰਾਤਮਾ ਜੀਓ,

੧੮ ਦਾ ਪਤ੍ਰ ਪਹੁੰਚਾ। ੧੯ ਦਾ ਪਤ੍ਰ ਪਹੁੰਚਾ।

੩ ਮਾਰਚ ਨੂੰ ਜੋ ਅਖੰਡ ਪਾਠ ਦਾ ਭੋਗ ਪਾਉਣਾ ਹੈ ਉਹ ਭੋਗ ਜੀ ਸਵੇਰੇ ਪੈਣਗੇ ਕਿ ਸ਼ਾਮਾਂ ਨੂੰ ਤੇ ਕਿੰਨੇ ਵਜੇ ?

ਮੇਰਾ ਪਹੁੰਚਣਾ ਭੋਗ ਤੋਂ ਪਹਿਲੇ ਠੀਕ ਹੈ ਕਿ ਮਗਰੋਂ?

ਭੀੜ ਵਿਚ ਪਹੁੰਚਿਆ ਪਤਾ ਲਗ ਜਾਣ ਤੇ ਲੋਕੀ ਥਕਾਨ ਸਫਰ ਬੀ ਨਹੀਂ ਲਾਹੁਣ ਦੇਣਗੇ। ਮੇਰੀ ਤਬੀਅਤ ਬੀ ਪਤਾ ਨਹੀਂ ਉਸ ਵੇਲੇ ਕਿਸ ਵੀਚਾਰ ਯਾ ਕਿਸ Emotion (ਜਜ਼ਬੇ) ਵਿਚ ਹੋਵੇ।

ਅਸਾਂ ਅਜੇ ਤ੍ਰੀਕ ਦਾ ਫੈਸਲਾ ਕਰਨਾ ਹੈ। ਇਕ ਤਾਂ ਤੁਸਾਂ ਦੇ ਜਵਾਬ ਆਣੇ ਤੇ ਦੂਜੇ ਢੇਡਾ ਰਾਮ ਜੀ ਨੇ ਅਪਨਾ ਵਕਤ ਦਾ ਵੀਚਾਰ ਕਰਨਾ ਹੈ।

ਸ੍ਰੀ ਰਾਜ ਜੀ ਤੇ ਤੁਸਾਂ ਜੀ ਦਾ ਜੋ ਖਯਾਲ ਅੰਮ੍ਰਿਤਸਰ ਚਲਣੇ ਦਾ ਸੋ ਚਲੋ ਜੀ, ਸਦਾ welcome (ਸੁਆਗਤ) ਹੈ। ਓਥੇ ਰਹਿਕੇ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਕੇ ਗੁਰੂ ਮੇਹਰਾਂ ਨਾਲ ਤਬੀਅਤ ਬਦਲਣ ਵਿਚ ਸਹੈਤਾ ਮਿਲਸੀ। ਅੰਮ੍ਰਿਤਸਰ ਰਾਜ ਜੀ ਦਾ, ਤੁਸਾਂ ਜੀ ਦਾ ਅਪਨਾ ਘਰ ਹੈ।

ਸ੍ਰੀ ਰਾਜ ਜੀ ਦੀ ਸੁਰਤ ਟਿਕਾਣੇ ਆਈ ਜਾਣਾ ਮਿਹਰਾਂ ਵਾਲੇ ਦੀ ਮੇਹਰ ਹੈ

ਅਸੀਸ ਸਾਰੇ ਪਰਿਵਾਰ ਜੋਗ

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੨੩-੨-੧੯੫੩

ਪਵਿਤ੍ਰਾਤਮਾ ਜੀਓ,

੨੦-੨-੧੯੫੩ ਦਾ ਤੇ ੨੨-੨-੧੯੫੩ ਦਾ ਦੁਇ ਖਤ ਅਜ ਪਹੁੰਚੇ। ਇਹ ਵਾਚ ਕੇ ਕਿ ਰਾਜ ਜੀ ਸੁਖੀ ਹਨ ਸੁਖ ਹੋਇਆ।

ਅਸੀਂ ਅਜੇ ਤੁਰਨੇ ਦੀ ਠੀਕ ਤ੍ਰੀਕ ਨੀਯਤ ਨਹੀਂ ਕੀਤੀ। ਆਪ ਜੀ ਦੇ ਲਿਖੇ ਸ੍ਰੀ ਭੋਗ ਜੀ ਦੇ ਪ੍ਰੋਗਰਾਮ ਨੂੰ ਸਮਝ ਲਿਆ ਹੈ।

ਤੁਸਾਂ ਦੁਇ ਅੰਮ੍ਰਿਤਸਰ ਅੰਮ੍ਰਤਮਯ ਰੰਗ ਵਿਚ ਚਲੋ, 'ਨਾਮ ਨ ਵਿਸਰੇ ਸਦਾ ਅੰਗ ਸੰਗ ਰਹੇ।'

**"ਫੀਕੇ ਹਰਿ ਕੇ ਨਾਮ ਬਿਨੁ ਸਾਦ"**
(ਸਾਰੰਗ ਮਹਲਾ ੫, ੧੨੧੯)

ਗੁਲੇਰੀਏ ਜੀ ਦੇ ਘਰ ਭੋਗ ਤੇ ਹੋ ਆਏ, ਭਲਾ ਹੋਇਆ।
ਹੋਰ ਮਿਹਰ ਹੈ ਗੁਰੂ ਕੀ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੨੪-੨-੧੯੫੩

ਪਵਿਤ੍ਰਾਤਮਾ ਜੀਓ,

੨੧-੨-੫੩ ਦਾ ਪਤ੍ਰ ਪਹੁੰਚਾ।

**"ਤੂੰ ਮੇਰੋ ਮੇਰੁ ਪਰਬਤੁ ਸੁਆਮੀ ਓਟ ਗਹੀ ਮੈਂ ਤੇਰੀ"**
(ਰਾਮਕਾਲੀ ਕਬੀਰ,ਪੰਨਾ ੯੬੯)

**"ਸੂਖ ਮਹਲ ਜਾਕੇ ਊਚ ਦੁਆਰੇ"**
(ਸੂਹੀ ਮਹਲਾ, ਪੰਨਾ ੭੩੯)

**"ਊਚੇ ਤੇ ਊਚ ਅਪਾਰ"**
(ਰਾਮਕਾਲੀ ਮਹਲਾ ੩, ਪੰਨਾ ੮੯੫)

ਦੈਵੀ ਤੁਕਾਂ ਵਾਲਾ ਪਤ੍ਰ ਮਿਲਿਆ। ਥੈਂਕਸ

poet (ਕਵੀ) ਹੋ ਗਏ ਹੋ। ਹਾਂ Divine poetry (ਰੂਹਾਨੀ ਕਵਿਤਾ) ਦੇ reciter (ਗਾਇਕ) ਹੋ ਗਏ ਹੋ।

ਇਨਾਮ-

ਤ੍ਰੈ ਕਵਿਤਾਵਾਂ ਹੋਰ ਘਲਦਾ ਹਾਂ। ਵਾਚ ਕੇ, ਸਮਝ ਕੇ ਸਾਂਭ ਰਖਣੀਆਂ। ਕੋਈ ਕਵਿਤਾ ਕਿਸੇ ਕੀ ਸਨਾਉਣੀ ਮੁਨਾਸਬ ਸਮਝੋ ਤਾਂ ਖੁਸ਼ੀ ਪਰ ਕਾਪੀ ਕਿਸੇ ਨੂੰ ਨਾ ਦੇਣੀ।

ਗੁਰੂ ਅੰਗ ਸੰਗ
ਸ੍ਰੀ ਰਾਜ ਜੋਗ ਅਸੀਰ

**"ਤੈਨੂੰ ਰਬ ਨ ਭੁਲੇ ਦੁਆ ਫ਼ਕੀਰ ਦੀ ਏਹਾ"**

ਹਿਤਕਾਰੀ
ਵੀਰ ਸਿੰਘ


www.sikhbookclub.com

## ਕੇਰੂ ਪਹਾੜ

ਸਬਰਾਂ ਦੇ ਹੁਜਰੇ 'ਚ ਵਾਸਾ ਮਿਲਿਆ, ਕੇਰੂ ਪਹਾੜ ਦੇ ਲਾਗੇ।
ਪੱਥਰ ਤੇ ਪੱਥਰ ਆ ਹੁਜਰੇ ਤੇ ਪੈਂਦੇ, ਕੜਕਣ ਤੇ ਦੇਵਣ ਧਮਾਕੇ।

ਇਕ ਦੀ ਸੱਟ ਤੇ ਸੱਦ ਨ ਮੁਕਦੀ, ਹੋਰ ਨਵੇਂ ਆ ਆ ਪੈਂਦੇ।
ਬੰਦੀ ਤੁਸਾਡੀ ਦਾ ਵਿੱਤ ਨਿਤਾਣਾ, ਜਾਣੋ ਤੁਸੀਂ ਸ਼ਹੁ ਜੀ ਆਪੇ। *

---

* ਇਹ ਕਵਿਤਾ ਗੁਰਲੀਲਾ ਜੀ ਦੁਆਰਾ ਚਿੱਠੀ ਦੇ ਉਤਾਰੇ ਹੇਠਾਂ ਲਿਖੀ ਹੋਈ ਹੈ। ਸ਼ਾਇਦ ਉਹਨਾਂ ਤਿੰਨਾਂ ਵਿਚੋ ਇਕ ਜਿਨ੍ਹਾਂ ਦਾ ਖਤ ਵਿਚ ਜ਼ਿਕਰ ਹੈ ਅਤੇ "ਮੇਰੇ ਸਾਂਹੀਆਂ ਜੀਓ" ਵਿਚ ਛਪ ਚੁੱਕੀ ਹੈ। (ਸੰਪਾਦਕ)


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੨੫-੨-੧੯੫੩

ਪਵਿਤ੍ਰਾਤਮਾ ਜੀਓ- ਸ੍ਰੀ ਰਾਜ ਜੀਓ,

ਕਲ ਡਾਕਟਰ ਹੀਰਾ ਸਿੰਘ ਜੀ ਆਏ। ਉਨ੍ਹਾਂ ਨੇ ਦਸਿਆ ਕਿ ਕਿਵੇਂ ਤੁਸਾਂ ਸਾਰਿਆਂ ਨੇ ਘਰ ਨੂੰ ਬਾਣੀ ਤੇ ਪਾਠਾਂ ਤੇ ਭੋਗਾਂ ਨਾਲ ਸਵਰਗ ਬਣਾ ਰਖਿਆ ਹੈ ਤੇ ਸ਼ਾਂਤਮਯ ਮੰਡਲ ਵਿਚ ਸਾਈਆਂ ਜੀ ਦੀ ਰਜ਼ਾ ਨੂੰ ਮਿਠਾ ਕਰ ਮੰਨ ਰਹੇ ਹੋ।

ਇਸੇ ਪ੍ਰਕਾਰ ਦਾ ਸਨੇਹਾ ਦਲਜੀਤ ਸਿੰਘ, ਤੇਜਾਂ ਜੀ ਦੇ ਕਾਕੇ ਨੇ ਦਿਤਾ ਜੋ ਡੇਹਰੇ ਤੋਂ ਦਿਲੀ ਹੋਕੇ ਆਯਾ ਸੀ। ਵਿਛੋੜੇ ਭੁਲਦੇ ਨਹੀਂ, ਪਯਾਰ ਤਣਾਵਾਂ ਜੁ ਡੂੰਘੀਆਂ ਹਨ - ਪਰ ਓਹ ਜੀਉਂਦੇ ਵਸਦੇ-ਸੁਖੀ ਵਸਦੇ-ਪ੍ਰਭੂ ਦੇ ਦੇਸ ਵਸਦੇ - ਦਿੱਸਣ ਤੇ ਮਨ ਮਿਲਨ ਦੇ ਆਸ ਰੰਗਾਂ ਵਿਚ ਹਿਲੋਰੇ ਲੈਂਦਾ 'ਸਾਂਈਆਂ ਪ੍ਰਭੂ' 'ਸਾਂਈਆਂ ਪ੍ਰਭੂ', ਕਰਦਾ ਰਹੇ ਤਾਂ "ਦੁਖ ਵਿਚ ਸੂਖ ਮਨਾਈ" ਹੋ ਜਾਂਦਾ ਹੈ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੨੬-੨-੧੯੫੩

ਪਵਿਤ੍ਰਾਤਮਾ ਜੀਓ,

੨੫ ਦਾ ਪ੍ਰਤ ਤੁਸਾਂ ਜੀ ਦਾ ਹੁਣੇ ਪੁਜਾ ਹੈ। ਸਾਡੀ ਟੁਰਨ ਦੀ ਤ੍ਰੀਕ ਨੀਅਤ ਅਜੇ ਨਹੀਂ ਹੋਈ। ਫਰਵਰੀ ਏਥੇ ਤਾਂ ਬਿਤਾਣਾ ਹੈ। ਢੇਟਾਂ ਰਾਮ ਜੀ ਦੇ ਦਿੱਲੀ ਦੇ ਵਕਤ ਸਾਡੇ ਟੁਰਨ ਵਿਚ adjustment (ਤਾਲਮੇਲ) ਹੋਣੀ ਹੈ। ਪਰ ਮਾਰਚ ਦੇ ਅਰੰਭ ਵਿਚ ਖਯਾਲ ਟੁਰਨੇ ਦਾ ਹੈ। ਅਪਨੀ ਤਬੀਅਤ ਹੁਣ ਇਥੋਂ ਟੁਰਨ ਨੂੰ ਕੁਝ ਕਾਹਲੀ ਹੈ। ਕਿਸੇ ਥਾਂ ਜੀਵ ਦਾ ਮੁਕਾਮ ਨਹੀਂ। ਦੁਨੀਆ ਮੁਸਾਫ਼ਰ ਖਾਨਾ ਹੈ। ਇਸ ਵਿਚ ਫੇਰ ਥਾਂ ਥਾਂ ਅਦਲੀ ਬਦਲੀ ਦੇ ਸਫਰ ਪੈਂਦੇ ਹਨ। ਜਿਵੇਂ ਸੁਪਨੇ ਵਿਚ ਸੁਫਨਾ ਹੁੰਦਾ ਹੈ।

ਅਸਲ ਵਿਚ "ਨਕਿ ਨਥ ਖਸਮ ਹਥ ਹੈ", ਕਿਰਤੁ ਧਕੇ ਦੇਂਦੀ ਹੈ ਤੇ ਅਨ ਜਲ ਥਾਂ ਥਾਂ ਦੀ ਸੈਰ ਕਰਵਾਂਦਾ ਹੈ। ਐਉਂ ਹੀ ਕਰਤਾ ਪੁਰਖ ਤੇ ਟੇਕ ਬਝੀ ਰਹੇ ਤਾਂ ਮਨ ਅਚਿੰਤ ਹੋਕੇ ਸਿਮਰਦਾ ਰਹਿੰਦਾ ਹੈ। ਜੋ ਮੁਖ ਪ੍ਰਯੋਜਨ ਹੈ ਤੇ ਜਿਸ ਲਈ ਆਏ ਹੋਏ ਹਾਂ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੨੬-੨-੧੯੫੩

ਪਵਿਤ੍ਰਾਤਮਾ ਜੀਓ,

ਇਸ ਦੇ ਨਾਲ ਇਕ ਸ਼ਬਦ ਹੈ* ਇਸਦੀ ਵੀਚਾਰ ਸੁਖ ਦੇਸੀ। ਜੇ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ ਕੀਰਤਨ ਵਿਚ ਸੁਨਾਉਣ ਤੇ ਵਧੇਰੇ ਸੁਰਤ ਨੂੰ ਸੁਖੀ ਤੇ ਉਚਿਆਂ ਕਰਸੀ।

**"ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮਭੀ ਸੰਗਿ ਅਘਾਏ।"**

ਗੁਰੂ ਅੰਗ ਸੰਗ
ਨਾਮ ਦਾ ਰੰਗ

ਹਿਤਕਾਰੀ
ਵੀਰ ਸਿੰਘ

ਹੁਣੇ ਡਾਕ ਫੇਰ ਆਈ ਹੈ ਤੇ ਆਪਦਾ ੨੫ ਦਾ ਪਤ੍ਰ ਪੁਜਾ ਹੈ। ਗੁਰੂ ਅੰਗ ਸੰਗ ਰਹੇ। ਤਕੜੇ ਹੋਵੋ। ਜਦ ਆਪ ਬੀ ਚਲਣਾ ਹੈ ਸਭ ਨੇ ਤਦ ਸਫਲ ਕਰੀਏ ਮਿਲਿਆ ਤੇ ਬਾਕੀ ਰਹਿੰਦਾ ਸਮਾ।

ਗੁਰੂ ਅੰਗ ਸੰਗ ਰਹੇ।

ਵੀਰ ਸਿੰਘ

---

* ਇਹ ਪੂਰਾ ਸ਼ਬਦ ਅਗਲੇ ਪੰਨੇ ਉਤੇ ਪੜ੍ਹੋ ਜੀ – ਸੰਪਾਦਕ

 www.sikhbookclub.com

ਰਾਮਕਲੀ ਮਹਲਾ ੫

ਤੂ ਦਾਨਾ ਤੂ ਅਬਿਚਲੁ ਤੂਹੀ ਤੂ ਜਾਤਿ ਮੇਰੀ ਪਾਤੀ॥
ਤੂ ਅਡੋਲੁ ਕਦੇ ਡੋਲਹਿ ਨਾਹੀ ਤਾ ਹਮ ਕੈਸੀ ਤਾਤੀ॥੧॥

ਏਕੈ ਏਕੈ ਏਕ ਤੂਹੀ॥ ਏਕੈ ਏਕੈ ਤੂ ਰਾਇਆ॥
ਤਉ ਕਿਰਪਾ ਤੇ ਸੁਖੁ ਪਾਇਆ॥੧॥ ਰਹਾਉ॥

ਤੂ ਸਾਗਰ ਹਮ ਹੰਸ ਤੁਮਾਰੇ ਤੁਮ ਮਹਿ ਮਾਣਕ ਲਾਲਾ॥
ਤੁਮ ਦੇਵਹੁ ਤਿਲੁ ਸੰਕ ਨ ਮਾਨਹੁ ਹਮ ਭੁੰਚਹ ਸਦਾ ਨਿਹਾਲਾ॥੨॥

ਹਮ ਬਾਰਿਕ ਤੁਮ ਪਿਤਾ ਹਮਾਰੇ ਤੁਮ ਮੁਖਿ ਦੇਵਹੁ ਖੀਰਾ॥
ਹਮ ਖੇਲਹ ਸਭਿ ਲਾਡ ਲਡਾਵਹ ਤੁਮ ਸਦ ਗੁਣੀ ਗਹੀਰਾ॥੩॥

ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ॥
ਮਿਲਤ ਮਿਲਤ ਮਿਲਤ ਮਿਲਿ ਰਹਿਆ
ਨਾਨਕ ਕਹਣੁ ਨ ਜਾਏ॥੪॥੬॥

(ਪੰਨਾ ੮੮੪)

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਉਹਨ ਬੰਬੇ
੨੮-੨-੧੯੫੩

ਪਵਿਤ੍ਰਾਤਮਾ ਜੀਓ,

੨੬ ਦਾ ਪਤ੍ਰ ਅਜ ਬੰਬੇ ਪੁਜਾ ਤੇ ਓਥੋਂ ਘਰ ਦਾ ਨੌਕਰ ਏਥੇ ਲੈਕੇ ਆਯਾ। ਏਥੇ ਕਲ ਦਿਨ ਢਲੇ ਪੁਜੇ ਸਾਂ। ਬੰਬੇ ਕੁਛ ਸਰੀਰ ਥਕ ਜਿਹਾ ਗਿਆ ਸੀ।

ਗੁਰਬਾਣੀ ਦਾ ਪ੍ਰਭਾਓ ਸੁਖ ਕਰੇ। ਬਾਣੀਆਂ ਵਾਲਾ ਗੁਰੂ ਜਿਥੇ ਉਸਦੀ ਬਾਣੀ ਹੋਵੇ ਆਪ ਬੀ ਹੁੰਦਾ ਹੈ। ਬਿਰਹੋਂ ਦੇ ਘਾਉ ਡੂੰਘੇ ਮਨ ਵਿਚ ਜਾਂਦੇ ਹਨ, ਭਰਦਿਆਂ ਦੇਰ ਲਗਦੀ ਹੈ। ਪਰ ਗੁਰਬਾਣੀ ਦੀ ਮਲ੍ਹਮ ਨਾਲ ਓਹ ਛੇਤੀ ਭਰ ਆਉਂਦੇ ਹਨ। ਬਾਣੀਆਂ ਦਾ ਮਾਲਕ ਅਪਨੀ ਹਜ਼ੂਰੀ ਲਖਾਉਂਦਾ ਰਹੇ ਤੇ ਅਪਣੀ ਪਯਾਰ ਕਲਾਈ ਵਿਚ ਸੰਭਾਲੀ ਰਖੇ।

ਮੇਰੇ ਟੁਰਨੇ ਦਾ ਦਿਨ ਨਹੀਂ ਨੀਯਤ ਹੋਯਾ। ਜੋ ਮੇਰਾ ਇਕ ਏਥੇ ਨਿਜ ਦਾ ਕੰਮ ਹੈਸੀ ਉਹ ਕੰਮ ਆਸ ਸੀ ਅਜਕਲ ਜੋ ਛੁਟੀਆਂ ਵਿਚ ਹੋ ਜਾਸੀ ਤਾਂ ੩ ਤਕ ਟੁਰ ਪੈਸਾਂ। ਪਰ ਉਹ ਨਹੀਂ ਹੋ ਸਕਿਆ। ਉਹ ਹੋ ਜਾਂਦਾ ਤਾਂ ਅਸੀਂ ਤ੍ਰੀਕ ਲਿਖ ਘਲਦੇ ਤੇ "ਉਹਨ" ਸਾਯਦ ਸੁਖ ਆਉਂਦੇ। ਕੰਮ ਮੇਰੇ ਹੁੰਦੇ ਹੀ ਹੋਣ ਵਾਲਾ ਹੈ। ਸੋ ਅਟਕੇ ਹਾਂ।

ਹੁਣ ਕਲ ਵਾਪਸ ਜਾਵਾਂਗੇ। ਜੇ ਕੰਮ ਸੋਮਵਾਰ ਮੰਗਲਵਾਰ ਤਕ ਸਿਰੇ ਚੜ੍ਹ ਗਿਆ ਤਾਂ ਸੋਮ ਮੰਗਲ ਖਤ ਪਾ ਦੇਸਾਂ। ਮੈਨੂੰ ਚਾਹੀਦਾ ਸੀ ਕਿ definite (ਨਿਸਚਿਤ) ਜ਼ੁਾਬ ਆਪਦੇ ਪਤ੍ਰ ਦਾ ਦੇਂਦਾ ਪਰ ਹੋ ਨਹੀਂ ਸਕਿਆ। ਇਸ ਕਰਕੇ ਠੀਕ ਤ੍ਰੀਕ ਮੁਕਰਰ ਨਹੀਂ ਕਰ ਸਕਿਆ ਤੇ ਨ ਲਿਖ ਸਕਿਆ ਹਾਂ। ਆਸਾ ਹੈ mind (ਮਹਿਸੂਸ) ਨਹੀਂ ਕਰੋਗੇ।

ਸ੍ਰੀ ਰਾਜ ਜੋਗ **'ਹਰਿ ਹਰਿ ਨਾਮ ਸੁਹੇਲਾ'** ਦਾ ਸੁਨੇਹਾ ਦੇਣਾ। ਸਾਰੇ ਪਰਵਾਰ ਜੋਗ ਸਤਿ ਸ੍ਰੀ ਅਕਾਲ। ਅਸੀਸ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੯੫੨

ਪਯਾਰੇ ਭਗਤ ਸਾਹਿਬਾਨ ਤੇ ਭਗਤ ਪਰਿਵਾਰ ਜੀਓ ਜੀ

ਆਪ ਜੀ ਦੇ ਬਜ਼ੁਰਗ ਤੇ ਪਰਮ ਸਤਕਾਰ ਯੋਗ ਪੂਜਨੀਕ ਹਸਤੀ ਸ੍ਰੀ ਭਗਤ ਜੀ ਦੇ ਅਚਾਨਕ ਪਿਆਨੇ ਸਦੈਵੀ ਘਰਾਂ ਵਲ ਹੋ ਜਾਣ ਦੀ ਖਬਰ ਸੁਣ ਕੇ ਬਹੁਤ ਸ਼ੋਕ ਹੋਇਆ ਹੈ।

ਉਨ੍ਹਾਂ ਦੀ ਜੀਵਨੀ ਇਕ ਕੀਮਤੀ ਜਿੰਦਗੀ ਸੀ ਜੋ ਹਰ ਪਹਲੂ ਤੋਂ ਸਤਕਾਰ ਯੋਗ ਸੀ। ਪਰਉਪਕਾਰ ਵਿਚ ਤਾਂ ਇੰਨੇ ਤਤਪਰ ਰਹਿੰਦੇ ਸਨ ਕਿ ਹਰ ਮੌਕੇ ਨੂੰ ਸਫਲ ਕਰਦੇ, ਸਗੋਂ ਕਈ ਵੇਰ ਵਿਤੋਂ ਵਧਕੇ ਬੀ ਉਪਕਾਰ ਕਰ ਗੁਜ਼ਰਦੇ ਸੇ। ਕਾਨੂੰਨੀ ਕਾਬਲੀਅਤ ਤੇ ਆਮ ਵਿਦਵਤਾ ਉਨਾਂ ਦੀ ਅਪਨੇ ਸਮੇ ਮੰਨੀ ਪ੍ਰਮਨੀ ਸੀ। ਆਪ ਸਾਰਿਆਂ ਲਈ ਇਹ ਵਿਯੋਗ ਇਕ ਨਾ ਪੂਰੇ ਹੋਣ ਵਾਲਾ ਵਿਛੋੜਾ ਹੈ। ਆਪ ਜੀ ਦੀ ਪਤਿਬ੍ਰਤਾ ਧਰਮ ਦੀ ਦੇਵੀ ਮਾਤਾ ਜੀ ਲਈ ਉਮਰ ਭਰ ਦੇ ਪੂਜ ਸਾਥੀ ਦਾ ਵਿਛੜਨਾ ਭਾਰੀ ਸਦਮਾ ਹੈ। ਪਰ ਜੀਓ ਜੀ ! ਇਹ ਸਭ ਕੁਛ ਵਾਹਿਗੁਰੂ ਜੀ ਦੇ ਭਾਣੇ ਵਿਚ ਵਰਤਦਾ ਹੈ। ਭਾਣੇ ਨਾਲ ਚਿਤ ਦਾ ਸਮੇਲਨ ਇਹੋ ਹੀ ਸਤਿਗੁਰੂ ਦੀ ਆਗਿਆ ਹੈ। ਉਨਾਂ ਦੀ ਜਿੰਦਗੀ ਜਿਸਤਰਾਂ ਦੀ ਉਤਮ ਤੇ ਉਚੀ ਬੀਤੀ ਹੈ ਆਪ ਲਈ ਇਕ ਫ਼ਖ਼ਰ ਦਾ ਟਿਕਾਣਾ ਹੈ। ਭਗਤ ਜ੍ਵਾਹਰ ਮਲ ਜੀ ਸਾਈਂ ਸਾਹਿਬ ਦੇ ਪਵਿਤ੍ਰ ਜੀਵਨ ਨੂੰ ਆਪ ਦੇ ਬਜ਼ੁਰਗ ਪਿਤਾ ਜੀ ਨੇ ਰੌਸ਼ਨ ਕੀਤਾ ਹੈ ਤੇ ਹੁਣ ਸੁਹਣੀ ਆਯੂ ਭੋਗ ਕੇ ਵਾਹਿਗੁਰੂ ਦੇ ਸਦੇ ਹੋਏ ਸਚੇ ਘਰਾਂ ਨੂੰ ਪਧਾਰੇ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੨੪-੭-੧੯੫੪

ਪਵਿਤ੍ਰਾਤਮਾ ਜੀਓ

੨੨ ਤ੍ਰੀਕ ਤਾ ਪਤ੍ਰ ਆਪ ਦਾ ਪਹੁੰਚਾ

ਸ੍ਰੀ ਭੈਣ ਜੀ ਦੇ ਸਤਿਗੁਰੂ ਸਰਣੀ ਚਲੇ ਜਾਣ ਦੀ ਹਮਦਰਦੀ ਦਾ ਧੰਨਵਾਦ ਹੈ।

ਭੈਣ ਜੀ ਜੀਵਨ ਸਫਲਾ ਗਏ। ਮਨੁਖਾ ਜਨਮ ਦਾ ਲਾਹਾ ਲੈ ਗਏ।

ਚਾਹੇ ਵਿਛੋੜਾ ਵਿਛੋੜਾ ਹੀ ਹੁੰਦਾ ਹੈ ਭਾਵੇਂ ਕਦੋਂ ਹੋਵੇ, ਪਰ ਓਹ ਬਿਨਾ ਕੋਈ ਦੁਖ ਪਾਏ ਇਕ ਦਿਨ ਵਿਚ ਹੀ ਗੁਰ ਗੋਦ ਸਮਾ ਗਏ।

ਹਿਤਕਾਰੀ
ਵੀਰ ਸਿੰਘ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਸ੍ਰੀ ਅੰਮ੍ਰਿਤਸਰ
੧੦-੪-੧੯੫੩

ਪਯਾਰੇ ਭਗਤ ਸਾਹਿਬਾਨ ਜੀਓ

ਅਸੀਸ

ਨਾਮ ਚਿਤ ਆਵੈ।

ਆਪ ਦਾ ਪਤ੍ਰ ਪਹੁੰਚਾ ਜਿਸ ਵਿਚ ਆਪ ਜੀ ਨੇ ਆਪਨੇ ਬਜ਼ੁਰਗ ਮਾਤਾ ਜੀ ਦੇ ਚਲਾਣਾ ਤੇ ਉਨ੍ਹਾਂ ਦੇ ਨਮਿਤ ਭੋਗ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦਾ ਪਤਾ ਦਿਤਾ ਹੈ। ਵਾਹਿਗੁਰੂ ਸਹਾਈ ਹੋਵੇ ਤੇ ਭੋਗ ਨਿਰਵਿਘਨ ਪਵੇ ਤੇ ਉਸਦਾ ਫਲ ਸ੍ਰੀ ਮਾਤਾ ਜੀ ਨੂੰ ਸਹਸ੍ਰ ਗੁਣਾ ਹੋ ਕੇ ਮਿਲੇ।

ਚਲਣਾ ਤਾ ਸਭ ਕਿਸੇ ਹੈ ਤੇ ਮਾਤਾ ਦਾ ਵਯੋਗ ਚਾਹੇ ਕਦੋਂ ਹੋਵੇ ਬਚਿਆਂ ਲਈ ਪੀੜਾ ਦਾ ਕਾਰਣ ਹੁੰਦਾ ਹੈ। ਪਰ ਫਿਰ ਬੀ ਪੂਰਨ ਪਤਿਬ੍ਰਤ ਤੇ ਉਚ ਸੁਰਤੀਆਂ ਮਾਤਾਵਾਂ ਦੀ ਯਾਦ ਦਾ ਫਖਰ ਸੁਰਤਾਂ ਨੂੰ ਉਚਿਆਂ ਕਰਦਾ ਹੈ।

ਆਪ ਦੀ ਬਜ਼ੁਰਗ ਮਾਤਾ ਜੀ ਦਾ ਜੋ ਇਹ ਪ੍ਰਣ ਨਿਭਿਆ ਹੈ ਕਿ ਓਹ ਅਪਨੇ ਪ੍ਰਾਣ ਪਤੀ ਜੀ ਦੀ ਸੇਵਾ ਵਿਚ ਉਨ੍ਹਾਂ ਦੇ ਅੰਤਮ ਸੁਆਸਾਂ ਤਕ ਹਾਜ਼ਰ ਰਹਣ ਇਕ ਪਤਿਬ੍ਰਤ ਧਰਮ ਦੀ ਕਰਾਮਾਤ ਹੈ ਕਿ ਉਹ ਪ੍ਰਣ ਹੁਣ ਅੰਤ ਪ੍ਰਯੰਤ ਨਿਭਿਆ ਤੇ ਜਦ ਉਨ੍ਹਾਂ ਦੇ ਪਯਾਰੇ ਪਤੀ ਜੀ ਗੁਰੂ ਚਰਨਾਂ ਵਿਚ ਚਲੇ ਗਏ ਤੇ ਸੇਵਾ ਦੀ ਲੋੜ ਨਾ ਰਹੀ ਤਾਂ ਓਹ ਬੀ ਮਗਰੇ ਚਲੇ ਗਏ ਹਨ। ਇਹੋ ਓਹ ਜੀਉਂਦੇ ਜੀ ਚਾਹੁੰਦੇ ਸੀ, ਇਹੋ ਪ੍ਰਾਪਤ ਹੋ ਗਿਆ। ਧੰਨ ਵਾਹਿਗੁਰੂ ਸੁਣਨੇਹਾਰ।

ਵਾਹਿਗੁਰੂ ਉਨ੍ਹਾਂ ਨੂੰ ਅਪਨੀ ਮੇਹਰ ਦੀ ਛਾਵੇਂ ਥਾਂ ਬਖਸ਼ੇ ਤੇ ਤੁਸਾਂ ਸਾਰੀਆਂ ਨੂੰ ਸ਼ਾਂਤੀ ਸੁਖ ਤੇ ਭਾਣਾ ਮੰਨਣ ਦੀ ਦਾਤ ਦੇਵੇ।

ਦਿਲੀ ਹਮਦਰਦੀ ਨਾਲ।

ਮੈਂ ਹਾਂ

ਆਪ ਦਾ ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਡੇਰਾ
੩੦-੩-੧੯੫੪

ਪਵਿਤ੍ਰਾਤਮਾ ਜੀਓ

ਬਰਖ਼ੁਰਦਾਰ ਨਿਰਮਲ ਚੰਦ ਜੀ ਨੂੰ ਜੋ ਭਾਰੀ ਸਦਮਾ ਸੁਪਤਨੀ ਜੀ ਦੇ ਵਿਛੋੜੇ ਦਾ ਝਲਣਾ ਪਿਆ ਹੈ ਸੁਣਕੇ ਬਹੁਤ ਅਫਸੋਸ ਹੋਇਆ। ਪਰ ਵਾਹਿਗੁਰੂ ਜੀ ਦੇ ਕਰਨੇ ਨਿਆਰੇ ਹਨ। ਉਨ੍ਹਾਂ ਦੇ ਕਰਨਿਆਂ ਅਗੇ ਸਿਰ ਝੁਕਾਉਣਾ ਹੀ ਭਗਤੀ ਭਾਵ ਨੂੰ ਸਿੰਜਦਾ ਹੈ।

ਤੁਸਾਂ ਨੂੰ ਜੋ ਵਿਛੋੜਾ ਤੇ ਖੇਚਲ ਹੋਈ ਹੈ ਉਹ ਬੀ ਇਸ ਉਮਰੇ ਭਾਰੀ ਖੇਚਲ ਹੈ। ਪਰ ਸਾਰੀ ਉਮਰ ਜੋ ਨਾਮ ਦੇ ਲੜ ਲਗੇ ਰਹੇ ਹੋ ਹੁਣ ਉਸੇ ਨਾਮ ਦੇ ਮਾਲਕ ਪਾਸੋਂ ਸਹਾਯਤਾ ਮੰਗੋ ਤੇ ਉਸਦਾ ਲੜ ਪਕਾ ਪ੍ਰਚਕੇ ਪਕੜੋ। ਉਹ ਅੰਗ ਸੰਗ ਰਹੇ ਤੇ :

**"ਬਿਖੜੇ ਦਾਉ ਲੰਘਾਵੈ ਮੇਰਾ**
**ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ।"**

(ਬਸੰਤ ਮਹਲਾ ੫, ਘਰ ੨, ਹਿੰਡੋਲ-ਪੰਨਾ ੧੧੮੫)

ਵਾਲੀ ਰਹਮਤ ਹੋਵੇ

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ। ਕੋਈ ਨਹੀਂ ਕਿਤੇ ਜਾਂਦਾ। ਪਰਦੇ ਹਨ ਜੋ ਸਿਮਰਨ ਭਜਨ ਨਾਲ ਯਕੀਨ ਦੇ ਘਰ ਜਾਕੇ ਦੂਰ ਹੋ ਜਾਂਦੇ ਹਨ :

**"ਕਉਨੁ ਮੂਆ ਰੇ ਕਉਨੁ ਮੂਆ॥**
**ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ**
**ਇਹੁ ਤਉ ਚਲਤੁ ਭਇਆ॥"**
(ਰਾਮਕਲੀ ਮਹਲਾ ੫, ਪੰਨਾ ੮੮੫)

ਕਾਹਨੂੰ ਸਾਈਂ ਦੇ ਚਰਿਤ੍ਰਾਂ ਵਿਚ ਦਖਲ ਦੇਣਾ।

ਸਿਰ ਤਸਲੀਮ ਦਾ ਝੁਕਾਯਾ ਤੇ ਯਾਦ ਨੂੰ ਮਾਰਿਆ ਜਫਾ ਤੇ ਹੰਸੂ ਹੰਸੂ ਕਰਦੇ ਜੀ ਲਿਆ ਜਿਨਾਂ ਚਿਰ ਆਪ ਜਿਵਲੇ।

ਤੇ ਮਿਹਰ ਨਾਲ feel (ਮਹਸੂਸ) ਕਰ ਲਿਆ ਕਿ ਆਪ ਸਾਡੇ ਅੰਗ ਸੰਗ ਹੈ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੨੭-੭-੧੯੫੪

ਪਵਿਤ੍ਰਾਤਮਾ ਜੀਓ

੨੬ ਦਾ ਪਤ੍ਰ ਪੁਜਾ

ਦੋ ਪਾਠ ਭੋਗ ਪਾਏ। ਸੁਖ ਠੰਢ ਪਸਰੀ। ਆਤਮਾ ਰਸਮਯ ਹੋਵੇ। ਗੁਰੂ ਅੰਗ ਸੰਗ ਵੱਸੇ।

ਜੋ ਵਾਕ ਆਪ ਨੇ ਗੁਰੂ ਮਹਾਰਾਜ ਜੀ ਦੇ ਲਿਖੇ ਹਨ। ਬਹੁਤ ਸੁਹਣੇ ਆਏ ਹਨ।

ਪਰਸੋਂ ਦਿੱਲੀ ਭੋਗ ਪੈ ਗਿਆ ਹੈ। ਚੰਗੇ ਆਤਮ ਰੰਗ ਵਿਚ ਸਮਾਗਮ ਹੋਇਆ ਹੈ।

ਸਾਡਾ ਪਾਠ ਅਜੇ ਚਲ ਰਿਹਾ ਹੈ। ਜਿਸ ਦਿਨ ਭੋਗ ਤਯਾਰ ਹੋਸੀ, ਸਹਜ ਨਾਲ ਪਾਵਾਂਗੇ।

ਬਲਬੀਰ ਜੀ ਦਿੱਲੀ ਗਏ ਸਨ। ਭੈਣ ਜੀ ਦੀ ਵਸੀਅਤ ਦਸ ਆਏ ਹਨ ਤੇ ਸਾਰੇ ਖੁਸ਼ ਹੋਏ ਹਨ ਸੁਣਕੇ।

ਸ੍ਰੀ ਸ਼ੁਭ ਜੀ, ਸ੍ਰੀ ਤੇਜਾਂ ਜੀ ਜੋਗ ਅਸੀਸ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੮-੯-੧੯੧੨

ਪਵਿਤ੍ਰਾਤਮਾ ਜੀਓ

ਵਿਯੋਗ ਸਦਾ ਉਦਾਸੀ ਪੈਦਾ ਕਰਦਾ ਹੈ, ਪਰ ਹੋਣਹਾਰ ਜੋ ਹੋਂਦੀ ਹੈ ਸੋ ਅਕਾਲ ਪੁਰਖ ਦੇ ਹੁਕਮ ਵਿਚ ਹੋਂਦੀ ਹੈ ਅਰ ਸਾਡੇ ਓਹ ਪਿਤਾ ਜੀ ਹਨ। ਪਿਤਾ ਜੀ ਜੋ ਕੁਛ ਬਾਲਕਾਂ ਵਾਸਤੇ ਕਰਦੇ ਹਨ ਸੋਈ ਕੁਛ ਚੰਗਾ ਹੁੰਦਾ ਹੈ। ਸਾਨੂੰ ਹੁਕਮ ਬੀ ਇਹੀ ਹੈ:-

**"ਜਿਸ ਕੀ ਬਸਤੁ ਤਿਸੁ ਆਗੈ ਰਾਖੈ॥**
**ਪ੍ਰਭ ਕੀ ਆਗਿਆ ਮਾਨੈ ਮਾਥੈ॥**
**ਉਸ ਤੇ ਚਉਗੁਨ ਕਰੈ ਨਿਹਾਲੁ॥**
**ਨਾਨਕ ਸਾਹਿਬੁ ਸਦਾ ਦਇਆਲੁ॥"**
(ਗਉੜੀ ਸੁਖਮਨੀ ਮਹਲਾ ੫, ਪੰਨਾ ੨੬੮)

ਸੋ ਸ਼ੁਕਰ ਤੇ ਸੰਤੋਖ ਵਿਚ ਸ੍ਰੀ ਅਕਾਲ ਪੁਰਖ ਜੀ ਦਾ ਭਾਣਾ ਮੰਨੋ ਅਰ ਸ਼ੁਕਰ ਕਰੋ। ਕੀਹ ਜਾਣੀਏ ਜਿਸਨੂੰ ਅਸੀਂ ਦੁਖ ਸਮਝਦੇ ਹਾਂ ਕੋਈ ਸੁਖ ਹੈ, ਅਰ ਵਾਹਿਗੁਰੂ ਨੇ ਸਾਡੇ ਭਲੇ ਲਈ ਕੀਤਾ ਹੈ। ਕਿਉਂਕਿ ਪਿਆਰ ਕਰਨੇ ਵਾਲਾ ਕਦੇ ਵੈਰ ਨਹੀਂ ਕਰਦਾ। ਉਹ ਸਦਾ ਪਿਆਰ ਕਰਦਾ ਹੈ:-

**"ਮੀਤੁ ਕਰੈ ਸੋਈ ਹਮ ਮਾਨਾ॥**
**ਮੀਤ ਕੇ ਕਰਤਬ ਕੁਸਲ ਸਮਾਨਾ"** (ਗਉੜੀ ਮਹਲਾ ੫, ਪੰਨਾ ੧੮੭)

ਏਹ ਸਤਿਗੁਰ ਦਾ ਵਾਕ ਹੈ।

ਆਸ ਹੈ ਕਿ ਆਪ ਸਾਰਾ ਪਰਵਾਰ ਗੁਰੂ ਕੇ ਸਿਖ ਹੋ, ਸਤਿਗੁਰ ਜੀ ਤੇ ਪੂਰਾ ਭ੍ਰੋਸਾ ਰਖ ਕੇ ਇਸ ਵਿਯੋਗ ਵਿਚ ਸਿਖੀ ਸਿਦਕ ਨਾਲ ਨਿਬਾਹੋਗੇ।

ਗੁਰੂ ਬਚੇ ਦੀ ਆਤਮਾ 'ਤੇ ਮੇਹਰ ਕਰੇ ਅਰ ਅਪਨੇ ਪਿਆਰ ਦੀ ਛਾਂ ਵਿਚ ਥਾਂ ਦੇਵੇ ਅਰ ਆਪ ਸਭਨਾ ਜੋਗ ਸਬਰ ਸ਼ੁਕਰ ਤੇ ਸਿਖੀ ਸਿਦਕ ਦਾਨ ਬਖਸ਼ੇ।

ਹਿਤਕਾਰੀ, ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਡੇਰਾਦੂਨ
੨੩-੫-੧੯੫੩

ਪਵਿਤ੍ਰਾਤਮਾ ਜੀਓ

ਓਹ ਵੇਖਦੇ ਹਨ, ਦਿਸਦੇ ਨਹੀਂ
ਓਹ ਮਿਲੇ ਰਹਿੰਦੇ ਹਨ, ਵਿਛੁੜਦੇ ਨਹੀਂ

ਗੁਰਬਾਣੀ ਇਹ ਸੁਮੱਤਾਂ ਦੇਂਦੀ ਹੈ—
ਤੁਸੀਂ ਸਿਦਕ ਰਖੋ

**"ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ"**

(ਸੂਹੀ ਮਹਲਾ ੧, ਪੰਨਾ ੭੨੯)

ਤੁਸੀਂ ਅੰਤਰ ਆਤਮੇ ਮਿਲੇ ਰਹਿੰਦੇ ਹੋ ਸੋ ਵਿਛੁੜੇ ਨਹੀਂ ਹੋ- ਯਥਾ

**"ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ॥**
**ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥"**

(ਸਲੋਕ ਮਹਲਾ ੨, ਪੰਨਾ ੭੯੧)

ਸੋ ਜੋ ਗੁਰੂ ਕੇ ਪਯਾਰ ਵਿਚ ਨਾਮ ਬਾਣੀ ਨਾਲ ਲਗੇ ਰਹਿੰਦੇ ਹਨ ਵਿਛੜਦੇ ਨਹੀਂ

**"ਮਿਲਿਆ ਹੋਇ ਨ ਵੀਛੁੜੈ ਗੁਰ ਕੈ ਹੇਤਿ ਪਿਆਰਿ॥'**

(ਰਾਗ ਸੂਹੀ ਮਹਲਾ ੩, ਘਰ ੧੦, ਪੰਨਾ ੭੫੫)

ਲੋੜ ਇਸ ਗਲ ਦੀ ਹੈ ਕਿ 'ਮਿਲ ਰਹੇ ਹਾਂ', ਦੇ ਭਾਵ ਵਿਚ ਰਹੀਏ। ਨਾਮ ਸਿਮਰਦੇ ਬਾਣੀ ਗਾਉਂਦੇ "ਮਿਲੇ ਨਿਸਚੇ" ਵਿਚ ਰਹੀਏ।

ਮਿਲੇ ਸਮਝ ਕੇ ਸ਼ੁਕਰ ਸੁਖ ਵਿਚ ਰਹੀਏ, ਉਦਾਸੀ ਤੇ ਸੰਸਾ ਨਾ ਪੈਣ ਦੇਈਏ।

ਪਵੇ ਤਾਂ ਗੁਰਬਾਣੀ—

 www.sikhbookclub.com

**"ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ"॥**

(ਰਾਗ ਸੂਹੀ ਮਹਲਾ ੪, ਅਸਪਦੀਆਂ ਘਰ ੧੦, ਪੰਨਾ ੭੫੯)

ਤੇ ਗੁਰਬਾਣੀ ਕਹਿੰਦੀ ਹੈ -

**"ਮਨਹੁ ਨ ਨਾਮੁ ਵਿਸਾਰਿ ਅਹਿਨਿਸਿ ਧਿਆਈਐ"**

(ਸੂਹੀ ਮਹਲਾ ੧, ਪੰਨਾ ੭੫੨)

ਸੁਖ ਵਿਚ ਸ਼ੁਕਰ ਵਿਚ, ਮੰਗਲ ਭਾਵ ਵਿਚ ਯਾਦ ਕੀਤਿਆਂ ਰਬ ਤ੍ਰੁਠਦਾ ਹੈ ਤੇ ਵਿਛੜੇ ਪਯਾਰੇ ਖੁਸ਼ ਹੁੰਦੇ ਹਨ ਤੇ ਬਰਕਤਾਂ ਪਾਉਂਦੇ ਹਨ ਨਾਮ ਰਸ ਦੀਆਂ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੨੪-੧੨-੧੯੫੩

ਪਵਿਤ੍ਰਾਤਮਾ ਜੀਓ

ਆਸ ਹੈ ਸੁਖਾਂ ਨਾਲ ਪੁਜ ਗਏ ਹੋਸੋ।

ਰੋਣ ਭਾਵੇਂ ਕਿੰਨਾ sincere (ਸੱਚਾ) ਤੇ ਦਿਲੀ ਹੋਵੇ ਦੇਖਣ ਵਾਲਿਆਂ ਦੀ pity create (ਤਰਸ-ਭਾਵਨਾ ਪੈਦਾ) ਕਰਦਾ ਹੈ। ਅਪਨੇ ਲਈ pity ਨਹੀਂ ਚਾਹੀਦੀ ਉਦੀਪਨ (ਪੈਦਾ) ਕਰਵਾਉਣੀ। ਜੋ ਚੜ੍ਹਦੀਆਂ ਕਲਾਂ ਵਿਚ ਰਹੀਏ ਤਾਂ ਸਾਡੀ ਛਹੁ ਚੜ੍ਹਦੀਆਂ ਕਲਾਂ ਦੀ ਦੂਸਰਿਆਂ ਨੂੰ ਲਗਦੀ ਹੈ।

ਚੜਦੀਆਂ ਕਲਾ ਦੀ ਛਹੁ ਲਾਉਣੀ ਇਕ ਤਰਾਂ ਦਾਤਾ ਹੋ ਵਰਤਣਾ ਹੈ।

**"ਓਇ ਦਾਤੇ ਦੁਖ ਕਾਟਨਹਾਰ"**
(ਗੁਓੜੀ ਮਹਲਾ ੫, ਪੰਨਾ ੨੮੫)

ਚੜਦੀਆਂ ਕਲਾਂ "ਨਿਰੇ ਹਉਂ ਦੇ ਖੁਸ਼ੇ" ਨੂੰ ਨਹੀਂ ਆਖਦੇ, **"ਅੰਦਰ ਸਖ ਮੁਖ ਉਜਲਾ ਖਸਮੈ ਮਾਹਿ ਸਮਾਹਿ"** ਤੇ **"ਬਾਹਰਿ ਸੂਤੁ ਸਗਲ ਸਿਉ ਮਉਲਾ"** (ਆਸਾ ਮ: ੫, ਪੰਨਾ ੩੮੪) ਏਹ ਸਚੀਆਂ ਚੜ੍ਹਦੀਆਂ ਕਲਾਂ ਹਨ। ਖੁਸ਼ੀਆਂ 'ਸਾਈਂ' ਦੇ ਦਰਬਾਰ ਨਾਲ ਨੇਹੁੰ ਦੀਆਂ। ਗੁਰੂ ਅੰਗ ਸੰਗ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ

ਅੰਮ੍ਰਿਤਸਰ
੧੭-੪-੧੯੫੩

ਪਵਿਤ੍ਰਾਤਮਾ ਜੀਓ

ਇਕੱਲ ਤੇ ਏਕਾਂਤ ਦਾ ਫਰਕ ਹੈ। ਇਕੱਲ ਵਿਚ ਉਦ੍ਰੇਵਾਂ ਹੁੰਦਾ ਹੈ, ਏਕਾਂਤ ਵਿਚ ਮਨ ਸਾਈਂ ਨਾਲ ਜੁੜਦਾ ਹੈ। ਇਕੱਲ ਵਿਚ ਫੀਲਿੰਗ ਸ਼ੂਨ ਦੀ ਹੁੰਦੀ ਹੈ।

ਏਕਾਂਤ ਵਿਚ ਹਲਕਾਪਨ ਤੇ ਮਨ ਦਾ ਜੋੜ ਵਾਹਿਗੁਰੂ ਸਾਈਆਂ ਜੀ ਨਾਲ ਹੁੰਦਾ ਹੈ ਯਾ ਗੁਰੂ ਸਚੇ ਪਾਤਸ਼ਾਹ ਨਾਲ।

ਇਕਲ ਵਿਚ ਥੁੜ ਭਾਸਦੀ ਹੈ ਸਰੀਰਕ।

ਏਕਾਂਤ ਵਿਚ ਅਪਨਾ ਆਪਾ ਰੂਹ ਭਾਸਦਾ ਹੈ ਤੇ ਪ੍ਰਮਾਤਮਾ ਰੂਹਾਂ ਦਾ ਪਾਤਸ਼ਾਹ ਰੂਹਾਂ ਦੇ ਉਦਾਲੇ ਵਿਚ ਦਾਤਾਂ ਦੇ ਰਿਹਾ ਸਿਦਕ ਵਿਚ ਹੁੰਦਾ ਹੈ।

ਸੋ ਜਦ feeling (ਅਹਿਸਾਸ) ਇਕਲ ਦੀ ਆਉਣ ਲਗੇ ਉਸਨੂੰ ਏਕਾਂਤ feeling ਵਿਚ ਪਲਟ ਲਿਆ ਕਰੋ।

ਰਬ ਦੇ ਪਯਾਰੇ ਇਕਲੇ ਨਹੀਂ ਹੁੰਦੇ। ਇਹ ਸਾਰੀ ਦੁਨੀਆਂ ਦੇ ਰਬ ਪਯਾਰੇ ਸਿਖਾਲਦੇ ਹਨ।

ਗੁਰੂ ਅੰਗ ਸੰਗ ਰਹੇ। ਨਾਮ ਦਾ ਰੰਗ ਲਗਾ ਰਹੇ।

ਰਬ ਦੇ ਪਯਾਰੇ ਗੁਰਮੁਖ ਜੋ ਟੁਰ ਜਾਂਦੇ ਹਨ ਅਪਨੇ ਨਾਮ ਜਪਣ ਵਾਲੇ ਪਯਾਰਿਆਂ ਨੂੰ ਦਿਸਦੇ ਨਹੀਂ। ਪਰ ਦਾਨੇ ਦਸਦੇ ਹਨ ਕਿ ਝਾਂਵਲੇ ਦੇਂਦੇ ਹਨ।

ਹਿਤਕਾਰੀ
ਵੀਰ ਸਿੰਘ


www.sikhbookclub.com

# ੫. ਧੰਨਿ ਧੰਨਿ ਗੁਰੁ ਧੰਨਿ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੭-੫-੧੯੧੬

ਪਵਿਤ੍ਰਾਤਮਾ ਜੀਓ

ਵਾਹਿਗੁਰੂ ਪ੍ਰੇਮ ਵਿਚ ਖੀਵੇ, ਖਿੜੇ ਤੇ ਖੁਸ਼ ਰਿਹਾ ਕਰੋ। ਹਰਦਮ ਦਿਲ ਖਿੜਿਆ ਰਹੇ ਤੇ ਸਿਮ੍ਰਨ ਵਿਚ ਰਹੇ, ਕਦੇ ਅਰਦਾਸ, ਕਦੇ ਸ਼ੁਕਰ, ਕਦੇ ਪਯਾਰ ਦਾ ਉਛਾਲਾ ਏਹ ਫੇਰੇ ਪਾਂਦਾ ਰਹੇ, ਫੇਰ ਜੀਵਨ ਸਫਲਾ ਹੈ, ਪਵਿਤ੍ਰ ਹੈ ਰਸਦਾਯਕ ਹੈ। ਵਾਹਿਗੁਰੂ ਕਰੇ ਜੋ ਸਾਡਾ ਹਥ ਕੋਈ ਪਿਆਰਾ ਰਬ - ਤਾਰਿਆ ਫੜੀ ਰਖੇ, ਸਾਨੂੰ ਲਈ ਚਲੇ। ਅਸੀਂ ਅੰਧੇ ਹਾਂ, ਅੰਧੇ ਸੁਣ ਕੇ ਰਸਤੇ ਨਹੀਂ ਟੁਰ ਸਕਦੇ, ਅੰਧੇ ਨੂੰ ਬਾਹੋਂ ਫੜ ਕੇ ਟੋਰੇ ਰਸਤੇ ਤਾਂ ਟੁਰ ਸਕਦੇ ਹਨ।

**"ਸੁਨਿ ਅੰਧਾ ਕੈਸੇ ਮਾਰਗੁ ਪਾਵੈ।
ਕਰੁ ਗਹਿ ਲੇਹੁ ਓੜਿ ਨਿਬਹਾਵੈ॥"**
(ਗਉੜੀ ਸੁਖਮਨੀ ਮਹਲਾ ੫, ੨੬੭)

ਸੁਣ ਕੇ ਅਨਾ ਕੀਕੂੰ ਰਸਤਾ ਪ੍ਰਾਪਤ ਕਰ ਲਵੇ, ਕੋਈ ਉਸਦਾ ਹੱਥ ਫੜ ਲਵੇ ਤੇ ਓੜਕ ਤਕ ਨਿਬਾਹ ਦੇਵੇ ਤਾਂ ਮੰਜ਼ਲੇ ਪੁਜ ਸਕਦਾ ਹੈ।

ਆਖੋ ਧੰਨ ਕਲਗੀਆਂ ਵਾਲਾ ਪ੍ਰੀਤਮ, ਚੋਜੀ ਪਯਾਰਾ, ਅਰਸ਼ ਦਾ ਵ਼ਾਲੀ ਤੇ ਸਾਡਾ ਬਾਪੂ ਜੀ। ਅਸੀਸ

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੨-੫-੧੯੨੬

ਪਵਿਤ੍ਰਾਤਮਾ ਜੀਓ

ਸਾਡਾ ਸਿਮਰਨ ਜੇ ਅਠ ਪਹਰ ਜਾਰੀ ਰਹਵੇ ਤਾਂ ਸਾਨੂੰ ਕਿਸੇ ਵੇਲੇ ਸਿਮ੍ਰਨ ਦੇ ਸੁਹਣੇ (ਅੰਦਰ ਬਣ ਗਏ) ਮੰਡਲ ਵਿਚ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਵਸ ਰਿਹਾ, ਨਾਲ ਲਗ ਰਿਹਾ, ਠੰਢਾ ਪਾ ਰਿਹਾ ਭਾਸੇ ਤੇ ਲੂੰ ਲੂੰ ਠਰੇ। ਅਸੀਂ ਮੂਰਖ ਹਾਂ। ਮੂਰਖਾਂ ਦੀ ਇਕੋ ਕਮਾਈ ਹੈ ਕਿ 'ਧੰਨ ਗੁਰ ਨਾਨਕ' ਤੋਂ ਮਨ ਤੇ ਜੀਭ ਨਾ ਵਿਛੜਨ। ਗਲ ਸੌਖੀ ਤੇ ਸਿਧੀ ਹੈ ਤੇ ਮੂਰਖਾਂ ਦੇ ਹੀ ਸਮਝਣ ਤੇ ਕਰਨ ਗੋਚਰੀ ਹੈ। ਪਰ ਮੂਰਖ ਏਨੀ ਗਲ ਬੀ ਲਗ ਕੇ ਨਹੀਂ ਕਰਦੇ। ਜਗਤ ਦੇ ਹੋਰ ਹੋਰ ਖਯਾਲ ਆ ਕੇ ਇਸ ਤੋਂ ਵਿਛੋੜਦੇ ਹਨ। ਤਕੜੇ ਹੋ ਕੇ ਇਸ ਧੁੰਨ ਨੂੰ ਅੰਦਰ ਵਸਾਈ ਰਖੋ। ਇਸ ਤਾਰ ਨੂੰ ਜਾਰੀ ਰਖੋ। ਧੰਨ ਗੁਰ ਨਾਨਕ, ਧੰਨ ਗੁਰ ਨਾਨਕ ਦਾ ਰੰਗ ਲਗਾ ਰਹੇ। ਅਰਸ਼ਾਂ ਵਿਚ, ਬੈਠੇ ਤੇ ਘਟ ਘਟ ਵਸ ਰਹੇ ਪਯਾਰੇ ਦੀਆਂ ਮੇਹਰ-ਝਰਨਾਟਾਂ ਸਾਡੇ ਅੰਦਰ ਆ ਆ ਕੇ ਪਯਾਰ ਤਨੁਕੇ ਮਾਰਦੀਆਂ ਰਹਣ।

ਦਾਤੇ ਦਾ ਸ਼ੁਕਰ ਕਰੋ। ਸ੍ਰੀ ਮਲਕ ਜੀ ਨੂੰ ਪਾਠ ਸੁਣਾਯਾ ਕਰੋ, ਧੰਨ ਗੁਰ ਨਾਨਕ ਯਾਦ ਕਰਾਯਾ ਕਰੋ, ਸਚਾ ਪਾਤਸ਼ਾਹ ਬਹੁੰ ਛੇਤੀ ਪੂਰਨ ਅਰੋਗਤਾ ਬਖਸ਼ੇ। ਸਾਰੀਆਂ ਨੂੰ ਅਸੀਸ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੨੩-੨-੧੯੫੧

ਪਵਿਤ੍ਰਾਤਮਾ ਜੀਓ

੨੨ ਦਾ ਪਤ੍ਰ ਪਹੁੰਚਾ।

ਤੁਸੀਂ ਸੁਖ ਪੂਰਬਕ ਬੱਚਿਆਂ ਵਿਚ ਵਿਚਰ ਰਹੇ ਹੋ, ਖੁਸ਼ੀ ਹੈ।

ਸ਼ੁਕਰ ਵਿਖ ਜੀਵਿਆ ਕਰੋ। ਧੰਨ ਹੈ ਵਾਹਿਗੁਰੂ ਜੋ ਦਿਲਾਂ ਵਿਚ ਬੈਠਕੇ ਪਯਾਰ ਕਰਵਾਨਾ ਹੈ।

ਸ਼ੁਕਰ ਹੈ ਦਾਤਾਂ ਦਾ ਜੋ ਸਾਂਈ ਦੇ ਰਿਹਾ ਹੈ। ਕਲਜੁਗ ਵਿਚ ਸ਼ੁਕਰ ਇਕ ਭਾਰੀ ਤਪਸਯਾ ਹੈ।

ਦੂਰ ਨੇੜੇ ਉਸ ਦੇ ਚੋਜ ਹਨ।

ਦਿਲਾਂ ਨੂੰ ਉਚਾ ਰਖਦਿਆਂ ਉਸ ਨੂੰ ਦੂਰ ਨੇੜੇ ਫਰਕ ਨਹੀਂ ਪਾਉਂਦਾ।

**"ਸਿਮਰਿ ਸਿਮਰਿ ਨਾਮੁ ਬਾਰੰਬਾਰ॥**
**ਨਾਨਕ ਜੀਅ ਕਾ ਇਹੈ ਅਧਾਰ॥"**
(ਗਉੜੀ ਸੁਖਮਨੀ ਮਹਲਾ ੫, ਪੰਨਾ ੨੯੫)

ਦਾਤਾ ਤੁਠ ਤੁਠ ਕੇ ਦੇਂਦਾ ਰਹੇ।

ਆਪੇ ਕਉਤੱਕ ਅਨੰਦ ਚੋਜ ਆਪ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਨਿਊ ਦਿੱਲੀ
੧੩-੨-੧੯੪੫

ਜੀਓ ਜੀ

ਜਦੋਂ ਸੁਰਤ ਨਾਮ ਬਾਣੀ ਵਿਚ ਨ ਲਗੇ ਤਾਂ ਇਲਾਜ "ਸ਼ੁਕਰ" ਹੈ। ਏਹ ਬੜੇ ਬੜੇ ਫਕੀਰਾਂ ਦੇ ਤਜਰਬੇ ਦਾ ਤਤ ਹੈ।

ਦੂਸ੍ਰਾ ਇਲਾਜ ਕੀਰਤਨ ਦਾ ਸ੍ਰਵਨ ਕਰਨਾ ਹੈ। ਜੇ ਲੋੜ ਹੋਵੇ ਤਾਂ ਵਿਸ਼ੇਸ਼ ਵਿਵੇਚਨਾ ਸ੍ਰੀ ਸੰਤਾਂ ਜੀ ਨੂੰ ਪਤ੍ਰ ਪਾਕੇ ਪੁਛ ਲੈਣੀ। ਮੈਂ ਅਜ ਆਪ ਜੀ ਨੂੰ ਜਿਥੋਂ ਤਕ ਹੋ ਸਕਿਆ ਹੈ ਸ਼ੁਕਰ ਦਾ ਨੁਕਤਾ ਸਮਝਾਇਆ ਹੈ। ਨਾਮ ਬਾਣੀ ਦੀ ਤਰਾਂ 'ਸ਼ੁਕਰ' ਤੀਸਰਾ ਅੰਗ ਹੈ, ਚੌਥਾ ਅੰਗ ਬੇਨਤੀ ਹੈ। ਪੰਜਵਾ ਕੀਰਤਨ ਤੇ ਸਤਸੰਗ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੦-੧੧-੧੯੪੭

ਪਵਿਤ੍ਰਾਤਮਾ ਜੀਓ

੨-੧੧-੪੭ ਦਾ ਪਤ੍ਰ ਕਲ ਪੁਜਾ ਹੈ। ਖੁਸ਼ੀ ਹੋਈ ਕਿ ਤੁਸਾਨੂੰ ਕੋਠੀ ਤੇ ਭਲਿਆਂ ਦਾ ਸਤਸੰਗ ਤੇ ਸ੍ਰੀ ਬਾਬਾ ਜੀ ਦੇ ਦਰਸ਼ਨ ਪਾਠ ਦਾ ਸਮਾਗਮ ਸਤਿਗੁਰੂ ਨੇ ਬਨਾ ਦਿਤਾ ਹੈ। ਸ਼ੁਕਰ ਕਰਿਆ ਕਰੋ ਤੇ ਬਾਣੀ ਨਾਮ ਦੀ ਟੇਕ ਵਿਚ ਰਿਹਾ ਕਰੋ। ਸਮੇਂ ਬੜੇ ਭਯਾਨਕ ਲੰਘ ਰਹੇ ਹਨ। ਇਸ ਵੇਲੇ ਸਲਾਮਤੀ ਦਾ ਟਿਕਾਣਾ, ਰੁਜ਼ਗਾਰ ਤੇ ਗੁਰੂ ਕੇ ਦਰਸ਼ਨ ਸਤਸੰਗ ਲਭ ਪੈਣੇ ਮੇਹਰ ਹੀ ਮੇਹਰ ਹੈ ਜਿਸਦਾ ਧਨਵਾਦ ਕਰਨਾ ਚਾਹਯੇ। ਸਭਨਾ ਜੋਗ ਅਸੀਰ। ਨਾਮ ਚਿਤ ਰਹੇ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੨੬-੧-੧੯੫੫

ਪਵਿਤ੍ਰਾਤਮਾ ਜੀਓ

ਜੇ ਅਉਖੇ ਹੋਵੋ ਤਾਂ ਅਰਦਾਸ ਕਰੋ।

ਜੇ ਸੌਉਖੇ ਹੋਵੋ ਤਾਂ ਸ਼ੁਕਰ ਕਰੋ।

ਜੇ ਸਧਾਰਨ ਅਵਸਥਾ ਹੈ ਤਾਂ ਸ੍ਿਮਨ ਕਰੋ।

ਕਲਜੁਗ ਦੀ ਤਪਸਯਾ ਸ਼ੁਕਰ ਹੈ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੭-੧੧-੧੯੨੫

ਸ੍ਰੀ ਮਲਕ ਰਾਜ ਜੀਓ

ਦੂਰ ਬੈਠੇ ਤੁਸੀਂ ਜੋ ਪਯਾਰ, ਸਾਈਂ ਅਰਾਧਨਾ ਕਰਕੇ ਤੇ ਪਾਠ ਕਰਕੇ, ਕਰਦੇ ਰਹੇ ਹੋ ਉਸਦਾ ਧੰਨਵਾਦ ਇਹ ਹੈ ਕਿ ਮੈਂ ਤੁਸਾਂ ਕੀ ਅਜ ਖੁਸ਼ੀ ਨਾਲ ਖਬਰ ਦੇਣ ਲਗਾ ਹਾਂ ਜਿਸ ਵੇਲੇ ਕਿ ਮੈਂ ਵਲ ਹਾਂ ਕਿ ਹੁਣ ਕੋਈ ਖੇਚਲ ਬਾਕੀ ਨਹੀਂ ਹੈ। ਲੀ ਜੀ ਕੋਲ ਰਹਿਕੇ ਜੋ ਦਰਦ ਵੰਡਾਈ ਤੇ ਕੰਮ ਕਾਜ ਸੁਖ ਦਾ ਕਰਦੇ ਰਹੇ ਹਨ ਉਸਦਾ ਥੈਂਕਸ (ਧੰਨਵਾਦ) ਬੀ ਤੁਸਾਂ ਨੂੰ due (ਬਣਦਾ) ਹੈ, ਜਿਨ੍ਹਾਂ ਨੇ ਘਰ ਦਾ ਸਾਰਾ ਕੰਮ ਆਪਣੇ ਸਿਰ ਲੈ ਕੇ ਉਨ੍ਹਾਂ ਨੂੰ ਛੁਟੀ ਦਿੱਤੀ ਰਖੀ ਹੈ। ਸਭ ਤੋਂ ਵਧੀਕ ਸ਼ੁਕਰ ਦਾਤਾ ਜੀ ਦਾ ਹੈ ਜੋ ਦਿਲਾਂ ਵਿਚ ਬੈਠਕੇ ਲੁਕ ਲੁਕ ਕੇ ਪਯਾਰ ਕਰਦੇ ਹੈਨ।

ਗੁਰੂ ਚਿਤ ਰਹੇ, ਓਹ ਦਾਤਾ ਕਦੇ ਨ ਵਿਸਰੇ, ਨ ਵਿਸਰਣ ਦਾ ਰਸ ਭਰਿਆ ਰਹੇ। ਇਸ ਕਰਕੇ ਹਿੰਮਤ ਨਾਲ ਯਾਦ ਵਿਚ ਵਸਣਾ ਚਾਹੀਏ, ਤਾਂ ਕਿ ਯਾਦ ਸਾਨੂੰ ਪਕੜ ਲਵੇ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

੨੬-੧੦-੧੯੧੨

ਪਵਿਤ੍ਰਾਤਮਾ ਜੀਓ

ਤੁਸੀਂ ਦੀਨ ਦਇਆਲ ਦਾ ਸ਼ੁਕਰ ਕਰੋ, ਜਿਸਨੇ ਦੁਖਾਂ ਤਕਲੀਫਾਂ ਤੋਂ ਸੁਖ ਪੂਰਬਕ ਕਢ ਕੇ ਅਰੋਗਤਾ ਬਖਸ਼ੀ ਹੈ ਅਰ ਅਨੰਦ ਦਿਤਾ ਹੈ। ਸ਼ੁਕਰ ਸਭ ਤੋਂ ਵਡੀ ਭਗਤੀ ਹੈ। ਜਿਸਦੇ ਆਤਮਾ ਵਿਚ ਵਾਹਿਗੁਰੂ ਜੀ ਦਾ ਧੰਨਵਾਦ ਵਸਦਾ ਹੈ ਉਸਦਾ ਆਤਮਾ ਉਚਾ ਹੈ ਤੇ ਸਵੱਛ ਰਹਿੰਦਾ ਹੈ। ਬਾਣੀ ਬੀ ਪੜ੍ਹੋ, ਸ਼ੁਕਰ ਬੀ ਕਰੋ ਤੇ ਸਾਈਂ ਬੀ ਸਿਮਰੋ, ਸ੍ਵਾਦ ਦੇ ਮਗਰ ਨਾ ਪਉ। ਬਚਿਆਂ ਨੂੰ ਆਪਣਾ ਸਬਕ ਯਾਦ ਕਰਨਾ ਚਾਹੀਦਾ ਹੈ। ਸੁਖ ਸਵਾਦ ਆਪਣੇ ਵਸ ਨਹੀਂ। ਉਹ ਉਸਤਾਦ ਦੀ ਦਾਤ ਹੈ। ਸੋ ਅਸੀਂ ਨਾਮ ਦੀ ਸੰਥਯਾ ਪਕਾਈ ਚਲੀਏ। ਰਸਦਾਤਾ ਪ੍ਰੇਮੀਆਂ ਦੇ ਹਿਰਦੇ ਦਾ ਚੰਦ੍ਰਮਾ ਸ੍ਰੀ ਗੁਰੂ ਨਾਨਕ ਦੇਵ ਰਸ ਆਪੇ ਬਖਸ਼ ਦੇਂਦਾ ਹੈ। ਪਰ ਜੇ ਅਸੀਂ ਰਸ ਦੇ ਰੋਣੇ ਵਿਚ ਆਕੇ ਹਾਵਿਆਂ ਯਾ ਸੁਸਤੀ ਵਿਚ ਪੈ ਜਾਵੀਏ ਤਾਂ ਸੰਥਯਾ ਖਿਸਕ ਜਾਂਦੀ ਹੈ। ਬੰਦੇ ਦਾ ਕੇਵਲ ਧਰਮ ਇਹ ਹੈ -

**"ਬੰਦੇ ਬੰਦਗੀ ਇਕਤੀਆਰ॥**
**ਸਾਹਿਬੁ ਰੋਸੁ ਧਰਉ ਕਿ ਪਿਆਰੁ॥"**

(ਗਉੜੀ ੧੩, ਪੰਨਾ ੩੩੮)

ਕਦੇ ਆਪਣੇ ਕੰਮੋ ਨਾ ਉਕੀਏ ਤੇ ਦਾਤਾ ਗੁਰੂ ਨਾਨਕ ਦੇਵ ਦੇ ਦੁਆਰੇ ਤੋਂ ਕਦੀ ਖਾਲੀ ਚਿਤ ਯਾ ਨਿਰਾਸ ਨਾ ਹੋਵੀਏ। ਗੁਰੂ ਸਹਾਯਤਾ ਕਰੇ ਤੇ ਅੰਗ ਸੰਗ ਰਵ੍ਹੇ। ਗੁਰੂ ਜੀ ਨੂੰ ਕਦੇ ਦੂਰ ਨਹੀਂ ਜਾਣਨਾ। ਉਹ ਪਿਆਰਾ, ਪਿਆਰਾਂ ਦਾ ਸੋਮਾ, ਮਿਹਰਾਂ ਦਾ ਮੀਂਹ ਸਦਾ ਨਿਕਟ ਵਸਦਾ ਹੈ, ਸਦਾ ਤਰੁਠਦਾ ਹੈ ਤੇ ਸਦਾ ਮਿਲਦਾ ਹੈ ਜਦ ਕਦੇ ਅਸੀਂ ਢਹਿੰਦੇ ਹਾਂ ਤਾਂ ਦੋਸ਼ ਸਾਡੇ ਵਿਚ ਹੁੰਦਾ ਹੈ। ਅਸੀਂ ਨਿਰਾਸਾ ਆਲਸ ਤੇ ਟੋਟਾਂ ਵਿਚ ਪੈ ਜਾਂਦੇ ਹਾਂ ਤੇ ਪਿਆਰੇ ਦੇ ਪਿਆਰ ਤੋਂ ਦਿਲ ਘਟਾ ਲੈਂਦੇ ਹਾਂ। ਸਦਾ ਭਰੋਸੇ ਤੇ ਉਮਾਹ ਭਰੇ ਸਿਦਕ ਵਿਚ ਰਹੀਏ, ਹੁਲਾਸ ਵਿਚ ਰਹੀਏ, ਆਸਾਵੰਦ ਰਹੀਏ ਤੇ ਸ਼ੁਕਰਾਨਾ ਭਰੇ ਰਹੀਏ

ਹਿਤਕਾਰੀ, ਵੀਰ ਸਿੰਘ

 www.sikhbookclub.com

# ੬. ਫੁਟਕਲ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਕਸੌਲੀ
੧-੧੦-੧੯੪੮

ਪਿਆਰੇ ਜੀਓ

ਜੇ **ਮਨ** ਸੰਸਾਰਕ ਰੁਝੇਵਿਆਂ ਤੋਂ ਅੱਕ ਜਾਏ ਤਾਂ ਗੁਰਬਾਣੀ ਦਾ ਵੀਚਾਰ ਨਾਲ ਕੀਤਾ ਪਾਠ, ਅਕੇਵੇਂ ਨੂੰ ਦੂਰ ਕਰ ਦੇਂਦਾ ਹੈ।

ਜੇ ਮਨ ਸੰਸਾਰ ਤੇ ਸੰਸਾਰੀਆਂ ਦੇ ਕੰਮ ਯਾ ਦਾਰੀਆਂ ਕਰਦਾ ਥੱਕ ਜਾਏ ਤਾਂ ਏਕਾਂਤ ਵਿਚ ਬੈਠਕੇ ਨਾਮ ਦਾ ਸਿਮਰਣ ਮਨ ਦੇ ਥਕੇਵੇਂ ਨੂੰ ਦੂਰ ਕਰ ਦੇਂਦਾ ਹੈ।

ਜੇ ਸਰੀਰ ਸੇਵਾ, ਦਾਰੀਆਂ ਤੇ ਹੋਰ ਕੰਮਾਂ ਵਿਚ ਥੱਕ ਜਾਵੇ ਤਾਂ ਨੀਂਦ ਉਸਦਾ ਦਾਰੂ ਹੈ, ਯਾ ਆਰਾਮ ਕੁਰਸੀ ਤੇ ਅੱਖਾਂ ਮੀਟਕੇ ਆਪਣੇ ਆਪਨੂੰ ਢਿੱਲਾ ਤੇ ਨਿਸੱਲ ਛੱਡ ਦਿੱਤਾ ਜਾਏ। ਸਹਜ ਵਿਚ ਨਾਮ ਦੀ ਰੌ ਜੋ ਪੱਕੀ ਹੋਈ ਹੈ ਟੁਰੀ ਰਹੇ ਤਾਂ ਥਕਾਨ ਦੂਰ ਹੋ ਜਾਂਦਾ ਹੈ।

ਜੇ ਸਰੀਰਕ ਕਸਰ ਵਧੇਰੇ ਹੋਵੇ ਤਾਂ ਕਿਸੇ ਦਵਾਈ ਨਾਲ ਥਕਾਨ ਲਹਿ ਜਾਂਦੇ ਹਨ ਤੇ ਇਉਂ ਸਰੀਰਕ ਕਸਰ ਨਿਕਲ ਜਾਂਦੀ ਹੈ। ਸਭਨਾ ਅਹੁਰਾਂ ਦਾ ਦਾਰੂ ਨਾਮ ਹੈ।

**"ਨਾਮ ਅਉਖਧੁ ਜਿਹ ਰਿਦੈ ਹਿਤਾਵੈ॥**
**ਤਾਹਿ ਰੋਗੁ ਸੁਪਨੈ ਨਹੀਂ ਆਵੈ॥"**
(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੫੯)

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੬-੦੨-੧੯੫੭

ਪਵਿਤ੍ਰਾਤਮਾ ਜੀਓ

'ਬਸੰਤ ਵਧਾਈ' ਦਾ ਪਤ੍ਰ ਪੁਜਾ। ਥੈਂਕਸ (ਧੰਨਵਾਦ) ਤੁਸਾਨੂੰ ਬਹੁਤ ਬਹੁਤ ਵਧਾਈ।

ਨਾਮ ਦਾਨ ਦੀ ਪ੍ਰਫੁਲਤਾਈ ਤੇ ਸੁਖ ਪ੍ਰਾਪਤ ਹੋਵੇ। ਤੁਸਾਨੂੰ ਬੀ ਤੇ ਤੁਸਾਂ ਜੀ ਦੀ ਭੈਣ ਰਾਜ ਜੀ ਕੀ ਬੀ ਤੇ ਦੋਹਾਂ ਪਰਵਾਰਾਂ ਕੀ ਬੀ।

ਇਥੇ ਦਾ ਮੌਸਮ -
ਧੁਪ ਵਿਚ ਹੁਣ ਨਿਘ ਹੈ। ਹਵਾ ਜੇ ਵਗੇ ਤਾਂ ਚੰਗੀ ਹੁੰਦੀ ਹੈ।
ਕਿਸੇ ਦਿਨ ਬਦਲਵਾਈ ਵੀ ਹੁੰਦੀ ਹੈ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੦-੧੨-੧੯੫੫

ਪਵਿਤ੍ਰਾਤਮਾ ਜੀਓ

ਸ੍ਰੀ ਰਾਜ ਜੀ ਨੇ ਆਪ ਸਾਰਿਆਂ ਦੀ ਸੁਖ ਸਾਂਦ ਦਸੀ ਹੈ। ਖੁਸ਼ੀ ਹੋਈ ਕਿ ਸਾਰੇ ਗੁਰੂ ਮੇਹਰਾਂ ਨਾਲ ਸੁਖੀ ਹੋ।

ਮੇਹਰਾਂ ਦਾ ਸਾਈਂ ਨਾਮ ਦੀ ਦਾਤ ਦੇ ਰਿਹਾ ਹੈ। ਮਿਹਰਾਂ ਹੋਰ ਕਰੇ, ਨਾਮ ਵਿਚ ਰਸ ਭਰ ਦੇਵੇ। ਰਸ ਵਿਚ ਉਸ ਦੀ ਲਿਖ ਬਖਸ਼ੇ। ਸਦਾ ਸੁਖੀ ਰਹੋ।

ਏਥੇ ਜਦ ਦੇ ਆਏ ਹਾਂ ਗੁਰੂ ਕੇ ਪਯਰਿਆਂ ਦੇ ਦਰਸ਼ਨ ਹੀ ਦਰਸ਼ਨ ਹੁੰਦੇ ਹਨ। ਕੋਈ ਆਂਦੇ ਕੋਈ ਜਾਂਦੇ ਭਾਗ ਲਾਂਦੇ ਰਹਿੰਦੇ ਹਨ।

ਗੁਰੂ ਅੰਗ ਸੰਗ ਰਹੇ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੨੧-੨-੧੯੫੫

ਪਵਿਤ੍ਰਾਤਮਾ ਜੀਓ

ਆਸ ਹੈ ਸੁਖਾਂ ਸਹਿਤ ਹੋਸੋ।

ਦਿਲ ਸਾਈਂ ਯਾਦ ਵਿਚ ਪ੍ਰੇਮਮਯ ਹੋਸੀ।

ਇਥੇ ਮੌਸਮ ਅਜੇ ਚੰਗਾ ਹੈ। ਕਿਸੇ ਦਿਨ ਰਤਾ temperature (ਤਾਪਮਾਨ) ਵਧਦਾ ਹੈ ਤੇ ਫੇਰ ਠੰਡੀ ਹਵਾ ਚਲ ਪੈਂਦੀ ਹੈ।

ਨਾਮ ਜਪਦਿਆਂ, ਕਦੇ ਰਸ ਪੈਂਦਾ ਹੈ

ਰਸ ਵਿਚ ਸਚ ਅੰਦਰ ਆਉਂਦਾ ਹੈ।

ਸਚ ਸਚੇ ਵਿਚ ਜੋੜਦਾ ਹੈ।

ਸੋ ਲਗੇ ਰਹੋ ਬਾਣੀ ਨਾਮ ਨੂੰ।

ਸ੍ਰੀ ਹਰਦਿਤ ਸਿੰਘ ਜੀ ਤੇ ਪਰਿਵਾਰ, ਸ੍ਰੀ ਕਿਸ਼ਨ ਸਿੰਘ ਜੀ ਦੰਪਤੀ ਤੇ ਸ਼ੁਭ ਜੀ ਪਰਿਵਾਰਾਂ ਜੋਗ ਅਸੀਸ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੫-੬-੧੯੫੪

ਪਵਿਤ੍ਰਾਤਮਾ ਜੀਓ

੧੦ ਦਾ ਪਤ੍ਰ ਪੁਜ ਗਿਆ ਹੈ।

ਸਿਮਰਨ ਦਾ ਜਾਰੀ ਰਹਿਣਾ ਪਹਲੀ ਨਿਆਮਤ ਹੈ।

ਇਸ ਵਿਚ ਰਸ ਦੇ moments (ਪਲ) ਆਉਣੇ ਦੂਸ੍ਰੀ ਨਿਆਮਤ ਹੈ।

ਮਨ ਦਾ ਸੰਕਲਪ ਵਿਕਲਪ ਤੋਂ ਘਟ ਹਟ ਕੇ ਇਸੇ ਰਸ ਵਿਚ ਰਹਣਾ ਲਿਵ ਹੈ ਤੇ ਤੀਸਰੀ ਨਿਆਮਤ ਹੈ।

ਸਭ ਦਾਤਾਂ ਹਨ। ਦਾਤਾਂ ਦਾਤੇ ਦੇ ਵਸ ਹੁੰਦੀਆਂ ਹਨ। ਪਰ ਮੰਗਤ ਜਨ ਦਾ ਕੰਮ ਹੈ ਝੋਲੀ ਅਡ ਕੇ ਮੰਗਦੇ ਰਹਣਾ।

ਮੰਗਣਾ ਹੈ -

ਅਰਦਾਸ ਕਰਨੀ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੪-੧-੧੯੫੬

ਪਵਿਤ੍ਰਾਤਮਾ ਜੀਓ

੧੧ ਦਾ ਪਤ੍ਰ ਪਰਸੋਂ ਮਿਲਿਆ ਸੀ ਤੇ ੧੨ ਦਾ ਅਜ ਮਿਲਿਆ ਹੈ। ਜੋ ਕੰਮ ਹਰਿ ਜੀ ਦੇ ਹਨ ਓਹ ਹਰੀ ਜੀ ਹੀ ਕਰਦੇ ਹਨ। ਉਨਾਂ 'ਤੇ ਓਦਰਨਾ ਨਹੀਂ ਚਾਹੀਦਾ। ਉਹ ਤਾਂ ਕਰਤਾਰ ਦੇ ਰੰਗ ਵੇਖਕੇ ਪ੍ਰਸੰਨ ਹੋਣਾ ਚਾਹਯੇ। ਹੁੰਦਾ ਉਹੋ ਕੁਛ ਹੈ ਜੋ ਉਹ ਚਾਹੁੰਦਾ ਹੈ। ਤੇ ਜੋ ਉਹ ਚਾਹੁੰਦਾ ਹੈ ਸੋਈ ਸੁਖਦਾਈ ਹੁੰਦਾ ਹੈ ਤੇ ਖੁਸ਼ੀਦਾਤਾ ਬੀ ਉਹੀ ਹੋਣਾ ਚਾਹਯੇ। ਤੇ ਅਗੋਂ ਸਦਾ ਮੇਹਰ ਵਾਹਿਗੁਰੂ ਜੀ ਦੀ ਮੰਗੀਏ। ਸ੍ਰੀ ਮਲਕ ਜੀ ਤੇ ਰਾਜ ਜੀ ਦਾ ਅਮ੍ਰੀਕਾ ਤੋਂ ਸੁਖਾਂ ਨਾਲ ਘਰ ਵਾਪਸ ਆਉਣਾ ਪੜ੍ਹ ਕੇ ਖੁਸ਼ੀ ਹੋਈ। ਆਸ ਹੈ ਤਾਰ ਪੁਜ ਗਈ ਹੋਸੀ। ਵਧਾਈ ਹੋਵੇ ਤੁਸਾਂ ਜੋਗ। ਪ੍ਰਕਾਸ਼ ਜੀ ਤੇ ਸਾਰੇ ਪਰਿਵਾਰ ਜੋਗ।

ਹਿਤਕਾਰੀ
ਵੀਰ ਸਿੰਘ


www.sikhbookclub.com

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੨੪-੯-੧੯੪੪

ਪਵਿਤ੍ਰਾਤਮਾ ਜੀਓ

੨੪ ਦਾ ਪਤ੍ਰ ਪਹੁੰਚ ਗਿਆ ਸੀ। ਸੁਖ ਸਾਂਦ ਵਾਚੀ। ਖੁਸ਼ੀ ਹੋਈ।

ਮਨ ਨੇ ਮੋਹ ਮਾਯਾ ਵਿਚ ਪ੍ਰਵਿਰਤ ਰਹਣਾ ਹੈ, ਇਸ ਦਾ ਘਰ ਬਾਰ ਮੋਹ ਮਾਯਾ ਹੀ ਹੈ।

ਮਨ ਨਾਮ ਨਾਲ ਕੁਛ ਰੂਪ ਵਟਾਉਂਦਾ ਹੈ ਤੇ ਕਦੇ ਅਸਲਾ ਪਛਾਣਦਾ ਹੈ ਕਿ ਇਹ ਤਾਂ ਜੋਤ ਸਰੂਪ ਹੈ। ਤਦੋਂ ਫਿਰ ਇਸਦਾ ਘਰ ਬਾਰ ਸਾਂਈ-ਪ੍ਰੇਮ ਹੋ ਜਾਂਦਾ ਹੈ। ਇਹੋ ਯਤਨ ਸਾਰੇ ਉਚੇ ਉਠਣ ਵਾਲੇ ਕਰਦੇ ਰਹੰਦੇ ਹਨ।

ਜੋ ਨਿਰਗੁਣ ਦੇ ਉਪਾਸਕ ਹਨ ਉਨ੍ਹਾਂ ਦੀ ਸੇਧ ਦਰੁਸਤ ਰਹਿੰਦੀ ਹੈ। ਮਿਹਨਤ ਵਧੇਰੇ ਪੈਂਦੀ ਹੈ। ਸਰਗੁਣ ਉਪਾਸਨਾ ਵਾਲੇ ਮੂਰਤੀਆਂ ਵਿਚ ਕਿ ਸਰੀਰਾਂ ਵਿਚ ਛੇਤੀ ਲਗ ਪੈਂਦੇ ਹਨ। ਪਰ ਉਨਾਂ ਨੂੰ ਅਖੀਰ ਉਠ ਕੇ ਨਿਰਗੁਨ ਵਲ ਆਉਣਾ ਪੈਂਦਾ ਹੈ। ਅੰਤਮ ਨਿਸ਼ਾਨਾ ਨਿਰਗੁਣ ਪਰਤਾਮ ਦੇਵ ਜੀ ਹਨ।

ਗੁਰੂ ਪਾਤਸ਼ਾਹ ਮੇਹਰ ਕਰੇ ਤੇ ਸਦਾ ਸੁਖ ਰਖੇ। ਇਧਰ ਜਦ ਆਓ ਸਦਾ welcome (ਸਵਾਗਤ) ਹੋ। ਗੁਰੂ ਰਾਮਦਾਸ ਜੀ ਦੇ ਦਰਸ਼ਨ ਮੇਲੇ ਸੁਖਾਂ ਦਾ ਘਰ ਹਨ।

ਹੋਰ ਸੁਖ ਸਾਂਦ ਹੈ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

੩੧-੧੨-੧੯੩੫

ਪਵਿਤ੍ਰਾਤਮਾ ਜੀਓ

ਦੁਇ ਪਤ੍ਰ ਮਿਲੇ। ਸੁਖ ਸਾਂਦ ਵਾਚੀ।
ਇਥੇ ਸੁਖ ਸਾਂਦ ਹੈ। ਕਲ ਗੁਰਪੁਰਬ ਹੈ।
ਪਾਠ ਤਯਾਰ ਹੈ। ਕਲ ਭੋਗ ਪੈਸੀ।
ਰਾਜ ਜੀ ਰਾਜ਼ੀ ਖੁਸ਼ੀ ਪੁਜ ਗਏ ਹਨ।
ਆਸ ਹੈ ਤੁਸੀਂ ਵੀ ਕਲ ਭੋਗ ਪਾਸੋ।

**"ਜਹ ਹਰਿ ਸਿਮਰਨੁ ਭਇਆ**
**ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ"**
(ਧਨਾਸਰੀ ਮਹਲਾ ੪, ਪੰਨਾ ੬੭੦)

ਨਾਮ ਨੂੰ ਚੰਬੜੋ, ਨਾਮ ਨੂੰ ਨਾ ਵਿਸਰੋ,
ਇਸ ਵਿਚੋਂ ਕਦੇ ਰਸ ਨਿਕਲਦਾ ਹੈ।
ਸਿਰ ਤੇ ਖੜੇ ਹਨ ਨਾਮ ਦੇ ਜਾਪ ਵਿਚੋਂ ਬਰਕਤਾਂ ਪਾਣ ਵਾਲੇ।

**"ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੇ ਬਧਾ ਛਿਕਿ ਜੀਉ"**
(ਸਿਰੀ ਰਾਗੁ ਮਹਲਾ ੫, ਪੰਨਾ ੭੩)

ਅਸੀਸ। ਗੁਰੂ ਅੰਗ ਸੰਗ। ਨਾਮ ਚਿਤ ਰਹੇ। ਨਾਮ ਵਿਚ ਰਸ ਪਵੇ ਮਲਕ ਜੀ, ਅਨੰਤ ਜੀ, ਉਜਲ ਜੀ, ਕੰਵਲ ਜੀ, ਸਰਬਤ ਜੋਗ ਅਸੀਸ। ਗੁਰਪੁਰਬ ਦੀ ਵਧਾਈ ਤੇ ਅਸੀਸ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੨੧-੧੨-੧੯੩੩

ਪਵਿਤ੍ਰਾਤਮਾ ਜੀਓ (ਲੀਵਲ)

ਪਤ੍ਰ ਸਾਰੇ ਮਿਲਦੇ ਰਹੇ ਹਨ। ਪਵਿਤ੍ਰ ਭਾਵਾਂ ਦਾ ਧੰਨਵਾਦ ਹੈ। ਗੁਰੂ ਸਦਾ ਨਾਮ ਦੇ ਰੰਗ ਵਿਚ ਰਖੇ ਤੇ ਉਮਾਹੀ ਸੁਰਤ ਵਿਚ ਨਾਮ ਜਾਰੀ ਹੈ।

ਹੋਰ ਸੁਖ ਸਾਂਦ ਹੈ। ਬਲਬੀਰ ਜੀ ਦੇ ਏਥੇ ਆ ਜਾਣ ਕਰਕੇ ਬਾਹਰ ਨਹੀਂ ਗਏ। ਏਥੇ ਹੀ ਰਹਿ ਪਏ ਹਾਂ।

ਅਸੀਸ। ਗੁਰਪੁਰਬ ਜੀ ਦੀ ਵਧਾਈ।

ਹਿਤਕਾਰੀ
ਵੀਰ ਸਿੰਘ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੬-੧੧-੧੯੨੮

ਪਵਿਤ੍ਰਾਤਮਾ ਜੀਓ

ਪਤ੍ਰ ਪੁਜਾ। ਸੁਖ ਹੈ। (ਓਹ ਚੌਕੀ ਅਜੇ ਅਛੂਤ ਪਈ ਹੈ)

ਦਮ ਖਾਲੀ ਨਾ ਜਾਯਾ ਕਰਨ ਤਾਂ ਅਪਨੇ ਆਪ ਦੀ ਗੰਢ ਵਹਿਗੁਰੂ ਜੀ ਨਾਲ ਪੈਂਦੀ ਹੈ। ਸਰੀਰਾਂ ਦੇ ਮੇਲੇ ਸਦੈਵੀ ਨਹੀਂ ਹੁੰਦੇ। ਸਰੀਰਾਂ ਦੀ ਕੈਦ ਤੋਂ ਉਚੇ ਉਠ ਕੇ ਸੁਤੰਤ੍ਰਤਾ ਦੇਸ ਦੀਆਂ ਗਮਨ ਉਡਾਰੀਆਂ ਵਿਚ ਜਾਣਾ ਚਾਹੀਦਾ ਹੈ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੬-੨-੧੯੩੧

ਪਵਿਤ੍ਰਾਤਮਾ ਜੀਓ

੧੧ ਦਾ ਪਤ੍ਰ ਪੁਜਾ। ਅਗੇ ਵੀ ਪੁਜੇ ਹਨ। ਉਤਰ ਨਹੀਂ ਦੇ ਸਕਿਆ। ਬਾਬਾ ਜੀ ਦੇ ਕਮਰੇ ਦਾ ਬਣਨਾ ਬਹੁਤ ਵਕਤ ਲੈਨਾ ਹੈ। ਹੁਣ ਖੜਾ ਹੋ ਗਿਆ ਹੈ। ਜੋੜੀਆਂ ਵੀ ਲਗ ਗਈਆਂ ਹਨ। ਬਾਕੀ ਫਰਸ਼ ਰੋਗਨ ਆਦਿ ਚੋਖੇ ਕੰਮ ਅਜੇ ਹੈਨ।

ਹੋਰ ਸੁਖ ਸਾਂਦ ਹੈ।

'ਕਦੋਂ ਬੁਲਾਸੋ' ਦਾ ਉਤਰ ਹੈ ਜਦੋਂ ਤੁਸਾਂ ਦਾ ਅਵਕਾਸ ਬਣੇ ਬਿਨ ਬੁਲਾਏ ਸਹੂਲਤ ਨਾਲ ਆ ਸਕੋ। ਅਸਾਂ ਲਈ ਅਰਦਾਸ ਕਰਯਾ ਕਰੋ ਕਿ ਸੋਆਂ ਸੁਣ ਕੇ ਸੁਹਣੀਆਂ ਸਭ ਦੀਆਂ ਸਾਂਵੇ ਹੋਯਾ ਕਰੀਏ ਤੇ ਸਦਣ ਦੇ ਸੰਦੇਸਿਆਂ ਨੂੰ ਘਲਣ ਵਲੋਂ ਤੇ ਹੋਰ ਲਾਲਸਾ ਵਲੋਂ ਸਾਈਂ ਹਰ ਦਿਨ ਨਿਰਵਾਸਤਾ ਬਖ਼ਸ਼ਦਾ ਜਾਵੇ। ਇਥੋਂ ਤਾਈਂ ਕਿ ਇਕ ਸਾਈਂ ਨੂੰ ਲੋੜਨ ਦੀ ਸੁਰਤ ਸਜੀਵੀ ਰਹੇ ਤੇ ਸਦਾ ਵਧੇ ਤੇ ਸਤ ਸਵਾਈ ਵਧੇ ਤੇ ਹੋਰ ਸਭ ਪਾਸਿਓਂ ਦਾਤ ਮਿਲੇ।

**"ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮ॥"**

(ਬਸੰਤ ਮਹਲਾ ੯, ਪੰਨਾ ੧੧੮੬)

ਸਾਈਂ ਸਾਧ ਸੰਗਤ ਦੀਆਂ ਅਰਦਾਸਾਂ ਸੁਣਦਾ ਹੈ। ਸਾਡੇ ਲਈ ਬੀ ਕਿਸੇ ਦੀ ਸੁਣੇ ਜੋ ਅਸੀਂ ਵੀ ਗਾਵੀਏ -

**"ਹਉ ਗੋਸਾਈ ਦਾ ਪਹਿਲਵਾਨੜਾ।**
**ਮੈ ਗੁਰ ਮਿਲਿ ਉਚ ਦੁਮਾਲੜਾ॥"**

(ਸਿਰੀ ਰਾਗੁ ਮਹਲਾ ੫, ਪੰਨਾ ੭੪)

ਹੋਰ ਇਧਰੋਂ ਰੋਕ ਕੋਈ ਨਹੀਂ ਹੈ।

ਮਲਕ ਜੀ, ਰਾਜ ਜੀ ਜੋਗ ਅਸੀਸ

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੬-੧੧-੧੯੨੮

ਪਵਿਤ੍ਰਾਤਮਾ ਜੀਓ

ਪਤ੍ਰ ਪੁਜਾ। ਸੁਖ ਹੈ। (ਓਹ ਚੌਕੀ ਅਜੇ ਅਛੂਤ ਪਈ ਹੈ)

ਦਮ ਖਾਲੀ ਨਾ ਜਾਯਾ ਕਰਨ ਤਾਂ ਅਪਨੇ ਆਪ ਦੀ ਗੰਢ ਵਹਿਗੁਰੂ ਜੀ ਨਾਲ ਪੈਂਦੀ ਹੈ। ਸਰੀਰਾਂ ਦੇ ਮੇਲੇ ਸਦੈਵੀ ਨਹੀਂ ਹੁੰਦੇ। ਸਰੀਰਾਂ ਦੀ ਕੈਦ ਤੋਂ ਉਚੇ ਉਠ ਕੇ ਸੁਤੰਤ੍ਰਤਾ ਦੇਸ ਦੀਆਂ ਗਮਨ ਉਡਾਰੀਆਂ ਵਿਚ ਜਾਣਾ ਚਾਹੀਦਾ ਹੈ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੪-੭-੧੯੨੫

ਪਵਿਤ੍ਰਾਤਮਾ ਜੀਓ

ਆਪ ਦਾ ਪਤ੍ਰ ਪੁਜਾ। ਖੁਸ਼ੀ ਹੋਈ ਕਿ ਦਿੱਲੀ ਮੌਸਮ ਤੇ ਨਜ਼ਾਰੇ ਬਹੁੰ ਚੰਗੇ ਹਨ। ਇਨਾਂ ਵਿਚ ਗੁਰੂ ਚਿਤ ਆਵੇ। ਏਥੇ ਬੀ ਅਗਲੇ ਸਾਲਾਂ ਤੋਂ ਗਰਮੀ ਘਟ ਪਈ ਹੈ। ਅਜ ਚਾਹੇ ਵਟ ਰਿਹਾ ਹੈ ਹੁਣ ਬੱਦਲ ਆ ਰਹੇ ਹਨ। ਬਾਕੀ ਕੰਮ ਕਾਜ ਦੇ ਰੁਝੇਵੇਂ ਰਹੇ ਹਨ। ਬਾਬੀ* ਕਈ ਦਿਨ ਬੀਮਾਰ ਰਹਕੇ ਟੁਰ ਗਿਆ ਹੈ। ਬਲਬੀਰ ਬੀ।

ਪਹਾੜ ਜਾਣ ਦਾ ਕੋਈ ਸੰਕਲਪ ਅਜੇ ਨਹੀਂ। ਤੁਸਾਂ ਸਭਨਾਂ ਨੇ ਅਪਨਾ ਜਾਣਾ ਮੇਰੇ ਪਿਛੇ ਨਾ ਅਟਕਾਣਾ। ਸੁਤੰਤ੍ਰ ਅਪਨੇ choice ਨਾਲ ਜਿਥੇ ਚਿਤ ਹੋਵੇ ਚਲੇ ਜਾਣਾ। ਮੈਂ ਜਿਸ ਵੇਲੇ ਜਾਣ ਦਾ ਥਹੁ ਨਿਕਲਿਆ ਪਤਾ ਦੇ ਦੇਸਾਂ।

ਏਥੇ ਗੁਰੂ ਗ੍ਰੰਥ ਸਾਹਿਬ ਆਦਿ ਛਾਪਣ ਦਾ ਪ੍ਰਬੰਧ ਹੋ ਗਿਆ ਹੈ। ਕਾਗਜ਼ ਵਲੈਤੋਂ ਆਵੇਗਾ। ਦੋ ਮਹੀਨੇ ਤਕ ਛਪਣਾ ਅਰੰਭ ਹੋਸੀ।

ਸੰਤ ਸ਼ਾਯਦ ਛਨਿਛਰ ਤਕ ਟੁਰੇਗੀ। ਪਤਾ ਨਹੀਂ ਫਿਰ ਕੀ ਪ੍ਰੋਗ੍ਰਾਮ ਬਣੇ। ਹੋਰ ਸੁਖ ਸਾਂਦ ਹੈ।

ਮਲਕ ਜੀ, ਰਾਜ ਜੀ ਜੋਗ ਅਸੀਸ
ਆਪ ਦਾ - ਵੀਰ ਸਿੰਘ

**"ਹਰਿ ਬਿਸਰਤ ਸਦਾ ਖੁਆਰੀ॥**
**ਤਾ ਕਉ ਧੋਖਾ ਕਹਾ ਬਿਆਪੈ**
**ਜਾ ਕਉ ਓਟ ਤੁਹਾਰੀ॥"**
(ਟੋਡੀ ਮਹਲਾ ੫, ਪੰਨਾ ੭੧੧)

ਧੰਨ ਗੁਰੂ ਨਾਨਕ
ਅਰਸ਼ਾਂ ਦੇ ਮਾਲਕ 'ਤੇ ਲੋ ਜਮਾਓ

ਵੀਰ ਸਿੰਘ

---

* ਬਾਬੀ = ਪ੍ਰੋ. ਪੂਰਨ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੰਬੇ
੧੩-੨-੧੯੫੧

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ।

**'ਜਿਥੈ ਰਖਹਿ ਬੈਕੁੰਠੁ ਤਿਥਾਈ।"**
(ਮਾਝ ਮਹਲਾ ੫, ਪੰਨਾ ੧੦੬)

ਸਤਿਗੁਰ ਦਾ ਵਾਕ ਹੈ। ਨਾਮ ਵਾਲਿਆਂ ਲਈ ਹਰ ਥਾਂ ਸਿਮਰਨ ਦੀ ਹੈ ਸੋ ਹਰ ਥਾਂ ਬੈਕੁੰਠ ਹੈ। ਬਾਕੀ ਸੋਚ ਵੀਚਾਰ ਗੁਣ ਤੇ ਸਕੰਲਪ ਵਿਕਲਪ ਨਾਮ ਵਾਲੇ ਨੇ ਜਿਤਣੇ ਹਨ।

ਜੋ ਬਾਣੀ ਦੇ ਲੜ ਲਗੇ, ਨਾਮ ਦੇ ਆਸਰੇ ਹੋ ਗਏ, ਉਹ ਸਦਾ ਖਿੜੇ ਰਹਿੰਦੇ ਹਨ। ਅਪਨੇ ਮਨ ਦੇ ਸੰਕਲਪ ਵਿਕਲਪਾਂ ਦੀਆਂ ਨੈਯਾਂ ਨੂੰ ਤਰ ਨਿਕਲਣਾ ਚਾਹਯੇ।

**"ਨਦੀ ਤਰਦੰੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ॥"**
(ਸਲੋਕ ਮਹਲਾ ੫, ਪੰਨਾ ੫੨੦)

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਅੰਮ੍ਰਿਤਸਰ
੧੧-੧੦-੧੯੧੩

ਪਵਿਤ੍ਰਾਤਮਾ ਜੀਓ

ਘਾਬਰਨ ਦੀ ਲੋੜ ਨਹੀਂ। ਅਸੰਖ ਸੋਚਾਂ ਨੂੰ ਮਨ ਵਿਚ ਵਾਸ ਦੇਣਾ ਪਾਪ ਹੈ।

ਇਹੋ ਜੇਹੀਆਂ ਵਿਚਾਰਾਂ ਕਾਇਰਾਂ ਦਾ ਕੰਮ ਹੈ। ਅੰਮ੍ਰਿਤ ਧਾਰੀਆਂ ਦਾ ਨਹੀਂ। ਗੁਰੂ ਸਿਰ 'ਤੇ ਹੈ ਤੇ ਸਾਡਾ ਪਯਾਰਾ ਤੇ ਰਾਖਾ ਹੈ। ਓਹ ਜੋ ਕਰੇਗਾ ਸੋ ਚੰਗਾ ਕਰੇਗਾ।

ਦਮ ਬਦਮ ਸਾਈਂ ਦਾ ਨਾਮ ਚਲੇ। ਚਿਤ ਚੜਦੀਆਂ ਕਲਾਂ ਵਿਚ ਰਹੇ। ਕਿਸੇ ਤੰਗੀ ਦੁਖ ਵਿਚ ਸੁਰਤ ਘਬਰਾ ਵਿਚ ਨਾਂ ਜਾਵੇ। ਇਹ ਸਿਖੀ ਹੈ। ਸ਼ੇਰ ਹੋਣਾ, ਤਕੜੇ ਰਹਿਣਾ, ਕਾਂਪ ਨਹੀਂ ਖਾਣੀ। ਢਹਿੰਦੀ ਕਲਾਂ ਵਿਚ ਨਹੀਂ ਵੱਸਣਾ। ਇਹ ਸਾਡਾ ਧਰਮ ਹੈ, ਬਾਕੀ ਸ੍ਰੀ ਗੁਰੂ ਨਾਨਕ ਦੇਵ ਆਪ ਕਰ ਰਿਹਾ ਹੈ। ਜੋ ਸਾਡੇ ਲਈ ਯੋਗ ਹੈ।

ਨਿਰਾਸ ਹੋਣਾ ਸਿਖ ਦਾ ਕੰਮ ਨਹੀਂ ਹੈ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਡੇਰਾ
੨੪-੧-੧੯੪੯

ਪਵਿਤ੍ਰਾਤਮਾ ਜੀਓ

ਵਾਹਿਗੁਰੂ ਜੀ ਨੂੰ ਅੰਗ ਸੰਗ ਸਮਝੋ। ਹਜੂਰੀ ਵਿਚ ਵਸੋ। ਫੇਰ ਕੋਈ ਦਿਲ ਦੀ ਬੱਝ ਬਾਕੀ ਨਹੀਂ ਰਹਿੰਦੀ। ਬੱਝਾਂ ਭੁਲ ਨਾਲ ਵਾਪਰਦੀਆਂ ਹਨ।

**"ਤੂੰ ਹਜੂਰ ਜਾਨਿਆ ਮੈਂ ਦੂਰ"**

ਜੇ ਦੂਰ ਜਾਣੀਏ, ਹਜੂਰੀ ਵਿਚ ਵਸੀਏ ਤਾ ਵਿਗਾਸ ਰੂਪ ਪਰਮਾਤਮਾ ਦੀ ਛੂਹ ਸਾਨੂੰ ਖੇੜਾ ਦੇਂਦੀ ਹੈ।

ਹੋਰ ਅਸੀਸ। ਨਾਮ ਚਿਤ ਰਹੇ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਡੇਰਾ
੧੦-੧੧-੧੯੧੨

ਪਵਿਤ੍ਰਾਤਮਾ ਜੀਓ

ਕੇਸਾਂ ਬਾਰੇ, ਮੇਰੀ ਜਾਚੇ, ਮੈਨੂੰ ਬਾਹਰੋਂ ਕਹਿਣ ਦੀ ਲੋੜ ਨਹੀਂ। ਕੇਸ ਅੰਦਰੋਂ ਉਗਣਗੇ, ਅਰ ਅੰਦਰੋਂ ਉਗੇ ਸਦਾ ਰਹਿਣਗੇ।

**"ਤੂੰ ਸਾਹਿਬ ਹਉ ਸਾਂਗੀ ਤੇਰਾ"**
(ਆਸਾ ਮ:੧, ਪੰਨਾ ੩੫੮)

ਗੁਰਵਾਕ ਹੈ। ਮਾਸ਼ੂਕ ਦੀ ਸੂਰਤ ਆਸ਼ਿਕ ਨੂੰ ਆਪਣੇ ਵਰਗਾ ਬਣਾਇਆ ਕਰਦੀ ਹੈ। ਉਪਦੇਸ਼ ਤੇ ਦਲੀਲ ਨਹੀਂ ਪਰ ਪ੍ਰੇਮ ਨਾਲ। ਸੋ ਕਲਗੀਆਂ ਵਾਲੇ ਦੇ ਪ੍ਰਮੀ ਆਪੇ ਹੀ ਪ੍ਰੀਤਮ ਦੇ ਸਾਂਗੀ ਬਣਦੇ **ਬਣਦੇ** ਅਸਲੀ ਹੋ ਜਾਂਦੇ ਹਨ।

ਹਿਤਕਾਰੀ
ਵੀਰ ਸਿੰਘ

ਨੋਟ: ੧੯੧੨ ਵਿਚ ਸਿਆਲਕੋਟ ਸਿਖ ਐਜੂਕੇਸ਼ਨਲ ਕਾਨਫਰੇਂਸ ਹੋਈ। ਪ੍ਰੋ ਪੂਰਨ ਸਿੰਘ, ਜੋ ਸਵਾਮੀ ਰਾਮ ਤੀਰਥ ਦੀ ਸੰਗਤ ਕਰਕੇ, ਕੇਸ ਕਤਲ ਕਰਵਾ ਚੁਕਾ ਸੀ, ਭਾਈ ਵੀਰ ਸਿੰਘ ਜੀ ਦੀ ਇਕ ਮੁਲਾਕਾਤ ਨਾਲ ਹੀ ਬਦਲ ਗਿਆ। ਹੁਣ ਪ੍ਰੋ. ਪੂਰਨ ਸਿੰਘ ਦੇ ਰਿਸ਼ਤੇਦਾਰਾਂ ਨੇ ਭਾਈ ਸਾਹਿਬ ਨੂੰ ਲਿਖਿਆ ਕਿ ਪੂਰਨ ਨੂੰ ਆਖੋ ਕਿ ਕੇਸ ਰਖ ਕੇ ਅੰਮ੍ਰਿਤ ਛਕ ਲਵੇ। ਉਹਨਾਂ ਨੂੰ ਜਵਾਬ ਵਿਚ ਉਪਰ ਵਾਲੀ ਚਿਠੀ ਲਿਖੀ ਗਈ ਸੀ।

ਸੰਪਾਦਕ

 www.sikhbookclub.com

# ੭. ਨੇਹੀ ਤੰਦੜੀਆਂ

(ਅਗਲੇ ੪੩ ਪੱਤਰ ਸ: ਗੁਲਸ਼ਨਬੀਰ ਸਿੰਘ ਜੀ
ਵਲੋਂ ਪ੍ਰਾਪਤ ਹੋਏ ਹਨ, ਬਹੁਤ ਬਹੁਤ ਧੰਨਵਾਦ)


www.sikhbookclub.com

੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ

ਅੰਮ੍ਰਿਤਸਰ
੧੫.੨.੫੫

ਪਿਆਰੇ ਜੀਉ ਜੀ

ਆਪ ਜੀ ਦਾ ਪਤ੍ਰ ੫.੨.੫੫ ਦਾ ਪ੍ਰਾਪਤ ਹੋਇਆ ਜੀ, ਜਿਸ ਵਿਚ ਰੁਪਏ ੫੦੦) ਦਾ ਡਰਾਫ਼ਟ [illegible] ਦੇ [illegible]। ਆਪ ਜੀ ਨੇ ਇਹ ਉਪਕਾਰ ਦਾ ਕੰਮ ਕੀਤਾ ਜੀ [illegible] ਹੈ। ਤਾਂ ਉਸ ਦਾ ਬਹੁਤ ਬਹੁਤ ਧੰਨਵਾਦ ਹੈ। ਆਪ ਜੀ ਨੇ ਦਾਸ ਨੂੰ ਇਸ [illegible] ਕੰਮ [illegible] ਹੈ ਤੇ ਅਸੀਸਾਂ ਪ੍ਰਾਪਤ ਕਰਾਂ।

ਰਕਮ ਦੀ ਪਹੁੰਚ ਦੀ ਰਸੀਦ ਦਫ਼ਤਰ ਵਲੋਂ ਆਪ ਜੀ ਨੂੰ ਜਲਦੀ ਪਹੁੰਚੇਗੀ। ਆਪ ਸ੍ਰੀਮਾਨ [illegible] ਕਿ [illegible] ਦੀ [illegible] ਦੀ ਰਕਮ [illegible] ਦੇ [illegible] ਆਪਣੇ ਪਾਸ ਹੈ।

[illegible] ਹਾਂ।

ਆਪ ਜੀ ਦਾ
[illegible]
[illegible]

[illegible]

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੧੧-੧੨-੩੪

ਕ੍ਰਿਪਾਲ ਜੀਓ

ਆਪ ਜੀ ਦਾ ਪਤ੍ਰ ਪਹੁੰਚ ਗਿਆ ਸੀ, ਪਰ ਬਹੁਤ ਰੁਝੇਵੇਂ ਦੇ ਕਾਰਣ ਛੇਤੀ ਉਤਰ ਨਹੀਂ ਪਾ ਸਕਿਆ, ਖਿਮਾ ਕਰਨਾ। ਆਪ ਦੀ ਘਲੀ ਸਬਜੀ ਨਿਉਜੇ ਤੇ ਮਕੀ ਆਟਾ ਠੀਕ ਪੁਜ ਗਏ ਸਨ। ਕ੍ਰਿਪਾਲਤਾ ਦਾ ਬਹੁਤ ਧਨਯਵਾਦ ਹੈ। ਆਸ ਹੈ ਆਪ ਪਰਵਾਰ ਸਹਿਤ ਪ੍ਰਸੰਨ ਹੋਸੋ।

ਵਾਹਿਗੁਰੂ ਅੰਗ ਸੰਗ।

ਬੀਬੀ ਜੀ ਜੋਗ ਅਸੀਸ, ਕਾਕੀਆਂ ਕਾਕਿਆਂ ਜੋਗ ਅਸੀਸ ਗੁਰੂ ਚਿਤ ਰਹੇ।

ਆਪ ਦਾ
ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਪਵਿਤ੍ਰਾਤਮਾ ਜੀਓ--

ਪਤ੍ਰ ਪਹੁੰਚਾ। ਜਰੂਰੀ ਕੰਮਾਂ ਦਾ ਬੜਾ ਰੋਝਾ ਹੈ ਤੇ ਸਿਹਤ ਵੀ ਅਜੇ normal ਨਹੀਂ। ਤੁਸੀ ਜੇ ਬਜਾਏ ਹਫਤੇ ਕੁ ਦੇ ੬ ਜੂਨ ਯਾ ਬਾਦ ਨੂੰ ਆਓ ਤਾਂ ਚੰਗਾ ਹੈ। ਇਸਤੋਂ ਪਹਲੋਂ ਨਾ ਆਨਾ। ਸ਼ਿਮਲੇ ਜਾਣ ਦੀ ਤ੍ਰੀਕ ਇਹ ਵੀਚਾਰ ਕੇ ਮੁਕਰਰ ਕਰਨੀ।

ਹੋਰ ਸੁਖ ਹੈ। ਅਸੀਸ। ਗੁਰੂ ਚਿਤ ਰਹੇ ਸਰਦਾਰ ਜੀ ਜੋਗ ਅਸੀਸ।

ਵੀਰ ਸਿਘ

ਅੰਮ੍ਰਤਸਰ
੨੪.੬.੩੫

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਪਵਿਤ੍ਰਾਤਮਾ ਜੀਓ-

ਆਪ ਜੀ ਦੇ ਪਤ੍ਰ ਪਹੁੰਚੇ। ਖੁਸ਼ੀ ਹੋਈ ਕਿ ਆਪ ਤੇ ਸਾਰਾ ਪ੍ਰਵਾਰ ਪ੍ਰਸੰਨ ਹੋ। ਮੇਰਾ ਪਹਾੜ ਜਾਨੇ ਦਾ ਸੰਕਲਪ ਤਾਂ ਅਜੇ ਹੈ, ਪਰ ਕਿਥੇ ਤੇ ਕਦੋਂ ਇਹ ਅਜੇ ਫੈਸਲਾ ਨਹੀਂ ਕਰ ਸਕਿਆ।

ਹੋਰ ਅਸੀਸ।

ਆਪਦੇ ਪਿਤਾ ਤੇ ਮਾਤਾ ਜੀ ਜੋਗ ਮੇਰੀ ਵਾਹਿਗੁਰੂ ਜੀ ਕੀ ਫਤੇ ਅਸੀਸ। ਬਚਯਾਂ ਨੂੰ ਪਿਆਰ

ਆਪਦਾ ਹਿਤਕਾਰੀ
ਵੀਰ ਸਿੰਘ

ਅੰਮ੍ਰਿਤਸਰ
੫-੯-੩੫

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

Radha Bhawan
Vincent hill
mussoorie
16-10-35

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ। ਆਪ ਜੀ ਦੇ ਸਦੇ ਦਾ ਧਨਯਵਾਦ ਹੈ। ਮੈਂ ੧੦ ਤ੍ਰੀਕ ਤੋਂ ਮਸੂਰੀ ਆ ਗਿਆ ਹੋਯਾ ਹਾਂ। ਹੁਣ ਇਥੋਂ ਸਿਮਲੇ ਆ ਸਕਨਾ ਕਠਨ ਹੈ। ਕੋਈ ਬਹੁਤ ਹੀ ਚੰਗਾ ਮਿਲੇ ਗਏ ਹੈ। ਹੋਰ ਸੁਖ ਸਾਂਦ ਹੈ। ਅਪਦੇ ਪਿਤਾ ਮਾਤਾ ਤੇ ਪਤੀ ਜੀ ਜੋਗ ਮੇਰੀ ਸਤਿਸ੍ਰੀਅਕਾਲ ਕਹਣੀ।

ਆਪਦਾ
ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਪਵਿਤ੍ਰਾਤਮਾ ਜੀਓ

ਪਤ੍ਰ ਤੇ ਸਬਜੀ ਪਹੁੰਚੀ। ਆਪ ਜੀ ਤੇ ਸਿਮਲੇ ਵਾਲਿਆਂ ਦਾ ਧਨਯਵਾਦ ਹੈ, ਅਜੇ ਪਹਾੜੋਂ ਆਕੇ ਰੁਝੇਵੇਂ ਨਹੀ ਮੁਕੇ। ਥੋੜੇ ਦਿਨ ਠਹਰ ਕੇ ਸਹੀ।

ਹੋਰ ਸੁਖ ਸਾਂਦ ਹੈ। ਅਸੀਸ। ਗੁਰੂ ਚਿਤ ਰਹੇ। ਨਾਮ ਦਾ ਪਯਾਰ ਵਧੇ।

ਹਿਤਕਾਰੀ

ਵੀਰ ਸਿੰਘ

ਅੰਮ੍ਰਿਤਸਰ
੨੫-੧੧-੩੫

 www.sikhbookclub.com

੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਪਵਿਤ੍ਰਾਤਮਾ ਜੀਓ

ਪਤ੍ਰ ਤੁਸਾਂ ਦਾ ਪੁਜਾ। ਸਭ ਤਰਾਂ ਸੁਖ ਸਾਂਦ ਹੈ। ਸਬਜੀ ਪੁਜ ਗਈ ਸੀ, ਥੈਂਕੰਸ। ਮੈਂ ਉਸੇ ਦਿਨ ਇਧਰ ਆ ਰਿਹਾ ਸੀ। ਥੋੜੇ ਦਿਨ ਏਥੇ ਠਹਰਨੇ ਦਾ ਸੰਕਲਪ ਹੈ। ਹੋਰ ਸਭ ਤਰਾਂ ਸੁਖ ਸਾਂਦ ਹੈ।

ਵਾਹਿਗੁਰੂ ਚਿਤ ਰਹੇ ਤੇ ਬਾਣੀ ਦਾ ਪਯਾਰ ਵਧੇ।

ਆਪਦਾ ਹਿਤਕਾਰੀ
ਵੀਰ ਸਿੰਘ

ਪੰਚਵਟੀ, ਡੇਹਰਾਦੂਨ
੧੫-੮-੩੭

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

Elspeth
mussoorie
9-9-37

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ ਸੁਖ ਹੋਇਆ ਵਾਚਕੇ ਕਿ ਤੁਸੀਂ ਪਰਵਾਰ ਸਹਿਤ ਸਭ ਪ੍ਰਸੰਨ ਹੋ।

ਸੇਉ ਭੇਜਣ ਦੀ ਆਗਯਾ ਮੰਗਣ ਦਾ ਸੰਦੇਸ ਵਾਚਿਆ। ਧੰਨਯਵਾਦ ਹੈ। ਪਰ ਕੋਈ ਸੈ ਸੇਊ ਯਾ ਕੁਛ ਹੋਰ ਓਥੇ ਘਲਣ ਦੀ ਖੇਚਲ ਨਾ ਕਰਨੀ। ਇਕ ਤਾਂ ਏਥੇ ਸਬਜੀਆਂ ਬਹੁਤ ਹਨ ਸਿਮਲੇ ਤੋਂ ਸਵਲੀਆਂ ਹਨ। ਦੂਜੇ ਫਲਾਂ ਦਾ ਵਰਤਾਉ ਹੀ ਸਾਡੇ ਘਟ ਹੈ, ਮੈਂ ਸੇਬ ਹੁਣ ਲਗਪਗ ਨਹੀਂ ਖਾਂਦਾ। ਤੀਜੇ ਸ਼ਿਮਲੇ ਤੋਂ ਦੋ ਵੇਰ ਆਏ ਸੇਬ ਅਜੇ ਨਹੀਂ ਮੁਕੇ, ਤੇ ਜਾਂ ਸਾਯਦ ਅਜੇ ਤਕ ਇਕ ਵੀ ਨਹੀ ਖਾਧਾ। ਸੇਬ....ਤੇ ਖਰਚ ਐਵੇਂ ਹੀ ਜਾਸੀ, ਇਸ ਕਰਕੇ ਨਾ ਘਲਣੇ। ਤਾਕੀਦ ਹੈ।

ਹੋਰ ਸੁਖ ਸਾਂਦ ਹੈ। ਸਰਦਾਰ ਮਕਸੂਦਨ ਸਿੰਘ ਜੀ, ਬੀਬੀ ਜੀ ਤੇ ਸਭ ਕਾਕੀਆਂ ਕਾਕਿਆਂ ਜੋਗ ਅਸੀਸ।

ਆਪਦਾ ਹਿਤਕਾਰੀ
ਵੀਰ ਸਿੰਘ


www.sikhbookclub.com

੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਪਯਾਰੇ ਜੀਓ

ਆਪ ਜੀ ਦਾ ਖਤ ਤੇ ਬਿਲਟੀ ਪੁਜੇ। ਸਬਜੀਆਂ ਆਦਿ ਦਾ ਪਾਰਸਲ ਠੀਕ ਪੁਜ ਗਿਆ, ਕ੍ਰਿਪਾਲਤਾ ਦਾ ਪਰਮ ਧਨਯਵਾਦ ਹੈ। ਆਸ ਹੈ ਆਪ ਸਪਰਵਾਰ ਆਨੰਦ ਪ੍ਰਸੰਨ ਹੋਸੋ। ਹੁਣ ਤਾਂ ਸਰਦੀ ਏਥੇ ਵੀ ਵਧ ਗਈ ਹੈ ਓਥੇ ਤਾਂ ਖੂਬ ਕਰਾਰੀ ਹੋ ਗਈ ਹੋਵੇਗੀ। ਹੋਰ ਸੁਖ ਸਾਂਦ ਹੈ।

ਬੀਬੀ ਜੀ ਜੋਗ ਅਸੀਸ। ਬਚਯਾਂ ਜੋਗ ਪਿਆਰ।

ਆਪ ਦਾ ਹਿਤਕਾਰੀ
ਵੀਰ ਸਿੰਘ

ਅੰਮ੍ਰਿਤਸਰ
੧੬.੧੧.੩੭

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

Elspeth
mussoorie
14.9.38

ਪਯਾਰੇ ਜੀਓ

ਆਪ ਜੀ ਦਾ ੧੦ ਤ੍ਰੀਕ ਦਾ ਪਤਰ ਤੇ ਬਿਲਟੀ ਅਜ ਇਥੇ ਆ ਮਿਲੇ ਹਨ, ਜਾਂ ੧੧ ਤ੍ਰੀਕ ਤੜਕੇ ਇਧਰ ਨੂੰ ਟੁਰ ਪਿਆ ਸੀ। ਆਪਦੀ ਕ੍ਰਿਪਾਲਤਾ ਦਾ ਧਨਯਵਾਦ ਹੈ। ਬਿਲਟੀ ਅਜ ਵਾਪਸ ਅੰਮ੍ਰਿਤਸਰ ਭੇਜ ਰਿਹਾ ਹਾਂ। ਹੋਰ ਸਭ ਤਰਾਂ ਸੁਖਸਾਂਦ ਹੈ। ਬੀਬੀ ਤੇ ਪ੍ਰਕਾਸ਼ ਜੀ ਜੋਗ ਅਸੀਸ, ਬਚਿਆਂ ਨੂੰ ਪਯਾਰ।

ਪ੍ਰਕਾਸ਼ ਜੀ, ਜੈਸਾ ਕਿ ਆਪ ਨੇ ਲਿਖਿਆ ਹੈ, ਇਹ ਮਹੀਨਾ ਹੋਰ ਸ਼ਿਮਲੇ ਰਹਿ ਲੈਣ ਤਾਂ ਚੰਗਾ ਹੈ। ਹੇਠਾਂ ਰਾਤਾਂ ਤਾਂ ਠਰ ਗਈਆਂ ਸਨ, ਪਰ ਦੁਪਹਰਾਂ ਅਜੇ ਬਹੁਤ ਗਰਮ ਸਨ। ਆਪ ਸਭਨਾ ਜੋਗ ਵਾਹਿਗੁਰੂ ਜੀ ਚਿਤ ਰਹਨ ਗੁਰੂ ਜੀ ਮੇਹਰਾਂ ਕਰਨ।

ਆਪ ਦਾ ਹਿਤਕਾਰੀ
ਵੀਰ ਸਿੰਘ


www.sikhbookclub.com

੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਪਜਾਰੇ ਜੀਓ

ਅਜ ਇਕ ਪਾਰਸਲ ਅਪਨੇ ਬਗੀਚੇ ਦੀਆਂ ਨਾਖਾਂ ਦਾ ਘਲਿਆ ਹੈ, ਬਿਲਟੀ ਇਸ ਲਫਾਫੇ ਵਿਚ ਹੈ। ਆਸ ਹੈ ਠੀਕ ਪਹੁੰਚ ਜਾਸਣ।

ਹੋਰ ਸੁਖ ਸਾਂਦ ਹੈ।

ਸ੍ਰੀ ਬੀਬੀ ਜੀ, ਕਾਕੀ ਪ੍ਰਕਾਸ਼ ਜੀ ਤੇ ਹੋਰ ਬਚਿਆਂ ਨੂੰ ਅਸੀਸ। ਸ.ਮਨੋਹਰ ਸਿੰਘ ਜੀ ਓਥੇ ਹੋਣ ਤਾਂ ਵਾਹਿਗੁਰੂ ਜੀ ਕੀ ਫਤੇ।

ਆਪ ਦਾ ਹਿਤਕਾਰੀ
ਵੀਰ ਸਿੰਘ

੧੭-੮-੩੯


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਪਵਿਤ੍ਰਾਤਮਾ ਜੀਓ

ਸੁਖ ਸਾਂਦ ਦਾ ਪਤ੍ਰ ਪਹੁੰਚਾ। ਵਾਚਕੇ ਸੁਖ ਹੋਇਆ। ਬਾਣੀ ਤੇ ਨਾਮ ਨੂੰ ਲਗੇ ਰਹੋ। ਉਚਾ ਮਨ ਉਚੀ ਸੁਰਤ ਤੇ ਉਚਾ ਆਚਰਣ ਇਹੋ ਜੀਵਨ ਦਾ ਲਾਹਾ ਹੈ। ਤ੍ਰੈਏ ਚੀਜਾਂ ਬਾਣੀ ਨਾਮ ਤੇ ਕੀਰਤਨ ਤੋਂ ਪ੍ਰਾਪਤ ਹੁੰਦੀਆਂ ਹਨ।

ਅਪਨੇ ਪਿਤਾ ਜੀ, ਸਰਦਾਰ ਜੀ, ਤੇ ਮਾਤਾ ਜੀ, ਮਾਸੀ ਜੀ ਤੇ ਸਰਵਤ ਪਰਵਾਰ ਜੋਗ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਓਣੀ। ਗੁਰੂ ਚਿਤ ਰਹੇ।

ਹਿਤਕਾਰੀ
ਵੀਰ ਸਿੰਘ
੬.੬.੪੦

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੨.੧੧.੪੦

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ। ਜਹਾਂ ਦਾਣੇ ਤਹਾਂ ਖਾਣੇ ਨਾਨਕਾ ਸਚ ਹੋਇ। ਵਾਹਿਗੁਰੂ ਜਿਥੇ ਲਿਜਾਵੇ ਸੁਖੀ ਰਖੇ ਤੇ ਯਾਦ ਰਹੇ।

ਕੋਈ ਕੰਮ ਕਾਜ ਏਥੇ ਹੀ ਮਿਲੇ ਜਾਵੇ ਤਾਂ ਚੰਗਾ ਹੈ। ਨਾਮ ਚਿਤ ਰਹੇ। ਸਭਨਾਂ ਜੋਗ ਆਸੀਸ।

**ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ**
**ਕਰਿ ਕਿਰਪਾ ਪ੍ਰਭ ਦੀਨ ਦਇਆਲਾ**
**ਗੁਣ ਗਾਵਉ ਰੰਗਿ ਰਾਤਾ।**

ਆਪਦਾ ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

60, LAWRENCE ROAD
AMRITSAR
6.2.41

ਪਯਾਰੇ ਜੀਓ

ਇਸ ਲਫਾਫੇ ਵਿਚ ਇਕ ਬਿਲਟੀ ਹੈ। ਅਪਨੇ ਬਗੀਚੇ ਦੇ ਮਾਲਟੇ ਦਾ ਇਕ ਪਾਰਸਲ ਆਪ ਜੋਗ ਘਲਿਆ ਹੈ ਰੇਲਵੇ ਪਾਰਸਲ ਦੁਆਰਾ। ਆਸ ਹੈ ਠੀਕ ਪਹੁੰਚ ਜਾਸੀ। ਲਗਪਗ ੭੭ ਦਾਣੇ ਹਨ

ਹੋਰ ਸੁਖ ਸਾਂਦ ਹੈ। ਸ੍ਰੀ ਬੀਬੀ ਜੀ ਜੋਗ ਅਸੀਸ ਬਚਿਆਂ ਜੋਗ ਪਯਾਰ।

ਆਪਦਾ
ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੫.੮.੪੧

ਪਯਾਰੇ ਜੀਓ ਜੀ

ਆਪ ਦਾ ਪਤ੍ਰ ੩੧ ਦਾ ਪੁਜ ਗਿਆ ਸੀ। ਬੂਟਿਆਂ ਦਾ ਪਾਰਸਲ ਦੋ ਤ੍ਰੈ ਦਿਨ ਮਗਰੋਂ ਪੁਜਾ ਸੀ। ਪਤੇ ਅਜੇ ਹਰੇ ਸਨ, ਪਰ ਇਥੇ ਪਹੁੰਚ ਕੇ ਕੁਛ ਉਦਾਸ ਹੋਏ ਹਨ। ਸਾਯਦ ਖੜੇ ਹੋ ਜਾਣ ਨਹੀਂ ਤਾਂ ਨਵੇਂ ਨਿਕਲ ਪੈਸਣ। ਆਪ ਦੀ ਕ੍ਰਿਪਾਲਤਾ ਤੇ ਪਯਾਰ ਦਾ ਧਨਯਵਾਦ ਹੈ। ਆਪ ਦੀ ਤੇ ਪਰਵਾਰ ਦੀ ਸੁਖ ਸਾਂਦ ਵਾਚਕੇ ਖੁਸੀ ਹੋਈ।

ਇਥੇ ਐਤਕੀ ਬਰਸਾਤ ਬਹੁਤ ਘਟ ਹੈ ਇਸ ਕਰਕੇ ਗਰਮੀ ਵਧੇਰੇ ਹੋ ਜਾਂਦੀ ਹੈ।

ਹੋਰ ਸੁਖ ਸਾਂਦ ਹੈ। ਸ੍ਰੀ ਬੀਬੀ ਜੀ ਤੇ ਬਚਿਆਂ ਜੋਗ ਅਸੀਸਾਂ।

ਧਨਯਵਾਦ ਸਹਿਤ

ਆਪਜੀ ਦਾ
ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੪.੯.੪੩

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ। ਸੁਖ ਸਾਂਦ ਵਾਚੀ। ਸੁਖ ਹੋਇਆ ਕਿ ਸਾਰੇ ਪ੍ਰਸੰਨ ਹੋ। ਸ. ਮਨੋਹਰ ਸਿੰਘ ਜੀ ਜੋ ੨੦੦) ਆਸ਼੍ਰਮ ਵਾਸਤੇ ਦੇ ਗਏ ਸਨ, ਸੋ ਪਹੁੰਚਾ ਦਿਤੇ ਹਨ। ਉਨ੍ਹਾਂ ਦੀ ਰਸੀਦ ਇਸ ਲਫਾਫੇ ਵਿਚ ਘਲ ਰਿਹਾ ਹਾਂ। ਸੰਭਾਲ ਲੈਣੀ। ਹੋਰ ਸੁਖ ਸਾਂਦ ਹੈ।

ਸਾਰੇ ਸੁਖ ਵਾਹਿਗੁਰੂ ਜੀ ਦੇ ਨਾਮ ਵਿਚ ਹਨ- **ਸਰਬ ਸੁਖਾਂ ਸੁਖ ਹਰਿਕੈ ਨਾਇ**, ਵਾਹਿਗੁਰੂ ਜੀ ਦਾ ਨਾਮ ਵਾਹਿਗੁਰੂ ਜੀ ਨਾਲ ਪ੍ਰੇਮ ਹੈ। ਗੁਰੂ ਮਿਹਰ ਕਰੇ ਤੇ ਤੁਸੀ ਲਗੇ ਰਿਹਾ ਕਰੋ। ਇਸੇ ਨਾਮ ਨੂੰ ਮਹਾਰਾਜ ਨੇ ਹਰਿ ਧਨ ਲਿਖਿਆ ਹੈ। ਇਹ ਸਦਾ ਧਨ ਏਥੇ ਸੁਖ ਦੇਂਦਾ ਤੇ ਅਗੇ ਨਾਲ ਜਾਂਦਾ ਹੈ। ਅਸੀਸ-ਵਾਹਿਗੁਰੂ ਚਿਤ ਰਹੇ।

ਤੁਸਾਡੀ ਮਾਤਾ ਜੀ ਜੋਗ ਸਤ ਸ੍ਰੀ ਅਕਾਲ ਹੋਰਨਾਂ ਜੋਗ ਅਸੀਸ।

ਆਪਦਾ
ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੧੫.੪.੪੪

ਪਯਾਰੇ ਜੀਓ

ਆਪ ਜੀ ਦਾ ਪਤ੍ਰ ਤੇ ਸਦੇ ਦਾ ਕਾਰਡ ਪਹੁੰਚਾ ਹੈ। ਬੀਬੀ ਬਾਸ ਜੀ ਦੇ ਆਨੰਦ ਕਾਰਜ ਦੀ ਬਹੁਤ ਖੁਸ਼ੀ ਹੈ। ਸਾਰੇ ਪਰਵਾਰਜੋਗ ਵਧਾਈ ਹੋਵੇ।

ਆਪਦੇ ਪਯਾਰ ਭਰੇ ਸਦੇ ਦਾ ਬਹੁਤ ਧਨਯਵਾਦ ਹੈ, ਪਰ ਮੈਂ ਸਾਯਦ ਸਫਰ ਦੀਆਂ ਖੇਚਲਾਂ ਕਰਕੇ ਪਹੁੰਚ ਨਾ ਸਕਾਂ, ਪਰ ਮੇਰੀਆਂ ਸੁਭ ਇਛਿਆ ਤੇ ਅਸੀਸਾਂ ਬੀਬੀ ਜੀ ਤੇ ਆਪ ਸਭਨਾਂ ਦੇ ਨਾਲ ਹੋਸਣ। ਗੁਰੂ ਮੇਹਰ ਕਰੇ ਤੇ ਸਭੇ ਕਾਰਜ ਸੁਹਣੇ ਸਿਰੇ ਚੜ੍ਹਾਵੇ। ਬੀਬੀ ਜੀ ਦੀ ਆਯੂ ਅਪਨੇ ਗ੍ਰਹਸਤ ਆਸ਼੍ਰਮ ਵਿਚ ਸੁਖਾਂ ਵਾਲੀ ਹੋਵੇ।

ਮੇਰੇ ਵਲੋਂ ਬੀਬੀ ਜੀ ਨੂੰ ਸਨੇਹਾ ਦੇ ਦੇਣਾ ਕਿ ਨਵੇਂ ਘਰ ਜਾਕੇ ਅਪਨਾ ਨਿਤਨੇਮ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸਨ ਪਾਠ ਨਹੀਂ ਭੁਲਣਾ ਤੇ ਸਦਾ ਯਤਨ ਕਰਨਾ ਕਿ ਜੀਵਨ ਨਾਮ ਬਾਣੀ ਤੇ ਉਪਕਾਰ ਵਾਲਾ ਹੋਵੇ। ਗੁਰੂ ਬੀਬੀ ਜੀ ਦਾ ਸਦਾ ਸਹਾਈ ਰਹੇ।

ਸਾਰੇ ਪਰਿਵਾਰ ਜੋਗ ਅਸੀਸ-ਨਾਮ ਚਿਤ ਰਹੇ।

ਆਪ ਦਾ ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੨੨.੬.੪੪

ਪਵਿਤ੍ਰਾਤਮਾ ਜੀਓ

ਆਪ ਜੀ ਦਾ ਪਤ੍ਰ ਤੇ ਸਰਦਾਰ ਮਨੋਹਰ ਸਿੰਘ ਜੀ ਹਥੀ ਘਲਿਆ ੨੦੦) ਪੁਜ ਗਿਆ ਹੈ। ਆਪ ਜੀ ਨੇ ਜੋ ਇਹ ਰਕਮ ਗ੍ਰੀਬ ਬੀਮਾਰਾਂ ਦੇ ਦੁਖ ਨਵਿਰਤੀ ਲਈ ਚੀ.ਖਾ. ਦੀਵਾਨ ਦੇ ਹੋ: ਹਸਤਪਤਾਲ ਲਈ ਘੱਲਿਆ ਹੈ ਬਹੁਤ ਉਤਮ ਕਿਸਮ ਦੀ ਖੈਰਾਯਤ ਲਈ ਘੱਲਿਆ ਹੈ। ਇਸ ਦਾ ਕੁਛ ਕੁਛ ਹਾਲ ਖਾ: ਸਮਾਚਾਰ ਵਿਚ ਛਪਦਾ ਰਹਿੰਦਾ ਹੈ। ੨੨ ਜੂਨ ਦਾ ਪਰਚਾ ਵਾਚ ਲਿਆ ਜੇ, ਆਪ ਦਾ ਘਲਿਆ ੧੦੦) ਅਗੇ ਵੀ ਪਹੁੰਚ ਚੁਕਾ ਹੈ। ਤੁਸੀਂ ਸਾਰੇ ਸੁਣਕੇ ਖੁਸ਼ ਹੋਸੋ ਕਿ ਇਸ ਪੱਕੀ ਗੋਲਕ ਵਿਚ ਤੀਹ ਹਜ਼ਾਰ ਤੋਂ ਉਪਰ ਰਕਮ ਜਮਾ ਹੋ ਚੁਕੀ ਹੈ। ਵਾਹਿਗੁਰੂ ਨੇ ਆਪ ਜੀ ਤੇ ਸਰਦਾਰ ਜੀ ਨੂੰ ਪਰਵਾਰ ਸਮੇਤ ਸਦਾ ਸੁਖੀ ਰਖੇ ਤੇ ਭਲੇ ਕੰਮਾਂ ਦੇ ਕਰਨੇ ਦੀ ਦਾਤ ਬਖਸਦਾ ਰਹੇ।

ਸ੍ਰੀ ਸਰਦਾਰ ਜੀ ਜੋਗ ਵਾਹਿਗੁਰੂ ਜੀ ਕੀ ਫਤੇ ਤੇ ਬਚਿਆਂ ਜੋਗ ਪਿਆਰ।

ਆਪ ਦਾ ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੬.੭.੪੪

ਪਵਿਤ੍ਰਾਤਮਾ ਜੀਓ

੨੯ ਦਾ ਪਤ੍ਰ ਪਹੁੰਚਾ।

ਨਿਕੀਆਂ ਚੀਜ਼ਾਂ ਕੀਮਤੀ ਹੁੰਦੀਆਂ ਹਨ। ਜਿਵੇਂ ਅਖ ਦੀ ਪੁਤਲੀ, ਧਰਤ, ਜ਼ਿਮੀਂ ਦੇ ਕੌਤਕ ਤੇ ਅਸਮਾਨਾਂ ਦੇ ਰੰਗ ਵੇਖਦੀ ਹੈ, ਮਾਸੀ ਜੀ ਪੁਛਦੇ ਹਨ ਕਿ ਜਾਲੀ ਦੀ ਚਾਂਦਨੀ ਦਾ ਲਮਾ ਚੁੜਾ ਕਿੰਨਾ ਹੋਵੇ।

ਚਾਂਦਨੀ ਤਾਂ ਯਾ ਧੁਪ ਤੋਂ ਰੱਖਿਆ ਲਈ ਬਣਾਈਦੀ ਹੈ ਪਰ ਉਸ ਤੋਂ। ਜਾਲੀ ਦੇ ਚਾਂਦਨੀ ਕਿਸ ਕਾਰਜ ਲਏ ਬਨਾਈ ਦੀ ਹੈ। ਇਸਦਾ ਪਤਾ ਲਗਣ ਤੇ ਲਮਾ ਚੁੜਾ ਲਿਖਯਾ ਜਾ ਸਕਦਾ ਹੈ। ਜਾਲੀ ਦੀ ਮਛਹਰੀ ਤੋਂ ਮਤਲਬ ਤਾਂ ਨਹੀਂ ਜਿਸਦੇ ਛਤ ਤੇ ਲਾਮਾਂ ਜਾਲੀ ਦੀਆਂ ਹੋਣ।

ਹੋਰ ਸੁਖ ਹੈ। ਬਰਖੁਰਦਾਰ ਮਨੋਹਰ ਸਿੰਘ ਜੀ ਜੋਗ ਵਾਹਿਗੁਰੂ ਜੀ ਕੀ ਫਤੇ ਤੇ ਕਾਕਾ ਜੀ ਨੂੰ ਪਯਾਰ।

ਸਭਨਾਂ ਜੋਗ ਗੁਰੂ ਚਿਤ ਰਹੇ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੧੦.੮.੪੪

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ। ਸੁਖ ਸਾਂਦ ਵਾਚਕੇ ਖੁਸ਼ੀ ਹੋਈ।

ਭੈਣ ਜੀ ਦਾ ਟੈਂਪਰੇਚਰ ੯੯.੨ ਤਕ ਉਠਦਾ ਹੈ ਪਰ ਡਾਕਟਰ ਆਖਦੇ ਹਨ "ਇਹ ਆਪੇ ਠੀਕ ਹੋ ਜਾਸੀ ਹੁਣ ਹਾਲਤ ਬਹੁਤ ਚੰਗੀ ਹੈ ਜੀ"।

ਆਪ ਦੇ ਪਯਾਰ ਦਾ ਕਿ ਆਪ ਆਕੇ ਸੇਵਾ ਨੂੰ ਤਯਾਰ ਸਾਓ ਬਹੁਤ ਧਨਯਵਾਦ ਹੈ। ਧੰਨ ਗੁਰ ਨਾਨਕ ਦੇਵ ਜੀ ਹਨ ਜੋ ਦਿਲਾਂ ਦੇ ਪ੍ਰੇਰਕ ਹਨ।

ਆਪ ਨੇ ਜੋ ਤੁਕਾਂ ਗੁਰਬਾਣੀ ਦੀਆਂ ਲਿਖੀਆਂ ਹਨ ਅਮੋਲਕ ਹਨ। ਥੈਂਕਸ। ਬਰਖੁਰਦਾਰ ਮਨੋਹਰ ਸਿੰਘ ਜੀ ਤੇ ਸਭਨਾਂ ਜੋਗ ਅਸੀਸ।

ਆਪ ਦਾ ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਪਯਾਰੇ ਜੀਓ

ਆਪਜੀ ਦਾ ੭.੧੧.੪੪ ਦਾ ਪਤ੍ਰ ੩੫੧) ਦੇ ਚੈਕ ਸਮੇਤ ਵਾਸਤੇ ਹੋਮਯੋਪੈਥਿਕ ਹਸਤਪਤਾਲ ਦੇ ਪੁਜ ਗਿਆ ਸੀ ਪਰ ਮੈਂ ਤਦੋਂ ਸਰੀਰ ਕਰਕੇ ਵੱਲ ਨਹੀਂ ਸਾਂ, ਤੇ ਡਾਕ ਨੂੰ ਕਿੰਨਾ ਚਿਰ attend ਨਹੀਂ ਕਰ ਸਕਿਆ। ਪਤਾ ਨਹੀਂ ਕਿ ਵਲ ਹੋਕੇ ਆਪ ਦੇ ਪਤ੍ਰ ਉਪ੍ਰਲੇ ਦਾ ਜਵਾਬ ਦੇ ਸਕਿਆ ਹਾਂ ਕਿ ਨਹੀਂ।

ਅਜ ਮੇਜ ਤੇ ਆਪ ਦਾ ਪਤ੍ਰ ਫੇਰ ਮਿਲਿਆ ਹੈ। ਇਸ ਸ਼ੁਭਹ ਕਰਕੇ ਕਿ ਸਾਯਦ acknowledge ਨਹੀਂ ਕਰ ਸਕਿਆ ਇਹ ਖਤ ਲਿਖ ਰਿਹਾ ਹਾਂ। ਆਪ ਦੀ ਰਕਮ ਪੁਜ ਗਈ ਸੀ ਤੇ ਮੈਂ ਚੀ.ਖਾ.ਦੀ. ਨੂੰ ਘਲ ਦਿਤੀ ਹੋਈ ਹੈ। ਆਸ ਹੈ ਰਸੀਦ ਆਪ ਜੋਗ ਉਨ੍ਹਾਂ ਵਲੋਂ ਸਿਧੀ ਪੁਜ ਗਈ ਹੋਵੇਗੀ। ਕੁਲ ਆਪ ਵਲੋਂ ਆਈ ਰਕਮ ੫੦੦) ਹੋ ਗਈ ਹੈ।

ਆਪ ਦੇ ਇਸ ਸਭ ਕਾਰਜ ਵਿਚ ਸਹਾਈ ਹੋਣ ਦਾ ਬਹੁਤ ਬਹੁਤ ਧਨਯਵਾਦੀ ਹਾਂ, ਆਪ ਦਾ ਇਹ ਦਾਨ 'ਟ੍ਰਸਟ' ਵਿਚ ਸਦਾ ਲਈ ਰਹੇਗਾ ਤੇ ਇਸਦੀ ਆਮਦਨ ਨਾਲ ਰੋਗੀਆਂ ਦੇ ਰੋਗ ਖੰਡਨ ਵਿਚ ਸਹਾਯਤਾ ਹੁੰਦੀ ਰਹੇਗੀ।

ਆਪ ਸੁਣਕੇ ਪ੍ਰਸੰਨ ਹੋਸੋ ਕਿ ਹੁਣ ਤਕ ੫੫੦੦੦) ਦੇ ਕ੍ਰੀਬ ਇਸ ਫੰਡ ਵਿਚ ਰਕਮ ਜਮਾ ਹੋ ਚੁਕੀ ਹੈ ਤੇ ਇਮਾਰਤ ਵਾਸਤੇ ਇਕ ਸਜਨ ਨੇ ੮ ਹਜ਼ਾਰ ਵਖਰਾ ਦਿਤਾ ਹੈ। ਇਮਾਰਤ ਦੀ ਨੀਂਹ ਸੰਤ ਸੰਗਤ ਸਿੰਘ ਜੀ ਰਖ ਗਏ ਹਨ। ਇਕ ਸਾਲ ਵਿਚ ਲਗਪਗ ੨੦ ਹਜ਼ਾਰ ਬੀਮਾਰ ਦਵਾਈ ਲੈ ਚੁਕੇ ਹਨ।

ਹੋਰ ਸੁਖ ਸਾਂਦ ਹੈ। ਆਸ ਹੈ ਸ੍ਰੀ ਪ੍ਰਕਾਸ਼ ਜੀ ਹੁਣ ਵ਼ਲ ਹੋਣਗੇ। ਮੇਰੀ ਵਲੋਂ ਅਸੀਸ। ਨਾਮ ਚਿਤ ਰਹੇ। ਬਚਿਆਂ ਨੂੰ ਪਯਾਰ।

ਆਪ ਦਾ ਹਿਤਕਾਰੀ
ਵੀਰ ਸਿੰਘ

ਅੰਮ੍ਰਤਸਰ
੭.੧੨.੪੪

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੧੫.੨.੪੫

ਪਯਾਰੇ ਜੀਓ ਜੀ

ਆਪ ਜੀ ਦਾ ਪੱਤ੍ਰ ੫.੨.੪੫ ਦਾ ਪੁਜ ਗਿਆ ਸੀ, ਜਿਸ ਵਿੱਚ ਇਕ ਡ੍ਰਾਫਟ ੫੦੦) ਦਾ ਵਾਸਤੇ ਹੋ: ਹਸਤਪਤਾਲ ਚੀਫ ਖਾਲਸਾ ਦੀਵਾਨ ਦੇ ਹੈਸੀ। ਆਪ ਜੀ ਨੇ ਇਸ ਉਪਕਾਰ ਦੇ ਕੰਮ ਵਿਚ ਜੋ ਦਿਲਚਸਪੀ ਲਈ ਹੈ ਉਸਦਾ ਬਹੁਤ ਬਹੁਤ ਧਨਯਵਾਦ ਹੈ। ਆਪ ਜੀ ਨੂੰ ਵਾਹਿਗੁਰੂ ਇਸ ਨੇਕੀ ਦੇ ਕੰਮ ਵਿਚ ਹਿਸਾ ਲੈਣ ਤੇ ਅਪਨੀਆਂ ਖੁਸ਼ੀਆਂ ਪ੍ਰਵਾਨ ਕਰੇ।

ਰਕਮ ਦੀ ਪਹੁੰਚ ਰਸੀਦ ਦੀ ਦੀਵਾਨ ਦੇ ਦਫਤਰੋਂ ਆਪ ਜੀ ਨੂੰ ਸਿਧੀ ਪਹੁੰਚੇਗੀ। ਆਪ ਜੀ ਖੁਸ ਹੋਸੋ ਸੁਣਕੇ ਕਿ ਹਸਤਪਤਾਲ ਦੀ ਪਕੀ ਗੋਲਕ ਦੀ ਰਕਮ ਹੁਣ ਸਠ ਹਜਾਰ ਦੇ ਨੇੜੇ ਤੇੜੇ ਅਪੜ ਪਈ ਹੈ।

ਹੋਰ ਸੁਖ ਸਾਂਦ ਹੈ। ਸਾਰੇ ਪ੍ਰਵਾਰ ਜੋਗ ਗੁਰੂ ਚਿਤ ਆਵੇ।

ਆਪ ਜੀ ਦਾ ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੧੦.੧੨.੪੫

ਪਵਿਤ੍ਰਾਤਮਾ ਜੀਓ

੮-੧੨-੪੫ ਦਾ ਪਤ੍ਰ ਪਹੁੰਚਾ। ਇਸਤੋਂ ਪਹਲੋਂ ਆਪ ਜੀ ਨੂੰ ਤੇ ਸ੍ਰੀ ਮਾਮਾ ਜੀ ਨੂੰ ਪਤ੍ਰ ਪਾ ਚੁਕਾ ਹਾਂ। ਪਤਾ ਪਾਸ ਠੀਕ ਨਾ ਹੋਣ ਕਰਕੇ ਖਤ ਸ੍ਰੀ ਲੀਲਾ ਜੀ ਦੇ ਖਤ ਵਿਚ ਪਾਏ ਸਨ। ਜੇ ਨਾ ਪੁਜੇ ਹੋਣ ਤਾਂ ਓਥੋਂ ਮੰਗਵਾ ਲੈਣੇ। ਹੋਰ ਸੁਖ ਸਾਂਦ ਹੈ।

ਅਸੀਸ- ਨਾਮ ਚਿਤ ਰਹੇ।

ਹਿਤਕਾਰੀ
ਵੀਰ ਸਿੰਘ

ਸਰਦਾਰ ਮਨੋਹਰ ਸਿੰਘ ਜੀ ਤੇ ਸਾਰੇ ਪਰਿਵਾਰ ਜੋਗ ਅਸੀਸ

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

੧੨-੧-੪੬

ਪਯਾਰੇ ਜੀਓ-

ਆਪ ਦਾ ਪਤ੍ਰ ਪੁਜ ਗਿਆ ਸੀ, ਫੇਰ ਤਾਰ ਦੇਣ ਤੇ ਆਪ ਦਾ ਤਾਰ ਵਿਚ ਜਵਾਬ ਪੁਜ ਗਿਆ ਸੀ। ਕਲ ਮਾਮਾ ਜੀ ਦਾ ਖਤ ਵੀ ਵਾਚਿਆ ਜਿਸ ਵਿਚ ਪ੍ਰਕਾਸ਼ ਜੀ ਦੇ .....ਦਿਨ ਦਿਨ ਵਲ ਹੁੰਦੇ ਜਾਣ ਦੀ ਸੁਧ ਸੀ। ਬੜੀ ਖੁਸ਼ੀ ਹੋਈ ਕਿ ਵਾਹਿਗੁਰੂ ਜੀ ਨੇ ਮਾਨੋ ਨਵਾਂ ਜਨਮ ਬਖਸ਼ਿਆ ਹੈ। ਗੁਰੂ ਮੇਹਰ ਕਰੇ ਤੇ ਛੇਤੀ ਪੂਰੀ ਸੇਹਤ ਪ੍ਰਦਾਨ ਕਰੇ। ਤੇ ਤੁਸਾਂ ਸਾਰਿਆਂ ਦੀ ਮਿਹਨਤ ਤੇ ਘਾਲ ਥਾ ਪਵੇ।.... ਦੇ ਦਾਤੇ ਡਾਕਟਰ ਸਾਹਿਬ ਦਾ ਬਹੁਤ ਸੁਕਰੀਆ ਮੰਨਣਾ ਚਾਹਯੇ ਜਿਨਾਂ ਨੇ ਇਤਨੀ ਕੁਰਬਾਨੀ ਕਰਕੇ ਜਾਨ ਬਚਾਣ ਵਿਚ ਸਹਾਯਤਾ ਕੀਤੀ ਹੈ। ਧੰਨ ਸਤ ਗੁਰੂ ਹੈ ਜੋ ਦਿਲਾਂ ਵਿਚ ਬੈਠ ਜਾਂਦਾ ਤੇ ਪਯਾਰ ਕਰਵਾਉਂਦਾ ਹੈ।

ਮੇਰੀ ਵਲੋਂ ਬਹੁਤ ਬਹੁਤ ਅਸੀਸ। ਗੁਰੂ ਛੇਤੀ ਛੇਤੀ ਪੂਰਨ ਅਰੋਗਤਾ ਤੇ ਤਾਕਤ ਬਖਸ਼ੇ। ਸਾਰੇ ਪਰਵਾਰ ਜੋਗ ਵਾਹਿਗੁਰੂ ਜੀ ਕੀ ਫਤੇ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੨੮.੩.੪੭

ਪਵਿਤ੍ਰਾਤਮਾ ਜੀਓ

੨੬ ਦਾ ਪਤ੍ਰ ਪਹੁੰਚਾ। ਸੁਖ ਸਾਂਦ ਵਾਚਕੇ ਖੁਸ਼ੀ ਹੋਈ।
ਅਸੀ ਸਾਰੇ ਸੁਖ ਸਹਿਤ ਹਾਂ ਗੁਰੂ ਦੀ ਮੇਹਰ ਦਾ ਸਦਕਾ।
ਵਾਹਿਗੁਰੂ ਜੀ ਦੀ ਯਾਦ ਹੀ ਦਿਲਾਂ ਦਾ ਸਚਾ ਸਹਾਰਾ ਬਣਦੀ ਹੈ।

**"ਸਿਮਰਿ ਸਿਮਰਿ ਨਾਮ ਬਾਰੰਬਾਰ
ਨਾਨਕ ਜੀਅ ਕਾ ਇਹੈ ਅਧਾਰ।"**

ਗੁਰੂ ਅੰਗ ਸੰਗ ਰਹੇ ਤੇ ਸਦਾ ਯਾਦ ਰਹੇ।
ਸਰਦਾਰ ਜੀ ਜੋਗ ਵਾਹਿਗੁਰੂ ਜੀ ਕੀ ਫਤੇ ਤੇ ਬਚਯਾਂ ਜੋਗ ਅਸੀਸ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ। ਸੁਖ ਸਾਂਦ ਵਾਚਕੇ ਖੁਸ਼ੀ ਹੋਈ। ਸੰਸਾਰ ਯਾਤ੍ਰਾ ਵਿਚ ਇਕੋ ਸੁਖ ਦੀ ਗਲ ਹੈ ਜੇ ਚਿਤ ਰਬ ਜੀ ਨਾਲ ਲਗੇ। ਹੋਰ ਦੁਖ ਸੁਖ ਰਲਵੇਂ ਚਲਦੇ ਹਨ। ਜੋ ਕਰਮਾਂ ਅਨੁਸਾਰ ਤੇ ਭਾਣੇ ਅਨੁਸਾਰ ਆਉਂਦੇ ਜਾਂਦੇ ਹਨ। ਨਾਮ ਬਾਣੀ ਨੂੰ ਲਗੇ ਰਿਹਾ ਕਰੋ। ਗੁਰੂ ਆਪ ਦਾ ਸਹਾਈ ਰਹੇ। ਸਰਦਾਰ ਜੀ ਤੇ ਸਾਰੇ ਪਰਵਾਰ ਜੋਗ ਅਸੀਸ।

ਹਿਤਕਾਰੀ
ਵੀਰ ਸਿੰਘ

ਡੇਰਾਦੂਨ
੨੮.੧੦.੪੮

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਡੇਰਾ (ਡੇਰਾਦੂਨ)
੧੫.੬.੪੯

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ।

ਸੁਖ ਸਾਂਦ ਵਾਚਕੇ ਖੁਸ਼ੀ ਹੋਈ। ਇਥੇ ਗੁਰੂ ਕੀ ਮੇਹਰ ਨਾਲ ਸੁਖ ਸਾਂਦ ਹੈ। ਵਾਹਿਗੁਰੂ ਨਾਮ ਨਾ ਭੁਲਿਆ ਕਰੋ। ਢਿਲ ਯਾ ਸੁਸਤੀ ਪਵੇ ਤਾਂ ਬਾਣੀ ਗੁਰੂ ਕੀ ਪੜਿਆ ਕਰੋ। ਬਾਣੀ ਵਿਚ ਵੀ ਦਿਲ ਨਾ ਲਗੇ ਤਾਂ ਗੁਰੂ ਸਾਹਿਬਾਂ ਦੀਆਂ ਸਾਖੀਆਂ ਚਰਿਤ੍ਰ ਸੂਰਜ ਪ੍ਰਕਾਸ ਆਦਿ ਤੋਂ ਵਾਚਿਆ ਕਰੋ। ਹਰ ਹਾਲ ਵਾਹਿਗੁਰੂ ਜੀ ਦੀ ਯਾਦ ਵਲ ਮਨ ਨੂੰ ਲਾਉਣ ਦਾ ਜਤਨ ਲੋੜੀਏ। ਹੋਰ ਗੁਰੂ ਕੀ ਮੇਹਰ ਨਾਲ ਸੁਖ ਹੈ।

ਸਰਦਾਰ ਜੀ ਜੋਗ ਵਾਹਿਗੁਰੂ ਜੀ ਕੀ ਫਤੇ, ਬਚਿਆਂ ਜੋਗ ਪਯਾਰ

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਡੇਰਾਦੂਨ
੧੯.੮.੪੯

ਪਵਿਤ੍ਰਾਤਮਾ ਜੀਓ

ਆਪਦਾ ਪਤ੍ਰ ਪਹੁੰਚਾ। ਖੁਸ਼ੀ ਹੋਈ ਕਿ ਆਪ ਮਸੂਰੀ ਆਬੋ ਹਵਾ ਬਦਲਨ ਲਈ ਗਏ ਹੋ। ਆਸ ਹੈ ਹੁਣ ਮੌਸਮ ਚੰਗਾ ਹੋਸੀ। ਤੇ ਤੁਸੀ ਸਾਰੇ ਅਨੰਦ ਪ੍ਰਸੰਨ ਹੋਸੋ।

ਗੁਰੂ ਅੰਗ ਸੰਗ। ਪਹਾੜਾਂ ਦੀ ਠੰਢ ਵਿਚ ਦਿਲ ਚੰਗਾ ਟਿਕਿਆ ਕਰਦਾ ਹੈ। ਅਪਨਾ ਵਕਤ ਬਾਣੀ ਨਾਮ ਵਿਚ ਸਫਲ ਕੀਤਾ ਕਰੋ। ਜੀਵਨ ਦਾ ਲਾਹਾ ਇਹੋ ਹੈ ਸਾਰੇ ਪਰਵਾਰ ਜੋਗ ਅਸੀਸ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤ਼ੇ

ਅੰਮ੍ਰਿਤਸਰ
੧੭.੧੦.੪੯

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ। ਸੁਖ ਸਾਂਦ ਵਾਚੀ। ਗੁਰੂ ਸਹਾਈ ਰ਼ਹੇ ਸਦਾ।
ਅਸੀ ਡੇਢ ਕੁ ਮਹੀਨਾ ਕਸੌਲੀ ਰਹਕੇ ਏਥੇ ਆਏ ਹਾਂ।
ਹੋਰ ਗੁਰੂ ਕੀ ਮਿਹਰ ਨਾਲ ਸੁਖ ਹੈ ਸਰਦਾਰ ਜੀ ਜੋਗ ਵਾਹਿਗੁਰੂ ਜੀ ਕੀ ਫਤੇ ਬਚਯਾਂ ਨੂੰ ਪਯਾਰ।

ਵਾਹਿਗੁਰੂ ਦੀ ਯਾਦ ਵਿਚ ਰਿਹਾਂ ਦਿਲ ਉਚਾ ਤੇ ਸੁਖੀ ਰਹਿੰਦਾ ਹੈ। ਇਹ ਕਾਰ ਸਹਜ ਭਾ ਜਾਰੀ ਰਖਿਆ ਕਰੋ, ਹੋਰ ਸੰਸਾਰ ਦੇ ਕਾਰ ਵਿਹਾਰ ਹੁੰਦੇ ਰਹਿੰਦੇ ਹਨ।

ਹਿਤਕਾਰੀ
ਵੀਰ ਸਿੰਘ

**ਸਿਮਰਿ ਸਿਮਰਿ ਨਾਮ ਬਾਰੰਬਾਰ**
**ਨਾਨਕ ਜੀਅ ਕਾ ਇਹੈ ਅਧਾਰ॥**


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਡੇਰਾ (ਡੇਰਾਦੂਨ)
੨੩.੫.੫੦

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ।

ਸੁਖ ਸਾਂਦ ਵਾਚਕੇ ਸੁਖ ਹੋਇਆ।

ਜੀਵਨ ਵਿਚ ਸੁਖ ਦਾ ਸਮਾ ਉਹੀ ਹੁੰਦਾ ਹੈ, ਜਦੋਂ ਵਾਹਿਗੁਰੂ ਦੀ ਹਜ਼ੂਰੀ ਵਿਚ ਨਾਮ ਦੁਆਰਾ ਹੋਈਦਾ ਹੈ। ਹੋਰ ਸੁਖ ਅਪਨੇ ਨਾਲ ਕਈ ਤਰਾਂ ਦੀਆਂ ਜਿਮੇਵਾਰੀਆਂ ਤੇ ਮੁਸ਼ਕਲਾਂ ਸਹਿਤ ਹੁੰਦੇ ਹਨ। ਨਾਮ ਦਾ ਸੁਖ ਸੁਤੜੇ ਸੁਖ ਤੇ ਅਸਲੀ ਸੁਖ ਹੁੰਦਾ ਹੈ ਜੋ ਆਤਮਾ ਤਕ ਠੰਢ ਪਾਉਂਦਾ ਹੈ।

ਸਰਦਾਰ ਜੀ ਜੋਗ ਵਾਹਿਗੁਰੂ ਜੀ ਕੀ ਫਤੇ।

ਬਚਿਆਂ ਨੂੰ ਪਯਾਰ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਡੇਹਰਾਦੂਨ
੮.੧੨.੫੦

ਪਯਾਰੇ ਬਰਖੁਰਦਾਰ ਤੇ ਸ੍ਰੀ ਬੀਬੀ ਜੀਓ

ਆਪ ਜੀ ਦੀ ਤਾਰ ਪਹੁੰਚੀ। ਉਸ ਵਿਚ ਲਿਖੇ ਆਪ ਦੇ ਪਯਾਰ ਭਾਵਾਂ ਦਾ ਧਨਯਵਾਦ ਹੈ।

ਧੰਨ ਗੁਰੂ ਨਾਨਕ! ਜੋ ਪਯਾਰ ਭਾਵ ਦਿਲਾਂ ਵਿਚ ਭਰ ਦੇਂਦਾ ਹੈ।

ਆਪਦਾ
ਹਿਤਕਾਰੀ
ਵੀਰ ਸਿੰਘ

ਪਾਰਸਲ ਪੁਜ ਗਿਆ ਸੀ, ਧੰਨਯਵਾਦ।


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਡੇਰਾ (ਡੇਰਾਦੂਨ)
੫.੫.੫੧

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ। ਸੁਖ ਸਾਂਦ ਮਿਲੀ। ਖੁਸ਼ੀ ਹੋਈ ਕਿ ਸੁਖੀ ਹੋ ਤੇ ਨਾਮ ਬਾਣੀ ਦੇ ਪ੍ਰਯਤਨਾਂ ਵਿਚ ਵਸਦੇ ਹੋ। ਗੁਰੂ ਅੰਗ ਸੰਗ ਰਹੇ।

ਸੰਸਾਰ ਵਿਚ ਦੁਖ ਸੁਖ ਮੁਸ਼ਕਲਾਂ ਆਸਾਨੀਆਂ ਸਭੋ ਕੁਛ ਰਲਿਆ ਮਿਲਿਆ ਹੈ। ਅਸਲ ਸੁਖੀ ਉਹੋ ਹੈ ਜੋ ਕੁਛ ਸਮਾਂ ਏਕਾਂਤ ਬੈਠਕੇ ਵਾਹਿਗੁਰੂ ਸਿਮਰਨ ਵਿਚ ਜੁੜ ਜਾਂਦਾ ਹੈ। ਇਹ ਅਮੋਲਕ ਦਾਤ ਹੈ, ਲਗੇ ਰਿਹਾ ਕਰੋ।

ਬਰਖੁਰਦਾਰ ਮਨੋਹਰ ਸਿੰਘ ਜੀ ਜੋਗ ਅਸੀਸ- ਨਾਮ ਚਿਤ ਰਹੇ।

ਬਚਯਾਂ ਨੂੰ ਪਯਾਰ

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਡੇਰਾਦੂਨ
੨੨.੬.੫੧

ਪਵਿਤ੍ਰਾਤਮਾ ਜੀਓ

ਆਪ ਦਾ ਪਤ੍ਰ ਪਹੁੰਚਾ।

ਸੁਖ ਸਾਂਦ ਵਾਚ ਕੇ ਖੁਸ਼ੀ ਹੋਈ।

ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਮੇਰਾ ਸਰੀਰ ਅਪਨੀ normal healh ਵਿਚ ਹੈ। ਕੋਈ ਫਿਕਰ ਨਾ ਕਰਨਾ।

ਬਰਖੁਰਦਾਰ ਮਨੋਹਰ ਸਿੰਘ ਜੀ ਨੂੰ ਵਾਹਿਗੁਰੂ ਜੀ ਕੀ ਫਤੇ, ਬਚਿਆਂ ਨੂੰ ਪਯਾਰ।

ਨਾਮ ਚਿਤ ਰਹੇ, ਜਗਤ ਦੇ ਉਲਝਾਵਾਂ ਵਿਚ ਕਰਤਾ ਪੁਰਖ ਨਾ ਵਿਸਰੇ।

ਹਿਤਕਾਰੀ
ਵੀਰ ਸਿੰਘ

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਡੇਰਾਦੂਨ
੧੬.੮.੫੧

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ।
ਖੁਸ਼ੀ ਹੋਈ ਕਿ ਆਪ ਸਾਰੇ ਪ੍ਰਸੰਨ ਹੋ
ਆਪਨੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਿਆ ਸੀ ਉਸਦਾ ਭੋਗ ਸੁਹਣਾ ਸੁਖਾਂ ਵਾਲੀ ਬ੍ਰਿਤੇ ਵਿਚ ਪਿਆ ਹੈ। ਇਸ ਦੀ ਵਧਾਈ ਹੋਵੇ ਤੇ ਮੇਰੇ ਵਲੋਂ ਸੁਕਰੀਆ।
ਵਾਹਿਗੁਰੂ ਅੰਗ ਸੰਗ ਰਹੇ, ਨਾਮ ਦਾ ਰੌ ਬੱਝਾ ਰਹੇ ਬਰਖੁਰਦਾਰ ਮਨੋਹਰ ਸਿੰਘ ਜੀ ਜੋਗ ਵਾਹਿਗੁਰੂ ਜੀ ਕੀ ਫਤੇ। ਬਚਿਆਂ ਨੂੰ ਪਯਾਰ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਡੇਰਾ
੨੫.੧੦.੫੧

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ। ਸੁਖ ਸਾਂਦ ਵਾਚੀ। ਜਗਤ ਦੀ constitution ਐਸੀ ਹੈ ਕਿ ਇਸ ਵਿਚ ਜੀਵਨ ਵਸਾਹ ਕਰਨ ਲਈ ਕੰਮ, ਉਲਝਨਾ ਤੇ ਮੁਸ਼ਕਲਾਂ ਦੇ ਹਲ ਦਰਪੇਸ ਰਹਿੰਦੇ ਹਨ। ਨਾਮ ਜਪਣ ਵਾਲੇ ਬਾਵਜੂਦ ਇਨਾਂ ਦੇ ਮਨ ਦੀ ਤਵਜੋ ਦਾ ਅੰਦਰਲਾ ਰੁਖ ਸਾਈਆਂ ਜੀ ਵਲ ਰਖਦੇ ਹਨ। ਇਸ ਰੁਖ ਦੇ ਬਣੇ ਰਹਣ ਲਈ ਬਾਣੀ ਦਾ ਪਾਠ ਵੀਚਾਰ ਕੀਰਤਨ ਕਰਦੇ ਸੁਣਦੇ ਰਹਿੰਦੇ ਹਨ ਤੇ ਨਾਮ ਦਾ ਲੜ ਫੜੀ ਰਖਦੇ ਹਨ।

ਸੋ ਤੁਰੇ ਰਹੋ ਇਹੋ ਰਾਹ ਹੈ ਤੁਰੇ ਰਿਹਾਂ ਕਦੇ ਮੰਜ਼ਲੇ ਅਪੜ ਜਾਈਦਾ ਹੈ, ਬਹ ਗਿਆਂ ਮਜਲੇ ਨਹੀ ਅਪੜੀ ਦਾ। ਸੋ ਲਗੇ ਰਹੋ। ਨਾਮ ਨਾ ਭੁੱਲੋ।

ਗੁਰੂ ਅੰਗ ਸੰਗ, ਨਾਮ ਦਾ ਰੰਗ। ਸਰਦਾਰਜੀ ਤੇ ਬਚਿਆਂ ਜੋਗ ਅਸੀਸ

ਹਿਤਕਾਰੀ
ਵੀਰ ਸਿੰਘ


www.sikhbookclub.com

**[ਅਗਲੇ ਦਿਤੇ ਗੀਤ ਨੂੰ ਵਜਾਉਣ ਦਾ ਚਿਤ੍ਰ]**

ਰਾਗ-ਜ਼ਿਲਾ ਸਿੰਧੜਾ ਮਿਲਿਆ ਹੋਇਆ। ਤਾਲ-ਤਿੰਨ।
ਗਤ-ਤਲਵਾੜਾ। ਮਾਤ੍ਰਾ-ਅੱਠ। ਲਯ-ਧੀਮੀ।
'ਅ' ਦਾ ਘਰ- 'ਕਿਨਾਰੇ' ਪਰ ਹੈ।

x x x

ਸੁਰ ਖਾਸ ਸਾ ਰੇ ਗਾ ਗਾ ਮਾ ਪਾ ਧਾ ਨੀ।

ਅਸਥਾਈ-

x x x

ਸਾਰੇ ਮਾ ਰੇ ਮਾ ਪਾ ਨੀ ਧਾ
ਬਾਹਾਂ ਉਲਾਰ ਖਲਤੀ

x x x

ਅੰਤਰਾ ੧- ਪਾ ਮਾ ਗਾ ਪਾਮਾ ਗਾਰੇ
ਸਾਗਰ ਦੇ ਹਾਂ ਕਿ ਨਾ ਰੇ

x x x

ਅੰਤਰਾ ੨- ਨੀ ੪ ਨੀ ਧਾ ਸਾ ਨੀ ਧਾ
ਲਹਿਰਾਂ ਨੂੰ ਦੇਖ ਕੰਬਾਂ

'ਡੋਲਾਂ ਹਵਾ ਹੁਲਾਰੇ'- ਇਸ ਨੂੰ ਅੰਤਰਾ ਨੰ:੧ ਤੇ ਵਜਾਓ
ਫੇਰ ਸਥਾਈ ਅੰਤਰਾ ੧ ਪਰ ਮਿਲਾਕੇ ਵਜਾਓ।
ਫੇਰ ਸਾਰਾ ਗੀਤ ਇਸੇ ਤਰ੍ਹਾਂ ਵਜਾਈ ਚਲੋ।

**ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ**

## ਦਰਸ਼ਨ ਜੋਦੜੀ

ਬਾਹਾਂ ਉਲਾਰ ਖਲੋਤੀ ਸਾਗਰ ਦੇ ਹਾਂ ਕਿਨਾਰੇ,
ਲਹਿਰਾਂ ਨੂੰ ਦੇਖ ਕੰਬਾਂ, ਡੋਲਾਂ ਹਵਾ ਹੁਲਾਰੇ।
ਪਈ ਹੱਕਲਾਂ ਹਾਂ ਮਾਰਾਂ ਨੈਣਾਂ ਤੋਂ ਛਮਛਮਾ ਹੋ,
ਦਿਲ ਉੱਛਲੇ ਤੇ ਛਲਕੇ ਲਹਿਰੀਂ ਚੜ੍ਹਾ ਉਤਾਰੇ।
'ਦਿਖਹੱਦ' ਤੇ ਨਜ਼ਰ ਹੈ, ਸੂਰਤ ਤਿਰੀ ਨੂੰ ਟੋਲੇ,
ਦਿਸ ਪੈਣ ਜੇ ਕਿਵੇਂ ਮੈਂ ਹੁਣ ਆ ਰਹੇ ਪਿਆਰੇ।
ਸ਼ਾਮਾਂ ਹੈ ਆਣ ਹੋਈ, ਘਨਚਾਲ ਪੈ ਰਹੀ ਹੈ,
ਹੈ ਸਹਿਮ ਛਾ ਰਿਹਾ ਹੁਣ, ਹੁਣ ਤਾਂ ਦਿਓ ਦਿਦਾਰੇ!
ਹੁਣ 'ਆਸ' ਰੁਸ ਰਹੀ ਹੈ, ਹੈ 'ਯਾਸ' ਉਸ ਮਨਾਵੇ,
ਆਖੇ: ਨ ਛੋੜ ਬੇਕਸ ਜੀਵੇ ਜੁ ਤੁਧ ਸਹਾਰੇ।
ਤੇਰੇ ਬਿਨਾ ਨ ਕੋਈ ਇਸ 'ਕੱਲ' ਦਾ ਹੈ ਬੇਲੀ
ਬਿਰਹੋਂ ਦੇ ਕੁੱਠਿਆਂ ਨੂੰ ਮਲਹਮ ਲਗਾ ਜਿਵਾਰੇ।
ਆ ਜਾ ਪਰੀਤਮਾ! ਹੁਣ ਮਿਹਰਾਂ ਦਾ ਲੈਕੇ ਬੋਹਿਥ,
ਚਰਨੀਂ ਲਗਾ ਲੈ ਆ ਕੇ ਸ਼ਰਨੀ ਸਮਾ ਲੈ ਪਯਾਰੇ!
ਵਾਂਙ ਮਗ਼ਰਬੀ ਸਿਤਾਰੇ ਦਿਸ ਪੌ ਅਕਾਸ਼ ਤੇ ਹੁਣ
ਜਦ ਲੋਪ ਹੋ ਰਹੇ ਹਨ ਆਸਾ ਦੇ ਰੰਗ ਸਾਰੇ।
ਹੈ ਨਾਥ ਤੂੰ ਅਨਾਥਾਂ, ਹੈ ਬੇਕਸਾਂ ਸਹਾਰੇ!
ਦਰਦਾਂ ਰਵਾਨਿਆਂ ਦੇ ਦੁਖ ਦੂਰ ਕਰਨਹਾਰੇ!
ਆ ਜਾ, ਹੁਣ ਆ ਜਾ, ਆ ਜਾ, ਹੁਣ ਦੇਰ ਨਾ ਲਗਾਈਓ,
ਹੁਣ ਦੇਰ ਦਾ ਹੈ ਵੇਲਾ ਕਰਨੇ ਦਾ ਨਾ ਪਿਆਰੇ!

(ਸਭ ਹੱਕ ਰਾਖਵੇਂ ਹਨ)
ਗੁਰਪੁਰਬ ਪੋਹ ਸੁਦੀ ਸਪਤਮੀ
੧੯ ਪੋਹ ਸੰ: ਗੁਰ ਨਾਨਕ ਸਾਹਿਬ ੪੮੩,
ਸੰਮਤ ੨੦੦੮ ਬਿ: ਵੀਰਵਾਰ
ਮੁਤਾਬਕ ੩ ਜਨਵਰੀ ੧੯੫੨ ਈ:।
'ਵਜ਼ੀਰ ਹਿੰਦ ਪ੍ਰੈਸ' ਹਾਲ ਬਾਜ਼ਾਰ, ਅੰਮ੍ਰਿਤਸਰ

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੪-੧੨-੫੨

ਪਵਿਤ੍ਰਾਤਮਾ ਜੀਓ

ਸੰਤ ਜੀ ਸੁਖਾਂ ਨਾਲ ਪੁਜ ਗਏ ਹਨ ਆਪ ਜੀ ਦਾ ਸ੍ਰੀ ਗੁਰੂ ਤੇ ਚੜ੍ਹਿਆ ਸਿਹਰਾ ਪੁਜਾ ਤੇ ....................

ਬਹੁਤ ਬਹੁਤ ਥੈਂਕਸ।

ਵਾਹਿਗੁਰੂ ਦੇ ਰੰਗ ਰਤੇ ਰਿਹਾ ਕਰੋ ਹੋਰ ਸਮਾਂ ਇਵੇਂ ਬੀਤਦਾ ਜਾਂਦਾ ਹੈ।

ਜੋ ਛਿਨ ਯਾਦ ਵਿਚ ਬੀਤੇ ਉਤੋਂ ਲੇਖੇ ਪੈਂਦੀ ਹੈ। ਗੁਰੂ ਅੰਗ ਸੰਗ।

ਬਰਖੁਰਦਾਰ ਮਨੋਹਰ ਸਿੰਘ ਜੀ ਨੂੰ ਹਿਤ ਭਰੀ ਅਸੀਸ। ਬਚਿਆਂ ਨੂੰ ਪਯਾਰ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

BOMBAY-1
29-1-1953
C/o. D. J. Punjabi
13, Usha Kiran, Opp C.O.I.

ਪਵਿਤ੍ਰਾਤਮਾ ਜੀਓ

੨੭ ਦਾ ਪਤ੍ਰ ਪਹੁੰਚਾ।
ਸੁਖ ਸਾਂਦ ਵਾਚੀ

ਖੁਸੀ ਹੋਈ ਕਿ ਸਾਰੇ ਵਲ ਸੁਖੀ ਹੋ
ਗੁਰੂ ਅੰਗ ਸੰਗ ਰਹੇ।

ਮੈਂ ਹੁਣ ਬਿਲਕੁਲ ਵਲ ਹਾਂ
ਕਲ ਆਖਰੀ ਲੀੜੇ ਲਤਾਂ ਤੋਂ ਉਤਰ ਗਏ ਹਨ।
ਹੁਣ ਬਿਲਕੁਲ ਸਾਫ ਹਨ। ਤੁਸਾਂ ਦੇ Thanks ਕਰਨ ਦੀ ਲੋੜ ਨਹੀਂ
ਪਰ ਡਾਕਟਰ ਸਾਹਬ ਨੂੰ ਮੇਰੀ ਵਲੋਂ Thanks ਪਹੁੰਚਾ ਦੇਣੀ।

ਜੀਵਨ ਇਨਸਾਨ ਦਾ ਨਾਮ ਨਾਲ ਸਫਲ ਹੁੰਦਾ ਹੈ
ਇਹੋ ਸੈ ਨਾਲ ਜਾਣੇ ਵਾਲੀ ਹੈ
ਇਹੋ ਸੁਰਤ ਨੂੰ ਏਥੇ ਸੁਖੀ ਰਖਦੀ ਹੈ।
ਸੋ ਲਗੇ ਰਿਹਾ ਕਰੋ। ਦੁਇ ਜਣੇ-ਦੰਪਤੀ-ਜੀ ਲਗੇ ਰਿਹਾ ਕਰੋ।

ਅਸੀਸਾਂ ਸਹਿਤ

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੧੬.੪.੫੩

ਪਵਿਤ੍ਰਾਤਮਾ ਜੀਓ

ਪਤ੍ਰ ਪਹੁੰਚਾ

ਸੁਖ ਸਾਂਦ ਵਾਚਕੇ ਸੁਖ ਹੋਇਆ। ਆਪਜੀ ਦੇ ਸ੍ਰੀ ਬਾਲਾ ਸਾਹਿਬ ਜਾਕੇ ਪ੍ਰਸਾਦ ਕਰਾਉਣ ਤੇ ਮੇਰੇ ਲਈ ਅਰਦਾਸ ਕਰਨ ਦਾ ਧਨਯਵਾਦ ਹੈ। ਧੰਨ ਵਾਹਿਗੁਰੂ ਜੀ ਹਨ।

ਬਰਖੁਰਦਾਰ ਮਨੋਹਰ ਸਿੰਘ ਜੀ ਦੀ ਸਰੀਰਕ ਖੇਚਲ ਅਜੇ ਵਲ ਨਹੀਂ ਹੋਈ ਸੁਣਕੇ ਫਿਕਰ ਹੋਇਆ, ਗੁਰੂ ਛੇਤੀ ਵਲ ਕਰੇ। ਆਪਜੀ ਦਾ ਡਾਕਟਰ ਤਾਂ ਬੜਾ ਸਿਆਣਾ ਹੈ। ਆਸ ਹੈ ਝੱਬਦੇ ਵਲ ਕਰ ਲਏਗਾ। ਮੇਰੀ ਵਲੋਂ ਅਸੀਸ ਤੇ ਵਾਹਿਗੁਰੂ ਜੀ ਕੀ ਫਤੇ। ਬਚਿਆਂ ਨੂੰ ਪਯਾਰ। ਗੁਰੂ ਅੰਗ ਸੰਗ ਰਹੇ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਸ੍ਰੀ ਅੰਮ੍ਰਿਤਸਰ
੬.੧੨.੫੩

ਪਵਿਤ੍ਰਾਤਮਾ ਜੀਓ ਜੀ!

ਆਪ ਜੀ ਦਾ ਪਿਆਰ ਭਰਿਆ ਵਧਾਈਆਂ ਦਾ ਸੰਦੇਸ਼ ਪਹੁੰਚਾ, ਜਿਸ ਲਈ ਪਰਮ ਧੰਨਵਾਦ ਹੈ। ਅਤੇ ਸ਼ੁਕਰ ਹੈ ਉਸ ਸਾਈਆਂ ਜੀਉ ਦਾ ਜੋ ਸੁਹਣੇ ਦਿਲਾਂ ਵਿਚ ਬੈਠਕੇ ਪਯਾਰ-ਪ੍ਰੇਰਨਾ ਪਾਉਂਦੇ ਹਨ।

ਆਪ ਜੀ ਦਾ ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੨੯-੧੨-੫੩

ਪਯਾਰੇ ਜੀਓ

ਆਪਦੀ ਘਲੀ ਰਾਣਾ ਸੂਰਤ ਸਿੰਘ ਦੀ ਫਾਈਲ ਪਹੁੰਚੀ ਹੈ ਤੇ ੪੬) ਜੋ ਮੇਰੇ ਦਿਤੇ ਮੇਜਰ ਜੀ ਨੂੰ ਰੁਪਯਾਂ ਵਿਚੋਂ ਬਾਕੀ ਬਚੇ ਆਪਨੇ ਘਲੇ ਹਨ ਪੁਜ ਗਏ ਹਨ। ਬਹੁਤ ਬਹੁਤ ਥੈਂਕਸ।

ਫਾਈਲ ਦੀ ਖਾਸ ਲੋੜ ਨਹੀਂ ਸੀ ਕੇਵਲ ਰਸੀਦਾਂ ਦੀ ਲੋੜ ਸੀ ਕਿ ਕਦੇ I.T. ਦੇ ਕਾਗਜ ਦੇਖਣ ਵਾਲੇ ਮੰਗ ਬੈਠਦੇ ਹਨ। ਤੁਸਾਂ ਜੀ ਨੇ ਸਾਰੀ file ਘਲ ਦਿੱਤੀ ਹੈ, ਥੈਂਕਸ। ਹੋਰ ਸੁਖ ਹੈ। ਗੁਰੂ ਕੀ ਮੇਹਰ ਹੈ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

Panch-Batti
20, Pritam Road,
DEHRADUN (U.P.)
3-5-1954

ਪਵਿਤ੍ਰਾਤਮਾ ਜੀਓ

੨੭ ਦਾ ਪਤ੍ਰ ਪੁਜਾ
ਵਾਚਕੇ ਖੁਸ਼ੀ ਹੋਈ ਕਿ ਆਪ ਦਾ operation ਕਾਮਯਾਬੀ ਨਾਲ ਸਿਰੇ ਚੜਿਆ ਤੇ ਹੁਣ ਆਪਜੀ ਅਪਣੀ normal health ਵਿਚ ਹੋ।

ਇਹ ਮਾਨੋ ਨਵਜੀਵਨ ਹੁੰਦਾ ਹੈ ਸੋ ਹੁਣ ਸਾਈਂ ਅਰਪਣ ਜੀਵਨ ਦਾ ਹਿਸਾ ਵਧੇਰੇ ਲਾਉਣਾ ਚਾਹੀਏ ਜੋ ਆਤਮ ਲਾਹਾ ਵਧਦਾ ਰਹੇ। ਸਾਰੇ ਪਰਵਾਰ ਜੋਗ ਅਸੀਸ- ਨਾਮ ਚਿਤ ਰਹੇ। ਸਤਿ ਸ੍ਰੀ ਅਕਾਲ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

੫-੮-੫੪
ਅੰਮ੍ਰਿਤਸਰ

ਪਵਿਤ੍ਰਾਤਮਾ ਜੀਓ

ਕਲ ਪਤ੍ਰ ਪੁਜ ਗਿਆ ਸੀ। ਸ੍ਰੀ ਗੁਰੂ ਜੀ ਦੀ ਭੇਟ ਹੋਇਆ। ਪ੍ਰਸਾਦ ਦਾ ਛਾਂਦਾ ਅਜ ਪੁਜ ਗਿਆ ਹੈ। ਥੈਂਕਸ। ਅਜ ਸਾਰਿਆਂ ਦੀ....ਲੈ ਕੇ ਭੇਜੀ ਜਿਸ ਵੇਲੇ ਮਾਮਾ ਜੀ ਆਸਣ। ਪਾਠ ਰਖੇ ਤੇ ਭੋਗ ਪਾਏ ਦਾ ਥੈਂਕਸ। ਗੁਰੂ ਅੰਗ ਸੰਗ ਰਹੇ ਤੇ ਹਰ ਪ੍ਰਕਾਰ ਸੁਖੀ ਰਖੇ।

ਬਰਖੁਰਦਾਰ ਮਨੋਹਰ ਸਿੰਘ ਜੀ ਜੋਗ ਅਸੀਸ ਬਚਿਆਂ ਨੂੰ ਪਯਾਰ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

੨੮.੧੦.੫੪
ਅੰਮ੍ਰਤਸਰ ਜੀ

ਪਵਿਤ੍ਰਾਤਮਾ ਜੀਓ

ਤੁਸਾਂ ਜੀ ਦਾ ਖਤ ਪਹੁੰਚਾ। ਸੁਖ ਸਾਂਦ ਵਾਚੀ। ਖੁਸ਼ੀ ਹੋਈ।

ਤੁਸੀ ਅਪਨੇ ਆਨੇ ਦਾ ਸੰਕਲਪ ਅਗੇ ਤੇ ਪਾਓ ਜਦੋਂ ਮੈਂ ਚੰਡੀਗੜ੍ਹ ਹੋ ਆਵਾ। ਅਜ ਕਲ ਹੋਰ ਪ੍ਰਾਹੁਣੇ ਆਏ ਹੋਏ ਹਨ ਤੇ ਹੋਰ ਆ ਰਹੇ ਹਨ।

ਗੁਰੂ ਅੰਗ ਸੰਗ।

ਨਾਮ ਜਪੋ ਤੇ ਸੁਖੀ ਰਹੋ ਸਰਦਾਰ ਜੀ ਨੂੰ ਵਾਹਿਗੁਰੂ ਜੀ ਕੀ ਫਤੇ ਬਚਿਆਂ ਨੂੰ ਪਯਾਰ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

੨੯-੯-੫੫

ਪਵਿਤ੍ਰਾਤਮਾ ਜੀਓ

ਆਪਦੀ ਵਧਾਈ ਤਾਰ ਪੁਜੀ। ਬਹੁਤ ਬਹੁਤ ਥੈਂਕਸ।

ਆਪ ਦੇ ਘਲੇ ਰੁਮਾਲ ਆਦਿਕ ਦਾ ਪਾਰਸਲ ਵੀ ਪਹੁੰਚ ਗਿਆ ਸੀ ਜਿਸ ਲਈ ਧਨਯਵਾਦ ਹੈ।

ਬਰਖੁਰਦਾਰ ਮਨੋਹਰ ਸਿੰਘ ਜੀ ਜੋਗ ਵਾਹਿਗੁਰੂ ਜੀ ਕੀ ਫਤੇ।

ਕਾਕਾ ਜੀ ਜੋਗ ਪਯਾਰ।

ਹਿਤਕਾਰੀ

ਵੀਰ ਸਿੰਘ



www.sikhbookclub.com

( ਅਗਲੇ ੮ ਪੱਤਰ ਉਬਰਾਇ ਪ੍ਰਵਾਰ ਵਲੋਂ
ਪ੍ਰਾਪਤ ਹੋਏ ਹਨ, ਬਹੁਤ ਬਹੁਤ ਧੰਨਵਾਦ )

 www.sikhbookclub.com

60 Lawrence Road, Amritsar
21. 9. 45.

My dear Jito ji

your letter of 13th inst: duly to hand. The parcel of fruits was delivered here on the 19th. Kindly accept my thanks for your taking so much trouble in sending nice fruits from such a great distance.

yours sincerely
Vir Singh

Bibi ji & children arrived here yesterday & have left for Pindi this morning.

 www.sikhbookclub.com

60 Lawrance road, Amritsar
21.9.45

My Dear Jeo Ji

Your letter of 13th inst. duly to hand. The parcel of fruits was delivered here on the 19th. Kindly accept my thanks for your taking so much trouble in sending nice fruits from such a great distance.

Your's sincerely
Vir Singh

Bibi ji & Children arrived here yesterday
& have left for Pindi this morning.


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਡੇਹਰਾਦੂਨ
੬-੧੧-੫੧

ਪਯਾਰੇ ਜੀਓ

ਆਪਦੀ ਅਪਨੇ ਹਥਾਂ ਦੀ ਲਿਖੀ ਚਿਠੀ ਪਹੁੰਚੀ। ਪੜ੍ਹ ਕੇ ਬੜੀ ਖੁਸ਼ੀ ਹੋਈ ਕਿ ਆਪਜੀ ਹੁਣ ਵਲ ਹੋ ਗਏ ਹੋ। ਗੁਰੂ ਮੇਹਰ ਕਰੇ ਜੋ ਕਮਜੋਰੀ ਵੀ ਛੇਤੀ ਠੀਕ ਹੋ ਜਾਵੇ।

ਗੁਰੂ ਅੰਗ ਸੰਗ

ਨਾਮ ਚਿਤ ਰਹੇ

ਸ੍ਰੀ ਬੀਬੀ ਜੀ ਤੇ ਕਾਕਾ ਜੀ ਨੂੰ ਅਸੀਸ। ਨਾਮ ਚਿਤ ਰਹੇ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

੬੦-ਲਾਰੰਸ ਰੋਡ,
ਅੰਮ੍ਰਿਤਸਰ
੧੧.੪.੫੩

ਕ੍ਰਿਪਾਲੂ ਜੀਓ।

ਅਕਾਲ ਪੁਰਖ ਦੇ ਭਾਣੇ ਅੰਦਰ ਬਰਖੁਰਦਾਰ ਗੁਰਬਖਸ਼ ਸਿੰਘ ਜੀ ਘਰਜਾਖੀਏ ਦੇ ਗੁਰੂ ਗੋਦੀ ਜਾ ਬਿਰਾਜਣ ਪਰ ਆਪ ਦਾ ਹਮਦਰਦੀ ਭਰਿਆ ਸੰਦੇਸ਼ ਪੁੱਜਾ ਹੈ। ਆਪ ਜੀ ਦੇ ਇਸ ਪਿਆਰ ਤੇ ਦਿਲੀ ਦਰਦ ਦਾ ਧੰਨਵਾਦ ਹੈ।

ਆਪ ਦਾ ਹਿਤਕਾਰੀ—
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

Pnanch Batti
20, Pritam Road,
DEHRADUN (U.P.)
7-5-1953

ਪਵਿਤ੍ਰਾਮਹ ਜੀਓ

ਆਪ ਦੀਆਂ ਘਲੀਆਂ ਮੁਸੰਮੀਆਂ ਸਾਡੇ ਸ੍ਰੀ ਅੰਮ੍ਰਿਤਸਰੋਂ ਟੁਰਨ ਤੋਂ ਪਹਲੇ ਪੁਜ ਗਈਆਂ ਸਨ। ਚੰਗੀ ਹਾਲਤ ਵਿਚ ਪੁਜੀਆਂ ਹਨ। ਥੈਂਕਸ।

ਅਸੀਂ ਕਲ ਦੇ ਏਥੇ ਆ ਗਏ ਸਾਂ। ਦੋ ਕੁ ਹਫਤੇ ਠਹਰਨੇ ਦਾ ਸੰਕਲਪ ਹੈ।

ਆਸ ਹੈ ਆਪਜੀ ਦੇ ਪ੍ਰਾਣ ਪਤੀ ਜੀ ਰਾਜ਼ੀ ਖੁਸ਼ੀ ਹੋਸਣ ਉਨ੍ਹਾਂ ਨੂੰ ਮੇਰੀ ਅਸੀਰਵਾਦ ਦੇਣੀ ਤੇ ਸਤਿ ਸ੍ਰੀ ਅਕਾਲ ਆਖਣਾ।

ਬਚਿਆਂ ਨੂੰ ਅਸੀਸਾਂ

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਸ੍ਰੀ ਅੰਮ੍ਰਿਤਸਰ
੬.੧੨.੫੩

ਪਿਆਰੇ ਜੀਓ ਜੀ!

ਆਪ ਜੀ ਦਾ ਪਿਆਰ ਭਰਿਆ ਵਧਾਈਆਂ ਦਾ ਸੰਦੇਸ਼ ਪਹੁੰਚਾ, ਜਿਸ ਲਈ ਪਰਮ ਧੰਨਵਾਦ ਹੈ। ਅਤੇ ਸ਼ੁਕਰ ਹੈ ਉਸ ਸਾਈਆਂ ਜੀਓ ਦਾ ਜੋ ਸੁਹਣੇ ਦਿਲਾਂ ਵਿਚ ਬੈਠਕੇ ਪਯਾਰ-ਪ੍ਰੇਰਨਾ ਪਾਉਂਦੇ ਹਨ।

ਆਪ ਜੀ ਦਾ ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੨੦.੭.੫੪

ਪਵਿਤ੍ਰਾਤਮਾ ਜੀਓ

ਪੱਤ੍ਰ ਪਹੁੰਚਾ। ਤੁਸਾਂ ਜੀ ਲਿਖਯਾ ਹੈ ਕਿ ਕਾਕੀ ਦੀ ਕੁੜਮਾਈ (੧੪ ਅਗਸਤ) ਰਖੜੀ ਵਾਲੇ ਦਿਨ ਦੇਣੀ ਹੈ।

ਸੁਖਾਂ ਨਾਲ ਦਿਓ, ਗੁਰੂ ਅੰਗ ਸੰਗ ਹੋਵੇ ਤੇ ਸਾਰੇ ਕਾਰਜ ਸੁਹਣੇ ਕਰੇ।

**ਸਭੇ ਕਾਜ ਸੁਹੇਲੜੇ ਥੀਏ**
**ਗੁਰੁ ਨਾਨਕੁ ਸਤਿਗੁਰੁ ਤੁਠਾ।**

ਆਸ ਹੈ ਆਪਦੇ ਪਤੀ ਜੀ ਸੁਖੀ ਹੋਸਣ, ਨਾਮ ਬਾਣੀ ਵਿਚ ਲਗ ਰਹੇ ਹਨ, ਸ਼ੁਕਰ ਹੈ, ਅਸੀਸ। ਗੁਰੂ ਅੰਗ ਸੰਗ ਹੋਵੇ। ਹੋਰ ਸਾਰੇ ਪਰਵਾਰ ਜੋਗ ਅਸੀਸ।

ਹਿਤਕਾਰੀ
ਵੀਰ ਸਿੰਘ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਡੇਹਰਾਦੂਨ
੨੫-੧੧-੧੯੫੪

ਪਯਾਰੇ ਭਾਈ ਹਰੀ ਦਾਸ ਜੀ ਤੇ
ਸ੍ਰੀ ਸਤਕਾਰ ਜੋਗ ਮੋਤੀਆ ਜੀਓ

ਪਤ੍ਰ ਪਹੁੰਚੇ। ਮੈਂ ਅਜਕਲ ਏਥੇ ਹਾਂ ਤੇ ਹੁਣ ਅੰਮ੍ਰਿਤਸਰ ਜੀ ਚਲੇ ਹਾਂ।

ਵਾਹਿਗੁਰੂ ਆਪਦਾ ਸਹਾਈ ਹੋਵੇ ਸਾਰੇ ਕਾਰਜ ਰਾਸ ਕਰੇ ਤੇ ਬਰਕਤਾਂ ਪਾਵੇ।

ਅਸੀਸ ਸਹਿਤ

ਆਪ ਦਾ
ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਅੰਮ੍ਰਿਤਸਰ
੨.੧੨.੫੫

ਪਯਾਰੇ ਸ੍ਰੀ ਹਰੀਦਾਸ ਜੀਓ ਤੇ
ਸਤਕਾਰ ਜੋਗ ਸ੍ਰੀ ਮੋਤੀਆ ਜੀਓ

ਆਪਦੇ ਪਤ੍ਰ ਪਹੁੰਚੇ

ਬਰਖੁਰਦਾਰ ਜੀ ਦੇ ਅਮ੍ਰੀਕਾ ਤਾਲੀਮ ਵਾਸਤੇ ਜਾਣ ਦੀ ਖਬਰ ਵਾਚੀ। ਇਹ.....ਤੇ ਦੇਸ ਤਾਲੀਮ ਲਈ ਬਹੁਤ ਚੰਗਾ ਹੈ।

ਗੁਰੂ ਸਚਾ ਪਾਤਸਾਹ ਮੇਹਰ ਕਰੇ ਕਾਕਾ ਵਿਦਯਾ ਪਾਕੇ ਕਾਮਯਾਬ ਹੋਕੇ ਸੁਖਾਂ ਨਾਲ ਅਪਨੇ ਗ੍ਰਿਹਿ ਵਾਪਸ ਆਵੇ ਤੇ ਆਪ ਨੂੰ ਸੁਖ ਦੇਵੇ।

ਗੁਰੂ ਅੰਗ ਸੰਗ ਰਹੇ
ਨਾਮ ਦਾ ਰੰਗ ਲਗਾ ਰਹੇ।

ਹਿਤਕਾਰੀ
ਵੀਰ ਸਿੰਘ


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

੯੦, ਲਾਰੰਸ ਰੋਡ,
ਅੰਮ੍ਰਿਤਸਰ
੧੩-੬-੫੭

ਪਵਿਤ੍ਰ ਆਤਮਾ ਜੀਓ,

ਸਾਡੇ ਪਰਮ ਪੂਜਨੀਕ, ਪੰਥ ਦੇ ਸਤਿਕਾਰ ਯੋਗ ਰਤਨ, ਗੁਰੂ ਪਿਆਰੇ ਸ਼੍ਰੋਮਣੀ ਸੇਵਕ ਸ਼੍ਰੀ ਮਾਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਪਦਮ ਭੂਸ਼ਨ, ੧੦ ਜੂਨ ੧੯੫੭ ਦੀ ਸ਼ਾਮ ਨੂੰ ਸਾਢੇ ਚਾਰ ਬਜੇ ਦੇ ਆਸ-ਪਾਸ ਆਪਣਾ ਪੰਚਭੌਤਕ ਸਰੀਰ ਛੋੜਕੇ ਆਪਣੀ ਨਾਮ ਰੱਤੀ ਆਤਮਾਂ ਨੂੰ ਲੈਕੇ ਗੁਰੂ ਗੋਦੀ ਵਿਚ ਜਾ ਬਿਰਾਜੇ ਹਨ: **'ਗੁਰਮੁਖਿ ਆਵੈ ਜਾਇ ਨਿਸੰਗੁ'।**

ਆਪ ਜੀ ਦੀ ਪਿਆਰ ਭਰੀ ਯਾਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਗੁਰਮਤ ਰੀਤੀ ਅਨੁਸਾਰ ਉਨ੍ਹਾਂ ਦੇ ਨਿਵਾਸ ਅਸਥਾਨ, ਕੋਠੀ ਨੰ: ੯੦, ਲਾਰੰਸ ਰੋਡ, ਵਿਖੇ ੧੯ ਜੂਨ ੧੯੫੭ ਬੁਧਵਾਰ ਨੂੰ ਸ਼ਾਮ ਦੇ ੫ ਤੋਂ ੭ ਦੇ ਵਿਚਕਾਰ ਪਵੇਗਾ।

ਆਯੂ ਪ੍ਰਯੰਤ ਗੁਰੂ ਸੇਵਾ ਹਿਤ ਘਾਲੀ ਆਪ ਦੀ ਘਾਲ ਨੇ ਦੂਰ ਨੇੜੇ ਸਮੁਚੀ ਸਿਖ ਕੌਮ ਵਿਚ ਆਪ ਲਈ ਪਿਆਰ ਤੇ ਸਤਿਕਾਰ ਪੈਦਾ ਕੀਤਾ ਹੋਇਆ ਹੈ, ਸੰਭਵ ਨਹੀਂ ਕਿ ਅਸੀਂ ਸਾਰੇ ਸਰੀਰਕ ਤੌਰ ਤੇ ਇਸ ਅਵਸਰ ਤੇ ਇਥੇ ਇਕੱਠੇ ਹੋ ਸਕੀਏ, ਪਰ ਆਤਮਕ ਤੌਰ ਤੇ ਅਸੀਂ ਹਰ ਥਾਵੇਂ ਇਸ ਸਮੇਂ ਜੁੜ ਸਕਦੇ ਹਾਂ, ਜੇ ਆਪੋ ਆਪਣੇ ਟਿਕਾਣੇ, ਥਾਂ ਪਰ ਥਾਂ, ਗੁਰੂਧਾਮਾਂ ਵਿਚ ਯਾ ਆਪਣੇ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਧਾਰਣ ਯਾ ਅਖੰਡਪਾਠ ਕਰਕੇ ਯਾ ਗੁਰੂ ਹਜ਼ੂਰੀ ਵਿਚ ਗੁਰੂ ਹੁਕਮ ਲੈ ਕੇ ਹੀ ਇਸੇ ਦਿਨ ਇਸੇ ਸਮੇਂ ਉਨ੍ਹਾਂ ਦੀ ਪਿਆਰ ਭਰੀ ਯਾਦ ਵਿਚ ਪਿਆਰ ਵਲਵਲੇ ਤੇ ਸ਼ਰਧਾਂਜਲੀਆਂ ਭੇਟ ਕਰੀਏ ਤੇ ਪਿਆਰ ਭਿੱਜੇ ਹਿਰਦਿਆਂ ਨਾਲ ਅਰਦਾਸੇ ਸੋਧੀਏ।

ਆਪ ਜੀ ਦਾ ਹਿਤਕਾਰੀ-
ਬਲਬੀਰ ਸਿੰਘ

R.S.V.P.
ਜਗਜੀਤ ਸਿੰਘ, ਐਮ.ਏ.
੯੦, ਲਾਰੰਸ ਰੋਡ, ਅੰਮ੍ਰਿਤਸਰ


www.sikhbookclub.com

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

੬੦, ਲਾਰੰਸ ਰੋਡ,
ਅੰਮ੍ਰਿਤਸਰ

ਪਵਿੱਤ੍ਰ ਆਤਮਾ ਜੀਓ,

ਸ੍ਰੀ ਪੂਜਯ ਪਿਤਾ,ਸ੍ਰੀਮਾਨ ਭਾਈ ਸਾਹਿਬ ਡਾਕਟਰ ਵੀਰ ਸਿੰਘਜੀ ਦੇ ਗੁਰਪੁਰੀ ਗਮਨ ਦੇ ਵਿਛੋੜੇ ਦੇ ਸਦਮੇ ਪਰ ਆਪ ਜੀ ਦਾ ਹਮਦਰਦੀ ਭਰਿਆ ਸੰਦੇਸ਼ ਪਹੁੰਚਾ। ਸਤਿਕਾਰ ਯੋਗ ਭਾਈ ਸਾਹਿਬ ਜੀ ਦਾ ਵਿਛੋੜਾ ਨਿਰਸੰਸੇ ਇਕ ਮਹਾਨ ਪੰਥਕ ਘਾਟਾ ਹੈ ਤੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਮੈਂ ਸਾਰੇ ਪਰਵਾਰ ਵਲੋਂ ਤੇ ਅਪਣੀ ਵਲੋਂ ਆਪ ਜੀ ਦੇ ਪਿਆਰ ਵਲਵਲਿਆਂ ਦਾ ਧੰਨਵਾਦੀ ਹਾਂ ਤੇ ਇਸ ਸਦਮੇ ਵਿਚ ਭੇਜੀ ਹਮਦਰਦੀ ਦਾ ਰਿਣੀ ਹਾਂ।

ਆਪ ਜੀ ਦਾ ਹਿਤਕਾਰੀ–
ਬਲਬੀਰ ਸਿੰਘ


www.sikhbookclub.com